# ਪਰਵਾਸੀ ਜੀਵਨ ਦਾ ਬਿਰਤਾਂਤਕਾਰ: ਜਰਨੈਲ ਸਿੰਘ ਸੇਖਾ

(ਦੁਨੀਆ ਕੈਸੀ ਹੋਈ, ਭਗੌੜਾ, ਵਿਗੋਚਾ ਅਤੇ ਬੇਗਾਨੇ ਨਾਵਲਾਂ ਦੇ ਸੰਦਰਭ'ਚ)

## Parvasi Jivan da Birtantkar: Jarnail Singh Sekha

**(Dunya Kaisy Hoee, Bhagaura, Vigocha ate Begane Novels de Sandarbh 'ch)**

**Tejinder Kaur**

**M. Phil. Student**

**Regd. No. 11412867**

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ
ਐਮ.ਫ਼ਿਲ. (ਪੰਜਾਬੀ) ਦੀ ਡਿਗਰੀ ਦੇ ਇੱਕ
ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ
ਖੋਜ-ਪ੍ਰਬੰਧ

ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

2015

# ਘੋਸ਼ਣਾ-ਪੱਤਰ

ਮੈਂ ਤੇਜਿੰਦਰ ਕੌਰ ਇਹ ਬਿਆਨ ਕਰਦੀ ਹਾਂ ਕਿ 'ਪਰਵਾਸੀ ਜੀਵਨ ਦਾ ਬਿਰਤਾਂਤਕਾਰ ਜਰਨੈਲ ਸਿੰਘ ਸੇਖਾ (ਦੁਨੀਆ ਕੈਸੀ ਹੋਈ, ਬੇਗਾਨੇ, ਭਗੌੜਾ, ਵਿਗੋਚਾ ਨਾਵਲਾਂ ਦੇ ਸੰਦਰਭ 'ਚ) ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਜਿਸ ਲਈ ਕਿਸੇ ਹੋਰ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

ਤੇਜਿੰਦਰ ਕੌਰ

ਰਜਿ.ਨੰਬਰ 11412867

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਤੇਜਿੰਦਰ ਕੌਰ ਨੇ ਪਰਵਾਸੀ ਜੀਵਨ ਦਾ ਬਿਰਤਾਂਤਕਾਰ ਜਰਨੈਲ ਸਿੰਘ ਸੇਖਾ (ਦੁਨੀਆ ਕੈਸੀ ਹੋਈ, ਬੇਗਾਨੇ, ਭਗੌੜਾ, ਵਿਗੋਚਾ ਨਾਵਲ ਦੇ ਸੰਦਰਭ 'ਚ) ਵਿਸ਼ੇ ਉੱਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ.........

ਨਿਗਰਾਨ

ਡਾ. ਅਵਤਾਰ ਸਿੰਘ,
ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ,
ਫਗਵਾੜਾ(ਪੰਜਾਬ)

# ਤਤਕਰਾ


ਭੂਮਿਕਾ iv-vii

ਅਧਿਆਇ ਪਹਿਲਾ 1-32

ਜਰਨੈਲ ਸਿੰਘ ਸੇਖਾ ਦਾ ਜੀਵਨ ਅਤੇ ਨਾਵਲ ਦਾ ਸਿਧਾਂਤਕ ਪਰਿਪੇਖ

ਅਧਿਆਇ-ਦੂਜਾ 33-55

ਜਰਨੈਲ ਸਿੰਘ ਦੇ ਨਾਵਲਾਂ ਦੇ ਪ੍ਰਮੁੱਖ ਸਰੋਕਾਰ

ਅਧਿਆਇ-ਤੀਜਾ 56-70

ਜਰਨੈਲ ਸਿੰਘ ਦੇ ਨਾਵਲਾਂ ਦੇ ਕਲਾਤਮਕ ਸਰੋਕਾਰ

ਅਧਿਆਇ-ਚੌਥਾ 71-82

ਜਰਨੈਲ ਸਿੰਘ ਦੇ ਨਾਵਲਾਂ ਵਿਚ ਪਰਵਾਸੀ ਜੀਵਨ ਬਿਰਤਾਂਤ

ਸਥਾਪਨਾਵਾਂ ਤੇ ਸਿੱਟੇ 83-86

ਨਿੱਜੀ ਮੁਲਾਕਾਤ 87-92

ਪੁਸਤਕ ਸੂਚੀ 93-94

# ਭੂਮਿਕਾ

ਜਰਨੈਲ ਸਿੰਘ ਇਕ ਪ੍ਰਤਿਭਾਵਾਨ ਨਾਵਲਕਾਰ ਹੈ। ਉਹਨਾਂ ਨੇ ਪਹਿਲਾਂ ਕਵਿਤਾਵਾਂ, ਕਹਾਣੀਆਂ ਵੀ ਲਿਖਿਆਂ ਪਰ ਉਹਨਾਂ ਦਾ ਹੁਣ ਰੁਝਾਨ ਨਾਵਲ ਦੇ ਖੇਤਰ ਵਿਚ ਹੈ ਅਤੇ ਉਹ ਇਕ ਨਾਵਲਕਾਰ ਵਜੋਂ ਜਾਣੇ ਜਾਂਦੇ ਹਨ। ਉਹ ਸੱਭਿਆਚਾਰਕ ਸੰਸਥਾਵਾਂ ਦੇ ਮੈਂਬਰ ਵੀ ਹਨ। ਜਰਨੈਲ ਸਿੰਘ ਨੇ ਹੁਣ ਤੱਕ ਚਾਰ ਨਾਵਲ-ਦੁਨੀਆ ਕੈਸੀ ਹੋਈ, ਭਗੌੜਾ, ਵਿਗੋਚਾ ਅਤੇ ਬੇਗਾਨੇ, ਲਿਖੇ ਹਨ। ਜਰਨੈਲ ਸਿੰਘ ਸੇਖਾ ਇਕ ਸੁਲਝਿਆ ਹੋਇਆ ਨਾਵਲਕਾਰ ਹੈ ਜਿਸ ਨੇ ਪਰਵਾਸ ਦੇ ਹਰ ਪੱਖ ਨੂੰ ਬਿਆਨ ਕਰਕੇ ਸਾਹਿਤ ਵਿਚ ਅਨਮੁੱਲਾ ਵਾਧਾ ਕੀਤਾ ਹੈ। ਜਰਨੈਲ ਸਿੰਘ ਸੇਖਾ ਇਕ ਵਧੀਆਂ ਨਾਵਲਕਾਰ ਹਨ ਪਰ ਉਹਨਾਂ ਨੇ ਆਪਣੇ ਮੁੱਢਲੇ ਸਮੇਂ ਵਿਚ ਕਹਾਣੀਆਂ ਤੇ ਕਾਵਿ ਸੰਗ੍ਰਹਿ, ਮਿੰਨੀ ਕਹਾਣੀਆ ਵੀ ਲਿਖੀਆਂ। ਉਹਨਾਂ ਦੀਆਂ ਪ੍ਰਮੁੱਖ ਕਹਾਣੀ-ਰਚਨਾਵਾਂ-ਢੰਗੂਰ, ਅਣੂ, ਉਦਾਸੇ ਬੋਲ, ਮੰਚ ਕਥਾ, ਮੰਚ ਵਾਰਤਾ, ਸੁਰ ਸੰਗਮ, ਸਾਂਝੀਆਂ ਤੰਦਾਂ ਆਦਿ ਹਨ। ਹਥਲੇ ਖੋਜ-ਕਾਰਜ ਵਿਚ ਜਰਨੈਲ ਸਿੰਘ ਦੇ ਚਾਰ ਨਾਵਲਾਂ ਨੂੰ ਅਧਿਐਨ ਦਾ ਕੇਂਦਰ ਮਿਥਿਆ ਗਿਆ ਹੈ। ਖੋਜ-ਕਾਰਜ ਨੂੰ ਸਹੀ ਦਿਸ਼ਾ ਦੇਣ ਲਈ ਇਸਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਜਰਨੈਲ ਸਿੰਘ ਦਾ ਜੀਵਨ ਤੇ ਨਾਵਲ ਦਾ ਸਿਧਾਂਤਕ ਪੱਖ ਬਿਆਨ ਕੀਤਾ ਹੈ। ਇਸ ਵਿਚ ਨਾਵਲ ਦੇ ਇਤਿਹਾਸ ਤੇ ਨਾਵਲ ਦੀਆਂ ਪ੍ਰਵਿਰਤੀਆਂ ਤੇ ਜਰਨੈਲ ਸਿੰਘ ਸੇਖਾ ਦੇ ਜੀਵਨ ਦੇ ਬਾਰੇ ਨਿੱਠ ਕੇ ਚਰਚਾ ਕੀਤੀ ਹੈ। ਇਸ ਵਿਚ ਉਹਨਾਂ ਦੀਆਂ ਰਚਨਾਵਾਂ ਤੇ ਸਾਹਿਤ ਨੂੰ ਯੋਗਦਾਨ ਬਾਰੇ ਵੀ ਬਿਆਨ ਕੀਤਾ ਹੈ। ਦੂਜੇ ਅਧਿਆਇ ਵਿਚ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਸਮਾਜ ਸੱਭਿਆਚਾਰਕ ਸਰੋਕਾਰਾਂ ਨੂੰ ਬਿਆਨ ਕੀਤਾ ਹੈ। ਤੀਜੇ ਅਧਿਆਇ ਵਿਚ ਜਰਨੈਲ ਸਿੰਘ ਦੇ ਨਾਵਲਾਂ ਦੇ ਆਰਥਕ-ਰਾਜਨੀਤਕ ਸਰੋਕਾਰਾਂ ਨੂੰ ਅਧਿਐਨ ਦਾ ਕੇਂਦਰ ਮਿੱਥ ਕੇ ਮਜ਼ਬੂਰੀ ਵੱਸ ਪਰਵਾਸ ਧਾਰਨ ਕਰਨਾ, ਆਰਥਕ ਮਜ਼ਬੂਰੀ ਕਾਰਨ ਟੁੱਟਦੇ ਰਿਸ਼ਤੇ, ਪੈਸੇ ਦੀ ਪ੍ਰਧਾਨਤਾ, ਆਰਥਕ ਲੁੱਟ-ਖਸੁੱਟ, ਪੁਲਿਸ ’ਤੇ ਰਾਜਨੀਤਕ ਪ੍ਰਭਾਵ, ਪੁਲਿਸ ਦੀਆਂ ਵਧੀਕੀਆਂ, ਪੁਲੀਸ ਵੱਲੋਂ ਸਤਾਏ ਮੁੰਡਿਆਂ ਦੇ ਜੀਵਨ ਦੀ ਪੇਸ਼ਕਾਰੀ, ਮਨੁੱਖੀ ਸਮਗਲਿੰਗ ਆਦਿ ਨੂੰ ਬਿਆਨ ਕੀਤਾ ਗਿਆ ਹੈ। ਖੋਜ ਕਾਰਜ ਦੇ ਚੌਥੇ ਅਧਿਆਇ ਵਿਚ ਨਾਵਲ ਦੇ ਕਲਾ-ਪੱਖ ਨੂੰ ਬਿਆਨ ਕੀਤਾ ਗਿਆ ਹੈ ਇਸ ਵਿਚ ਨਾਵਲਾਂ ਨੂੰ ਵਿਸ਼ੇ, ਬੋਲੀ, ਸ਼ੈਲੀ, ਬਿਰਤਾਂਤ ਆਦਿ ਦੀ ਦ੍ਰਿਸ਼ਟੀ ਤੋਂ ਪਰਖਣ ਦਾ ਯਤਨ ਕੀਤਾ ਗਿਆ ਹੈ। ਪੰਜਵੇਂ ਅਧਿਆਇ ਇਹ ਪਰਖਣ ਦਾ ਯਤਨ ਕੀਤਾ ਗਿਆ ਹੈ ਕਿ ਨਾਵਲਕਾਰ ਨੇ ਪਰਵਾਸੀ ਜੀਵਨ ਬਿਰਤਾਂਤ ਦੀ ਪੇਸ਼ਕਾਰੀ ਕਿਸ ਪ੍ਰਕਾਰ ਕੀਤੀ ਹੈ।

**ਖੋਜ-ਕਾਰਜ ਦਾ ਖੇਤਰ-** ਹਥਲੇ ਖੋਜ-ਕਾਰਜ ਲਈ ਪਰਵਾਸੀ ਜੀਵਨ ਦਾ ਬਿਰਤਾਂਤਕਾਰ-ਜਰਨੈਲ ਸਿੰਘ ਸੇਖਾ ਵਿਸ਼ੇ ਦੀ ਚੋਣ ਕੀਤੀ ਗਈ ਹੈ ਅਤੇ ਇਸਨੂੰ ਜਰਨੈਲ ਸਿੰਘ ਦੇ ਚਾਰਾਂ ਹੀ ਨਾਵਲਾਂ 'ਤੇ ਕੇਂਦ੍ਰਿਤ ਕੀਤਾ ਗਿਆ ਹੈ। ਇਹ ਸੀਮਾ ਐਮ.ਫ਼ਿਲ ਡਿਗਰੀ ਲਈ ਮਿਲਦੇ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਅਤਿ ਜਰੂਰੀ ਸੀ। ਇਸ ਪ੍ਰਕਾਰ ਖੋਜ-ਕਾਰਜ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਵਿਚੋਂ ਪ੍ਰਾਪਤ ਹੋ ਰਹੇ ਪਰਵਾਸੀ ਅਨੁਭਵ ਨੂੰ ਗ੍ਰਹਿਣ ਕਰਨ ਤੱਕ ਹੀ ਸੀਮਤ ਕੀਤਾ ਗਿਆ ਹੈ।

**ਉਦੇਸ਼:** ਹਰ ਕੰਮ ਪਿੱਛੇ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼ ਤੋਂ ਬਿਨਾਂ ਕੋਈ ਵੀ ਕੰਮ ਸੁਚਾਰੂ ਰੂਪ ਵਿੱਚ ਨੇਪਰੇ ਨਹੀਂ ਚੜ੍ਹ ਸਕਦਾ। ਇਸੇ ਲਈ ਹਥਲੇ ਖੋਜ-ਕਾਰਜ ਪਿੱਛੇ ਵੀ ਕੁਝ ਉਦੇਸ਼ ਕਾਰਜਸ਼ੀਲ ਹਨ-

1. ਜਰਨੈਲ ਸਿੰਘ ਸੇਖਾ ਦੇ ਨਾਵਲਾਂ ਵਿੱਚ ਪੇਸ਼ ਪਰਵਾਸੀ ਜੀਵਨ ਦੇ ਵਿਭਿੰਨ ਪਰਿਪੇਖਾਂ ਬਾਰੇ ਜਾਣਕਾਰੀ ਦੇਣੀ।
2. ਪਰਵਾਸੀ ਸਮਾਜ ਵਿੱਚ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਦੇ ਕਾਰਨਾਂ ਦੀ ਤਲਾਸ਼ ਕਰਨੀ।
3. ਪਰਵਾਸੀਆਂ ਦੀਆਂ ਮਾਨਸਿਕ ਦੁਵਿਧਾਵਾਂ ਦੇ ਕਾਰਨ ਤਲਾਸ਼ਣੇ।
4. ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦਾ ਪੰਜਾਬੀ ਸਾਹਿਤ ਵਿਚ ਸਥਾਨ ਨਿਰਧਾਰਤ ਕਰਨਾ

**ਖੋਜ-ਵਿਧੀ**:- ਸੰਬੰਧਿਤ ਵਿਸ਼ੇ ਵਿਚ ਤਰਕਵਾਦੀ ਖੋਜ ਵਿਧੀ ਵਰਤੀ ਜਾਵੇਗੀ ਕਿਉਂਕਿ ਕਿਸੇ ਵੀ ਕੰਮ ਨੂੰ ਕਰਨ ਲਈ ਉਸ ਵਿਚ ਕੋਈ ਨਾ ਕੋਈ ਵਿਧੀ ਵਰਤੀ ਹੀ ਜਾਂਦੀ ਹੈ ਅਤੇ ਉਸ ਵਿਧੀ ਅਨੁਸਾਰ ਹੀ ਵਿਸ਼ੇ ਨੂੰ ਅੱਗੇ ਵਧਾਇਆ ਜਾਂਦਾ ਹੈ। ਹਰ ਵਿਸ਼ੇ ਲਈ ਅਲੱਗ-ਅਲੱਗ ਵਿਧੀ ਵਰਤੀ ਜਾਂਦੀ ਹੈ ਅਤੇ ਇਕ ਵਿਸ਼ੇ ਉਪਰ ਇਕ ਜਾਂ ਇੱਕ ਤੋਂ ਵੱਧ ਵਿਧੀਆਂ ਵੀ ਵਰਤੀਆਂ ਜਾ ਸਕਦੀਆਂ ਹਨ। ਪੰਜਾਬੀ ਸਾਹਿਤ ਦੇ ਅਧਿਐਨ ਲਈ ਵਰਤੀਆਂ ਜਾਦੀਆਂ ਪ੍ਰਮੁੱਖ ਵਿਧੀਆਂ ਹਨ-ਫੁਰਨਾਵਾਦੀ ਵਿਧੀ, ਪ੍ਰਾਧਿਕਾਰਵਾਦੀ ਵਿਧੀ, ਸੰਦੇਹਵਾਦੀ ਵਿਧੀ, ਤਰਕਵਾਦੀ ਵਿਧੀ ਆਦਿ। ਇਸ ਖੋਜ-ਕਾਰਜ ਵਿਚ ਤਰਕਵਾਦੀ ਵਿਧੀ ਦੇ ਨਾਲ-ਨਾਲ ਮਨੋਵਿਸ਼ਲੇਸ਼ਣੀ ਪ੍ਰਵਿਧੀ ਦੀ ਵਰਤੋਂ ਵੀ ਕੀਤੀ ਜਾਵੇਗੀ। ਤਰਕਵਾਦੀ ਵਿਧੀ ਤਰਕ ਵਿਤਰਕ ਦੇ ਆਸਰੇ ਚਲਦੀ ਹੈ। ਇਕ ਜਾਂ ਵੱਧ ਕਥਨਾਂ ਜਾਂ ਸਿੱਟਿਆਂ ਤੇ ਅਪੜਨਾ ਤਰਕਵਾਦ ਹੈ। ਗਿਆਨ-ਚੀਨਣ ਦਾ ਇਹ ਢੰਗ ਅਗੋਂ ਦੋ ਵਿਧੀਆਂ ਵਿਚ ਵੰਡਿਆ ਜਾਂਦਾ ਹੈ। ਨਿਗਮਨਾਤਮਕ ਅਤੇ ਆਗਮਨਾਤਮਕ। ਦੋਵੇ (logic) ਦੇ ਮਹੱਤਵਪੂਰਣ ਅੰਗ ਹਨ। ਇਸ ਖੋਜ-ਕਾਰਜ

ਵਿੱਚ ਆਗਮਨਾਤਮਕ ਵਿਧੀ ਦੀ ਵਰਤੋਂ ਕੀਤੀ ਜਾਵੇਗੀ। ਚਿੰਤਨ ਦੀ ਆਗਮਨਾਤਮਕ ਵਿਧੀ ਨੂੰ ਬੜ੍ਹਾਵਾ ਪੁਰਾਤਨ ਸਮੇਂ ਦੇ ਅਰਸ਼ਿਮੀਦਸ ਫ੍ਰਾਂਸਿਸ ਬੇਕਨ ਤੇ ਸਰ ਆਈਜ਼ਕ ਨਿਊਟਨ ਦੇ ਹੱਥੋਂ ਮਿਲਿਆ। ਉਨ੍ਹਾਂ ਨੇ ਯੁਕਤੀਵਾਦੀ ਵਿਧੀ ਉੱਤੇ ਸੰਦੇਹ ਪ੍ਰਗਟਾਇਆ ਅਤੇ ਹਰੇਕ ਨਿਰਨੇ ਨੂੰ ਆਪ ਪੜਤਾਲਣ ਤੇ ਸਿੱਧ ਕਰਨ ਉੱਤੇ ਜ਼ੋਰ ਦਿੱਤਾ। ਉਨ੍ਹਾਂ ਦਾ ਤਰੀਕਾ ਘਟਨਾ ਦੇ ਬਾਰ ਬਾਰ ਘੋਖਵੇਂ ਪ੍ਰਤੱਖਣ, ਉਸ ਵਿਚ ਨਿਹਿਤ ਨਿਗਮ ਦੇ ਵਿਸ਼ਲੇਸ਼ਣ ਤੇ ਉਸ ਨੂੰ ਫਿਰ ਸਰਬ ਸਾਂਝੇ ਰੂਪ ਵਿਚ ਬੰਨ੍ਹਣ ਦਾ ਸੀ। ਇਸੇ ਸੋਚ ਨੇ ਅਜੋਕੀ ਵਿਗਿਆਨਕ ਵਿਧੀ ਨੂੰ ਜਨਮ ਦਿੱਤਾ। ਵਿਗਿਆਨਕ ਯੁੱਗ ਤੇ ਵਿਗਿਆਨਕ ਆਵਿਸ਼ਕਾਰਾਂ ਦਾ ਮੁੱਢ ਇਸੇ ਨਾਲ ਬੱਝਾ। ਵਿਗਿਆਨਕ ਵਿਧੀ ਨਿਪਟ ਅਗਮਨਾਤਮਕ ਸੋਚ ਪ੍ਰਣਾਲੀ ਉੱਤੇ ਆਧਾਰਿਤ ਨਹੀਂ ਸਗੋਂ ਆਗਮਨਾਤਮਕ ਪ੍ਰਣਾਲੀ ਦੁਆਰਾ ਹਾਸਲ ਹੋਏ ਸਿੱਟਿਆਂ ਦੀ ਪੜਤਾਲ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਪ੍ਰਤੱਖਣ, ਵਿਸ਼ਲੇਸ਼ਣ, ਸੰਸਲੇਸ਼ਣ ਅਤੇ ਪਰੀਖਣ ਜਾਂ ਪੜਤਾਲ ਇਸ ਵਿਧੀ ਦੇ ਪ੍ਰਧਾਨ ਅੰਗ ਹਨ। ਇਹ ਵਿਧੀ ਉਤਸੁਕਤਾ ਰੱਖਣ ਵਾਲੇ ਖੋਜਕਾਰ ਨੂੰ ਪ੍ਰਾਕ੍ਰਿਤਿਕ ਜਗਤ ਵਿਚ ਵਾਪਰਦੀਆਂ ਘਟਨਾਵਾਂ ਦਾ ਪ੍ਰੱਤਖਣ ਕਰਨ, ਉਨ੍ਹਾਂ ਨੂੰ ਅਜਿਹੇ ਹੀ ਵਾਤਾਵਰਣ ਵਿਚ, ਉਜੇਹੀ ਹੀ ਸਥਿਤੀ ਵਿਚ, ਪ੍ਰਯੋਗਸ਼ਾਲਾ ਵਿਚ ਦੁਹਰਾਏ ਤੇ ਮੁੜ ਲਿਖੇ ਜਾਣ ਅਤੇ ਫਲਸਰੂਪ ਉਨ੍ਹਾਂ ਦੀ ਤਹਿ ਵਿਚ ਕੰਮ ਕਰਦੇ ਨਿਯਮ ਲੱਭਣ ਦੇ ਯੋਗ ਬਣਾਉਂਦੀ ਹੈ। ਮੱਨੁਖੀ ਇੰਦ੍ਰੀਆਂ ਦੁਆਰਾ ਪ੍ਰਾਪਤ ਗਿਆਨ ਸਭ ਨਾਲੋਂ ਵੱਧ ਭਰੋਸੇ ਯੋਗ ਹੁੰਦਾ ਹੈ।

**ਪੂਰਵ ਖੋਜ-ਕਾਰਜ:**

1. ਦਲਜੀਤ ਕੌਰ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 200-2001, ਵਿਚ ਐਮ.ਫਿਲ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਖੋਜ-ਨਿਬੰਧ, ਦੁਨੀਆ ਕੈਸੀ ਹੋਈ ਨਾਵਲ ਵਿਚ ਪਰਵਾਸੀ ਖੇਤ ਮਜ਼ਦੂਰਾਂ ਦਾ ਯਥਾਰਥ ਚਿਤਰਨ, ਇਸ ਵਿਚ ਪਰਵਾਸ ਵਿਚ ਮਜ਼ਦੂਰਾਂ ਦੀ ਹਾਲਤ ਨੂੰ ਬਿਆਨ ਕੀਤਾ ਗਿਆ ਹੈ।
2. ਹਰਜੀਤ ਸਿੰਘ ਗਿੱਲ ਵਲੋਂ ਕੁਰਕੁਸ਼ੇਤਰ ਯੂਨੀਵਰਸਿਟੀ ਵਿਚ ਪੀ-ਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ ਖੋਜ-ਪ੍ਰਬੰਧ ਪੰਜਾਬੀ ਨਾਵਲ ਵਿਚ ਸੱਭਿਆਚਾਰ ਤਣਾਅ, ਦੋ ਸੱਭਿਆਚਰਾਂ ਦੇ ਤਣਾਉ ਵਿਚ ਫਸੇ ਹੋਏ ਮਨੁੱਖ ਦੀ ਗੱਲ ਕੀਤੀ ਹੈ ਅਤੇ ਸੱਭਿਅਚਾਰ ਤਣਾਅ ਦੇ ਵਿੰਭਿੰਨ ਪਸਾਰਾਂ ਨੂੰ ਪੇਸ਼ ਕੀਤਾ ਹੈ।

3. ਲਖਵਿੰਦਰ ਕੌਰ ਵੱਲੋਂ ਗੁਰੂ ਨਾਨਕ ਯੂਨੀਵਰਸਿਟੀ ਵਿਚ ਐਮ.ਫਿਲ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਖੋਜ-ਨਿਬੰਧ, ਜਰਨੈਲ ਸਿੰਘ ਸੇਖਾ ਦੇ ਨਾਵਲ ਭਗੌੜਾ ਦਾ ਪਾਠ ਵਿਸ਼ਲੇਸ਼ਣ, ਇਸ ਵਿਚ ਭਗੌੜਾ ਨਾਵਲ ਦੇ ਬਾਰੇ ਬਿਆਨ ਕੀਤਾ ਗਿਆ ਹੈ।

ਮੈਂ ਸਭ ਤੋਂ ਪਹਿਲਾ ਉਸ ਪ੍ਰਮਾਤਮਾ ਦਾ ਧੰਨਵਾਦ ਕਰਦੀ ਹੈ ਜਿਸ ਨੇ ਮੈਨੂੰ ਇਹ ਕੰਮ ਕਰਨ ਦਾ ਮੌਕਾ ਦਿੱਤਾ। ਫਿਰ ਆਪਣੇ ਨਿਗਰਾਨ ਡਾ.ਅਵਤਾਰ ਸਿੰਘ ਦੀ ਬਹੁਤ ਧੰਨਵਾਦੀ ਹੈ ਜਿਹਨਾਂ ਨੇ ਸਮੇਂ-ਸਮੇਂ ਤੇ ਦਿਸ਼ਾ-ਨਿਰਦੇਸ਼ ਦੇ ਕੇ ਮੇਰੀ ਸਹਾਇਤਾ ਕੀਤੀ। ਆਪਣੇ ਰੱਬ ਵਰਗੇ ਮਾਤਾ-ਪਿਤਾ ਦੀ ਧੰਨਵਾਦੀ ਹਾਂ ਜਿਹਨਾਂ ਨੇ ਹਰ ਸਮੇਂ ਮੇਰੀ ਸਹਾਇਤਾ ਕੀਤੀ। ਮੈਂ ਲੇਖਕ ਜਰਨੈਲ ਸਿੰਘ ਸੇਖਾ ਦੀ ਬਹੁਤ ਆਭਾਰੀ ਹੈ, ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੇਰੀ ਲੋੜੀਂਦੀ ਸਹਾਇਤਾ ਕੀਤੀ। ਆਪਣੇ ਮਿੱਤਰਾਂ ਤੇ ਸਨੇਹੀਆਂ ਦੀ ਵੀ ਬਹੁਤ ਧੰਨਵਾਦੀ ਹਾਂ।

ਤੇਜਿੰਦਰ ਕੌਰ

# ਅਧਿਆਇ ਪਹਿਲਾ

# ਜਰਨੈਲ ਸਿੰਘ ਸੇਖਾ ਦਾ ਜੀਵਨ ਅਤੇ ਨਾਵਲ ਦਾ ਸਿਧਾਂਤਕ ਪਰਿਪੇਖ

ਸਾਹਿਤ ਵਿਅਕਤੀ ਨੂੰ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ, ਅਣਹੋਣੀਆਂ, ਵਧੀਕੀਆਂ, ਅਪਰਾਧ, ਸਮਾਜ ਅਤੇ ਸੱਭਿਆਚਾਰ ਦੀਆਂ ਜਟਿਲਤਾਵਾਂ, ਸਮਾਜ ਵਿਚਲੀਆਂ ਆਰਥਕ, ਰਾਜਨੀਤਿਕ, ਧਾਰਮਿਕ, ਸਮਾਜਿਕ ਸਮੱਸਿਆਵਾਂ ਨੂੰ ਸਮਝਣ ਦੇ ਕਾਬਿਲ ਬਣਾਉਂਦਾ ਹੈ। ਸਾਹਿਤ ਸਮਾਜ ਵਿਚਲੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਉਹਨਾਂ ਦੇ ਕਾਰਨਾਂ, ਪ੍ਰਭਾਵਾਂ ਅਤੇ ਉਹਨਾਂ ਦੇ ਹੱਲ ਕਰਨ ਦੇ ਵੀ ਵਿਅਕਤੀ ਨੂੰ ਸਮਰੱਥ ਬਣਾਉਂਦਾ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ ਅਤੇ ਇਹ ਸਮਾਜ ਨੂੰ ਬਦਲਣ ਜਾਂ ਪ੍ਰਭਾਵਿਤ ਕਰਨ ਦੀ ਸਮੱਰਥਾ ਰੱਖਦਾ ਹੈ ਕਿਉਂਕਿ ਸਾਹਿਤ ਦਾ ਸੰਬੰਧ ਸਿੱਧਾ ਮਨੁੱਖੀ ਮਾਨਸਿਕਤਾ ਨਾਲ ਹੈ। ਸਮਾਜ ਵਿਚ ਜੋ ਵਾਪਰਦਾ ਹੈ ਸਾਹਿਤਕਾਰ ਆਪਣੀਆਂ ਰਚਨਾਵਾਂ ਦੇ ਮਾਧਿਅਮ ਨਾਲ ਉਹਨਾ ਦੀ ਪੇਸ਼ਕਾਰੀ ਆਪਣੀ ਰਚਨਾ ਵਿਚ ਕਰਦਾ ਹੈ। ਉਸ ਦੀ ਰਚਨਾ ਦਾ ਸਿੱਧਾ ਸੰਬੰਧ ਸਮਾਜ ਵਿਚ ਰਹਿ ਰਹੇ ਮਨੁੱਖਾਂ ਦੀ ਮਾਨਸਿਕਤਾ ਨਾਲ ਹੈ। ਸਾਹਿਤਕਾਰ ਦਾ ਮੰਤਵ ਹੁੰਦਾ ਹੈ ਕਿ ਸਮਾਜ ਵਿਚ ਜੋ ਮਨੁੱਖ ਅਵੇਸਲਾ ਜਾਂ ਅਨਜਾਨ ਬਣ ਕੇ ਉਹਨਾਂ ਸਮੱਸਿਆਵਾ ਨੂੰ ਦੇਖ ਕੇ ਵੀ ਅਣਡਿੱਠਾ ਕਰ ਰਿਹਾ ਹੈ ਉਸ ਨੂੰ ਸਾਹਿਤ ਦੇ ਮਾਧਿਆਮ ਨਾਲ ਉਹਨਾਂ ਨੂੰ ਸੋਝੀ ਪ੍ਰਦਾਨ ਕਰਨਾ ਤਾਂ ਜੋ ਉਹ ਸਮਾਜ ਵਿਚ ਆਪਣੇ ਹੱਕਾਂ ਅਤੇ ਚੰਗੇ ਸਮਾਜ ਦੇ ਲਈ ਆਪਣਾ ਯੋਗਦਾਨ ਦੇਣ। ਸਾਹਿਤ ਸਤਿਅਮ, ਸ਼ਿਵਮ, ਸੁੰਦਰਮ ਦੇ ਅਨੁਸਾਰ ਸਾਹਿਤ ਵਿਚ ਸੱਚਾਈ ਦੀ ਪੇਸ਼ਕਾਰੀ ਹੋਵੇ ਕੀ ਸਾਹਿਤ ਵਿਚ ਸੱਚ ਪ੍ਰਗਟ ਹੋਵੇ। ਸਾਹਿਤ ਕਲਿਆਣਕਾਰੀ ਹੋਵੇ ਜੋ ਲੋਕਾਂ ਜਾਂ ਸਮਾਜ ਲਈ ਚੰਗਾ ਸਿੱਧ ਹੋਵੇ। ਸਾਹਿਤ ਸੁੰਦਰ ਵੀ ਹੋਣਾ ਚਾਹੀਦਾ ਹੈ ਅੱਗੇ ਸਾਹਿਤ ਦੇ ਦੋ ਰੂਪ ਹੁੰਦੇ ਹਨ ਪਦ ਅਤੇ ਗਦ। ਪਦ ਭਾਵ ਕਵਿਤਾ (poetry), ਗਦ ਭਾਵ ਵਾਰਤਕ (prose)। ਵਾਰਤਕ ਦੇ ਘੇਰੇ ਵਿਚ ਗਲਪ ਨੂੰ ਵੀ ਲਿਆ ਜਾਂਦਾ ਹੈ। ਗਲਪ ਵਿਚ ਨਾਵਲ, ਕਹਾਣੀ, ਨਾਟਕ ਸ਼ਾਮਿਲ ਹੁੰਦੇ ਹਨ। ਪਰ ਗਲਪ ਵਾਰਤਕ ਦਾ ਸ਼ੁੱਧ ਰੂਪ ਨਹੀਂ।

ਹਥਲੇ ਖੋਜ ਕਾਰਜ ਦਾ ਵਿਸ਼ਾ ਕਿਉਂਕਿ ਨਾਵਲ ਹੈ ਇਸ ਲਈ ਨਾਵਲ ਬਾਰੇ ਵਿਸਤਾਰ ਨਾਲ ਜਾਣਕਾਰੀ ਦੀ ਬਹੁਤ ਲੋੜ ਹੈ। ਨਾਵਲ ਵਾਰਤਕ ਦਾ ਹੀ ਹਿੱਸਾ ਹੈ ਅਤੇ ਇਸਦੇ ਸ਼ਬਦ ਕੋਸ਼ੀ ਅਰਥ ‘Novella’ ਸ਼ਬਦ ਦੁਆਰਾ ਪ੍ਰਗਟ ਹੋਏ ਹਨ। ਇਹ ਸ਼ਬਦ ਇਤਾਲਵੀ ਭਾਸ਼ਾ ਵਿਚ ਨਵੇਂ ਦੇ ਅਰਥਾਂ ਵਿਚ ਪ੍ਰਾਪਤ ਹੋਏ ਹਨ। ਰੋਮਨ ਸ਼ਬਦ Nouns ਅਰਥ ਵੀ ਨਵਾਂ ਤੇ ਅਨੋਖਾ ਹੈ, ਜਿਸ ਦਾ ਅਧਾਰ ਵੀ ਇਤਾਲਵੀ ਭਾਸ਼ਾ ਦਾ ਸ਼ਬਦ Novella ਹੈ। ਨਾਵਲ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿਚ ਘਟਨਾਵਾਂ ਨੂੰ ਲੰਮੇ ਕਾਲ ਖੰਡ ਵਿਚ ਬਿਆਨ ਕੀਤਾ ਹੁੰਦਾ ਹੈ। ਨਾਵਲ ਇਕ ਅਜਿਹੀ ਰਚਨਾ ਹੈ ਜਿਸ ਦੀ ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿਚ ਨਵੀਨ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ।

## ਨਾਵਲ ਦਾ ਅਰਥ ਤੇ ਪਰਿਭਾਸ਼ਾ

**ਰਿਚਰਡ ਬਰਟਨ ਅਨੁਸਾਰ**:-"ਨਾਵਲ ਸਮਕਾਲੀ ਜੀਵਨ ਦਾ ਗੱਦ ਵਿਚ ਰਚਿਆ ਅਧਿਐਨ ਹੈ। "[1]

**H.G.Wells ਅਨੁਸਾਰ:-** "ਨਾਵਲ ਇਕ ਨੁਕਸਾਨ ਰਹਿਤ ਨਸ਼ਾ ਹੈ ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ ਜਦੋਂ ਮਨੁੱਖੀ ਦਿਮਾਗ ਖ਼ਾਲੀ ਹੋਵੇ ਜਾਂ ਮਨੁੱਖ ਕੋਲ ਕਾਫ਼ੀ ਵਿਹਲ ਹੋਵੇ।"[2]

**ਰੈਲਫ਼ ਫਾਕਸ ਅਨੁਸਾਰ:-** "ਨਾਵਲ ਜੀਵਨ ਦੀ ਵਿਆਖਿਆ ਹੈ ਸਿਰਫ਼ ਮਾਮੂਲੀ ਗੱਦ ਕਥਾ ਨਹੀਂ ਨਾਵਲ ਕਲਾ ਦਾ ਅਜਿਹਾ ਪੂਰਨ ਰੂਪ ਵਿਚ ਸਮਝਣ ਅਤੇ ਸਕਾਰ ਰੂਪ ਕਰਨ ਦਾ ਉਪਰਾਲਾ ਕਰਦਾ ਹੈ।"[3]

**ਜਾਰਜ ਈਲੀਅਟ:-**"ਮਨੁੱਖਾਂ ਅਤੇ ਵਸਤੂਆਂ ਦੇ, ਲੇਖਕ ਦੇ ਮਨ-ਸ਼ੀਸ਼ੇ ਉੱਤੇ ਪਏ ਪ੍ਰਭਾਵ ਦੀ ਸੱਚੀ ਤਫ਼ਸੀਲ ਹੀ ਨਾਵਲ ਹੈ।"[4]

**ਕੈਥਰਾਈਨ ਲੀਵਰ:-** "ਨਾਵਲ ਲਿਖਤੀ ਵਾਰਤਕ ਦਾ ਉਹ ਲੰਮਾ ਬਿਰਤਾਂਤ ਹੈ ਜੋ ਪਾਠਕ ਨੂੰ ਆਪਣੇ ਕਲਪਤ ਪਰ ਯਥਾਰਥ ਲੱਗਦੇ ਸੰਸਾਰ ਨਾਲ ਇੰਜ ਜੋੜ ਲੈਂਦਾ ਹੈ ਕਿ ਉਸ ਨੂੰ ਲੇਖਕ ਦੀ ਰਚਨਾਤਮਾਕਤਾ ਕਾਰਨ ਇਹ ਨਵਾਂ-ਨਵਾਂ ਲੱਗਣ ਲੱਗ ਜਾਂਦਾ ਹੈ।"[5]

**ਵੈਬਸਟਰ ਅਨੁਸਾਰ**:- "ਉਪਨਿਆਸ ਵਾਰਤਕ ਵਿਚ ਲਿਖੀ ਇਕ ਵੱਡੇ ਅਕਾਰ ਦੀ ਕਲਪਨਾ-ਭਰਪੂਰ ਕਹਾਣੀ ਹੁੰਦੀ ਹੈ ਜਿਸ ਵਿਚ ਮਾਨਵ-ਜੀਵਨ ਦੇ ਯਥਾਰਥ ਪੱਖ ਨੂੰ ਪ੍ਰਗਟਾਉਣ ਵਾਲੇ ਪਾਤਰਾਂ ਤੇ ਉਨ੍ਹਾਂ ਦੇ ਕਾਰਜਾਂ ਦਾ ਵਰਨਣ ਹੁੰਦਾ ਹੈ।"[6]

ਓਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਸਾਹਿਤ ਦੀ ਇਕ ਐਸੀ ਵਿਧਾ ਹੈ ਜਿਸ ਵਿਚ ਜੀਵਨ ਦੀ ਪੇਸ਼ਕਾਰੀ ਬੜੇ ਸੁਚੱਜੇ ਤਰੀਕੇ ਨਾਲ ਕੀਤੀ ਹੈ। ਇਸ ਵਿਚ ਨਿੱਜੀ ਜੀਵਨ ਦੀ ਪੇਸ਼ਕਾਰੀ ਅਤੇ ਯਥਾਰਥ ਤਰੀਕੇ ਨਾਲ ਕੀਤੀ ਹੈ। ਨਾਵਲ ਵਿਚ ਕਲਪਾਨਿਕ ਅੰਸ਼ ਵੀ ਹੁੰਦੇ ਹਨ ਪਰ ਹੂ-ਬਹੂ ਯਥਾਰਥ ਵਾਂਗ ਪ੍ਰਤੀਤ ਹੁੰਦੇ ਹਨ। ਇਹ ਵਾਸਤਵਿਕ ਜੀਵਨ ਵਿਚੋਂ ਘਟਨਾਵਾਂ ਨੂੰ ਚੁਣ ਕੇ ਉਹਨਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ਨਾਵਲਕਾਰ ਨਾਵਲ ਰਾਹੀਂ ਹਰ ਘਟਨਾ ਨੂੰ ਵਿਸਥਾਰ ਸਾਹਿਤ ਪੇਸ਼ ਕਰਦਾ ਹੈ। ਨਾਵਲ ਦੇ ਤੱਤਾਂ ਵਿਚ ਪਲਾਟ, ਪਾਤਰ-ਉਸਾਰੀ, ਵਾਰਤਾਲਾਪ, ਉਦੇਸ਼ ਜਾਂ ਮੰਤਵ ਅਤੇ ਸ਼ੈਲੀ ਬਹੁਤ ਹੀ ਮਹੱਤਵ ਰੱਖਦੇ ਹਨ।

ਨਾਵਲੀ-ਰਚਨਾ ਵਿਚ ਪ੍ਰਮੁੱਖ ਵਸਤੂ ਨਾਵਲ ਦਾ ਕਥਾ-ਜਗਤ ਅਥਵਾ ਕਹਾਣੀ ਹੁੰਦੀ ਹੈ। ਇਸ ਕਹਾਣੀ ਅਥਵਾ ਕਥਾ-ਵਸਤੂ ਨੂੰ ਤਰਤੀਬ ਵਿਚ ਬੰਨ੍ਹ ਕੇ ਪਲਾਟ ਹੀ ਪੇਸ਼ ਕਰਦਾ ਹੈ। ਪਲਾਟ ਨਾਵਲੀ ਥੀਮ ਨੂੰ ਸੰਗਠਨਕਰਨ ਦਾ ਨਾਮ ਵੀ ਹੈ। ਕੁਝ ਲੋਕ ਕਹਾਣੀ ਨੂੰ ਹੀ ਪਲਾਟ ਕਹਿ ਦਿੰਦੇ ਹਨ, ਕਿਉਂਕਿ ਨਾਵਲ ਵਿਆਪਕ-ਜੀਵਨ ਨਾਲ ਸਬੰਧਤ ਹੁੰਦਾ ਹੈ। ਇਸ ਲਈ ਬੁਨਿਆਦੀ ਤੌਰ'ਤੇ ਇਹ ਯਥਾਰਥਕ ਸਾਹਿਤ ਹੈ। ਇਸ ਨਾਵਲੀ ਕਹਾਣੀ ਦਾ ਅਕਾਰ F.M.Forster ਅਨੁਸਾਰ "50000 ਸ਼ਬਦਾਂ ਦਾ ਜਰੂਰ ਹੋਣਾ ਚਾਹੀਦਾ ਹੈ, ਪ੍ਰਾਪਤ ਨਾਵਲਾਂ ਵਿਚ ਅਕਸਰ 50 ਤੋਂ 1000 ਪੰਨੇ ਤੱਕ ਦੇ ਅਕਾਰ ਵਾਲੇ ਮਿਲਦੇ ਹਨ। ਪਲਾਟ ਦੁਆਰਾ ਹੀ ਨਾਵਲੀ ਕਹਾਣੀ ਵਿਚ ਰੌਚਕਤਾ ਅਤੇ ਸਾਹਿਕਤਾ ਦਾ ਅੰਸ਼ ਆਉਂਦਾ ਹੈ। "[7]

ਅਰਸਤੂ ਨੇ ਆਪਣੇ ਕਾਵਿ-ਸ਼ਾਸਤਰ 'The poetics' ਵਿਚ ਪਲਾਟ ਨੂੰ ਬਹੁਤ ਮਹਤੱਵ ਦਿੱਤਾ ਹੈ। ਉਹ ਪਲਾਟ ਨੂੰ 'ਤ੍ਰਾਸਦੀ ਦੀ ਆਤਮਾ' ਦਾ ਨਾਂ ਦਿੰਦਾ ਹੈ। ਉਹ ਪਲਾਟ ਨੂੰ ਘਟਨਾਵਾਂ ਦੀ ਕਲਾਤਮਕ ਵਿਉਂਤਬੰਦੀ ਕਹਿੰਦਾ ਹੈ। ਉਹ ਅਜਿਹੇ ਪਲਾਟ ਨੂੰ ਤਰਜੀਹ ਦਿੰਦਾ ਹੈ, ਜੋ ਸੰਪੂਰਨ ਹੋਵੇ, ਅਰਥਾਤ ਜਿਸ ਦਾ ਇਕ ਨਿਸਚਿਤ ਅਰੰਭ ਹੋਵੇ, ਇਕ ਮੱਧ ਹੋਵੇ ਅਤੇ ਨਿਸਚਿਤ ਅੰਤ ਵੀ ਹੋਵੇ। ਉਹ ਪਲਾਟ ਦੀ ਏਕਤਾ ਨੂੰ ਇਸ ਦਾ ਇਕ ਜਰੂਰੀ ਗੁਣ ਮੰਨਦਾ ਹੈ। ਏਕਤਾ ਦਾ ਅਰਥ ਉਹ ਇਹ ਦੱਸਦਾ ਹੈ ਕਿ ਪਲਾਟ ਵਿਚੋਂ ਕਿਸੇ ਇਕ ਘਟਨਾ ਨੂੰ ਵੀ ਕੱਢ ਦਿੱਤਾ ਜਾਵੇ ਤਾਂ ਕਿ ਨਾਵਲ ਵਿਚੋਂ ਪਲਾਟ ਪੂਰੀ ਤਰ੍ਹਾਂ ਨਾਲ ਬਿਖਰ ਜਾਵੇਗਾ। ਅਰਸਤੂ ਨੇ ਪਲਾਟ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਹਨ:-

1. ਇਕਹਿਰਾ ਪਲਾਟ:- ਇਸ ਤੋਂ ਭਾਵ ਹੈ ਕਿ ਕੋਈ ਵੀ ਨਾਵਲ ਜਾਂ ਕਹਾਣੀ ਵਿਚ ਘਟਨਾ ਇਕ ਜਾਂ ਸਰਲ ਹੋਵੇ ਉਸ ਵਿਚ ਕੋਈ ਵੀ ਗੁੰਝਲ ਨਾ ਹੋਵੇ ਤੇ ਸਾਰੀ ਕਥਾਂ ਇਕ ਵੇਗ ਵਿਚ ਚੱਲਦੀ ਰਹੇ ਪਾਤਰ ਵੀ ਇਸ ਤਰ੍ਹਾਂ ਦੇ ਹੋਣ ਜੋ ਨਾਵਲ ਨੂੰ ਸਰਲ ਤੇ ਸਪੱਸ਼ਟ ਬਣਾਉਣ।
2. ਗੁੰਝਲਦਾਰ ਪਲਾਟ:- ਜਿਵੇਂ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਉਹ ਨਾਵਲ ਜਿਸ ਵਿਚ ਕਈ ਘਟਨਾ ਹੋਣ ਤੇ ਸਾਰੀਆਂ ਘਟਨਾ ਸਿੱਧੀਆਂ ਨਾ ਹੋ ਕੇ ਗੁੰਝਲਦਾਰ ਤੇ ਬੱਝਵੀਆਂ ਹੋਣ। ਉਸ ਵਿਚ ਸਾਰੀ ਕਥਾ ਇਕ ਵੇਗ ਵਿਚ ਚੱਲ ਕੇ ਪੇਸ਼ ਨਾ ਹੁੰਦੀ ਸਗੋਂ ਘਟਨਾ ਬਹੁਤ ਪੇਚੀਦਾ ਹੋਵੇ।

ਅਰਸਤੂ ਇਕਹਿਰੇ ਪਲਾਟ ਨਾਲੋਂ ਗੁੰਝਲਦਾਰ ਪਲਾਟ ਨੂੰ ਤਰਜੀਹ ਦਿੰਦਾ ਹੈ। ਉਹ ਪਾਤਰ-ਚਿਤਰਨ ਨਾਲੋਂ ਪਲਾਟ ਨੂੰ ਵਧੇਰੇ ਮਹੱਤਵਪੂਰਣ ਮੰਨਦਾ ਹੈ। ਫਾਰਸਟਰ ਨੇ ਪਲਾਟ ਨੂੰ ਆਧੁਨਿਕ ਗਲਪ ਦੀਆਂ ਜ਼ਰੂਰਤਾਂ ਅਨੁਸਾਰ ਵਿਸ਼ਲੇਸ਼ਤ ਕੀਤਾ ਹੈ। ਭਾਵੇਂ ਜੇਮਜ਼ ਜਾਇਸ, ਗ੍ਰਾਹਮ ਗਰੀਨ, ਵਿਲੀਅਮ ਬੱਰੋਜ਼ ਅਤੇ ਰੋਬਗ੍ਰੀਏ ਵਰਗੇ ਅਧੁਨਿਕ ਨਾਵਲਕਾਰ ਪਲਾਟ ਨੂੰ ਕੋਈ ਮਹੱਤਵ ਨਹੀਂ ਦਿੰਦੇ ਪਰ ਤਾਂ ਵੀ ਨਾਵਲ ਵਰਗੇ ਵਿਸ਼ਾਲ ਅਕਾਰ ਵਾਲੇ ਰੂਪਾਕਾਰ ਵਾਸਤੇ ਪਲਾਟ ਦਾ ਮਹੱਤਵ ਨਿਰਵਿਵਾਦ ਹੈ। "W.H. Hudson ਨਾਵਲ ਵਿੱਚ ਪਲਾਟ ਦੀ ਮਹਾਨਤਾ ਬਾਰੇ ਵਿਚਾਰ ਕਰਦੇ ਹੋਏ ਲਿਖਦਾ ਹੈ-

> "in dealing with plot structure we may distinguish roughly between two kinds of novel . I say way roughly because the types though clearly defined shades into one and another by imperceptible gradations. These are what we may call respectively the novel of loose plot and the Novel Oraganic Plot." [8]

ਡਾ. ਪ੍ਰਤਾਪ ਨਰਾਇਣ ਟੰਡਨ ਅਨੁਸਾਰ, "ਪਲਾਟ ਨਾਵਲ ਦੀ ਰਚਨਾ ਦਾ ਮੂਲ ਅਧਾਰ ਹੁੰਦਾ ਹੈ। ਕਿਸੇ ਨਾਵਲ ਦਾ ਭਵਿੱਖ ਉਸ ਦਾ ਕਥਾਨਕ, ਵਸਤੂ ਜਗਤ ਹੁੰਦਾ ਹੈ। ਉਹ ਪਲਾਟ ਦਾ ਇਕ ਅੰਗ ਹੈ ਇਸ ਦਾ ਸ਼ੈਲੀਗਤ ਨਿਰਮਾਣ ਵੀ ਹੁੰਦਾ ਹੈ। ਚੰਗੇ ਪਲਾਟ ਵਿੱਚ ਘਟਨਾਵਾਂ ਆਪਸ ਵਿੱਚ ਸੁਭਾਵਿਕ ਤੌਰ ਤੇ ਸਬੰਧਿਤ ਹੁੰਦੀਆਂ ਹਨ ਨਾਵਲੀ ਪਲਾਟ ਦਾ ਇਕ ਮਹੱਤਵਪੂਰਨ ਗੁਣ ਇਸ ਦਾ ਰੌਚਕ ਹੋਣਾ ਵੀ ਹੈ।"[9]

ਨਾਵਲ ਵਿਚ ਪਾਤਰ-ਉਸਾਰੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਰਿਹਾ ਹੈ। ਪਾਤਰ ਹੀ ਘਟਨਾਵਾਂ ਨੂੰ ਭੋਗਦੇ ਹਨ ਅਤੇ ਪਾਤਰ ਹੀ ਮਾਨਵ ਦੀ ਦੁੱਖ-ਸੁੱਖ ਭਰਪੂਰ ਕਹਾਣੀ ਨਾਲ ਸਬੰਧਤ ਹੁੰਦੇ ਹਨ। ਨਾਵਲ ਦਾ ਸੰਬੰਧ ਮਨੁੱਖੀ ਜ਼ਿੰਦਗੀ ਨਾਲ ਹੈ ਇਸ ਲਈ ਕਿਸੇ ਵੀ ਨਾਵਲ ਦੇ ਪਾਤਰ ਜ਼ਿੰਦਗੀ ਵਿਚ ਆਮ ਮਿਲਦੇ ਪਾਤਰ ਹੋਣੇ ਚਾਹੀਦੇ ਹਨ। ਪਾਤਰਾਂ ਦੀ ਅੰਤਰੀਵੀ ਸੋਚ ਅਤੇ ਬਾਹਰੀ ਲਿਬਾਸ ਵੀ ਜ਼ਿੰਦਗੀ ਵਿਚ ਮਿਲਦੇ ਮਨੁੱਖਾਂ ਵਾਲਾ ਹੋਣਾ ਚਾਹੀਦਾ ਹੈ ਕਿਉਂਕਿ ਨਾਵਲਕਾਰ ਨੇ ਪਾਤਰਾਂ ਦੇ ਨਿੱਜੀ ਵਿਚਾਰਾਂ ਤੇ ਵਿਹਾਰਾਂ ਦਾ ਸਧਾਰਨੀਕਰਨ ਕਰਨਾ ਹੁੰਦਾ ਹੈ। ਪ੍ਰਸਿੱਧ ਪੱਛਮੀ ਅਲੋਚਕ ਹੈਡਸਨ ਦਾ ਵਿਚਾਰ ਹੈ- "ਪਾਤਰ ਉਸਾਰੀ ਮਨੋਵਿਗਿਆਨਿਕ ਪੱਖ ਤੋਂ ਹੋਣੀ ਚਾਹੀਦੀ ਹੈ। ਪਾਤਰ ਉਸਾਰੀ ਲਈ ਦੋ ਵਿਰੋਧੀ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਕ ਪ੍ਰਤੱਖ ਦੀ ਪੱਧਰ ਤੇ ਅਤੇ ਦੂਸਰੀ ਆਪ੍ਰਤੱਖ ਦੀ ਪੱਧਰ ਤੇ। ਪ੍ਰਤੱਖ ਦੀ ਪੱਧਰ ਤੇ ਨਾਵਲਕਾਰ ਪਾਤਰਾਂ ਦੇ ਪੋਟਰੇਟ ਪੇਸ਼ ਕਰਦਾ ਹੈ ਪਰ ਦੂਸਰੇ ਢੰਗ ਨਾਲ ਅਥਵਾ ਅਪ੍ਰਤੱਖ ਵਿਧੀ ਨਾਲ ਨਾਵਲਕਾਰ ਆਪਣੀਆਂ ਟਿੱਪਣੀਆਂ ਜਾਂ ਦੂਸਰੇ ਪਾਤਰਾਂ ਬਾਰੇ ਰਾਏ ਤੇ ਪਾਤਰ ਉਸਾਰੀ ਕਰਦਾ ਹੈ।"[10] ਪਾਤਰ ਵੀ ਦੋ ਪ੍ਰਕਾਰ ਦੇ ਹੁੰਦੇ ਹਨ-
ਇੱਕ ਪੱਧਰੇ ਪਾਤਰ-ਨਾਵਲੀ ਕਾਰਜ ਵਿਚ ਪੱਧਰੇ ਪਾਤਰ ਵਧੇਰੇ ਸਫ਼ਲ ਨਹੀਂ ਹੁੰਦੇ ਹਨ ਸਗੋਂ ਨਾਵਲ ਦੇ ਅਨੁਸਾਰ ਉਹਨਾਂ ਵਿਚ ਵਿਕਾਸ ਤੇ ਉਹ ਨਾਵਲ ਦੀਆਂ ਸਥਿਤੀਆਂ ਅਨੁਸਾਰ ਪਾਤਰਾਂ ਵਿਚ ਬਦਲਾ ਆਵੇ। ਦੂਜੇ ਗੋਲ ਪਾਤਰ-ਉਹ ਪਾਤਰ ਜੋ ਸਥਿਤੀਆਂ ਅਨੁਸਾਰ ਬਦਲਣ ਉਹਨਾਂ ਦੇ ਬਦਲਣ ਨਾਲ ਹੀ ਵਿਕਾਸ ਹੁੰਦਾ ਹੈ। ਨਾਵਲੀ ਕਾਰਜ ਪ੍ਰਕਿਰਿਆ ਵਿੱਚ ਪੱਧਰੇ ਪਾਤਰ ਵਧੇਰੇ ਸਫ਼ਲ ਨਹੀਂ ਹੁੰਦੇ ਸਗੋਂ ਵਿਕਾਸ ਕਰਦੇ ਸਥਿਤੀਆਂ ਅਨੁਸਾਰ ਬਦਲਦੇ ਪਾਤਰ ਵਧੇਰੇ ਸਫ਼ਲ ਰਹਿੰਦੇ ਹਨ। ਪਾਤਰ ਅਤੇ ਪਾਤਰ ਉਸਾਰੀ ਨੂੰ ਪੇਸ਼ ਕਰਦੇ ਸਮੇਂ ਨਾਵਲਕਾਰ ਇਸ ਗੱਲ ਦਾ ਖਾਸ ਧਿਆਨ ਰੱਖਦਾ ਹੈ ਕਿ ਉਸ ਦੇ ਪਾਤਰ ਸਮਾਜ ਵਿੱਚ ਪ੍ਰਾਪਤ ਮਨੁੱਖੀ ਸ਼੍ਰੇਣੀਆਂ ਪ੍ਰਤੀਨਿਧਤਾ ਕਰਦੇ ਹੋਣ ਇਹ ਪ੍ਰਤੀਨਿੱਧਤਾ ਨੂੰ ਜੀਵਨ ਦੇ ਹਰ ਵਰਗ ਦੀ ਹੋਣੀ ਚਾਹੀਦੀ ਹੈ। ਪਾਤਰਾਂ ਵਿਚਲੀ ਭਾਵਾਤਮਕ ਸੁਹਿਰਦਤਾ ਨਾਵਲ ਦੀ ਸਫ਼ਲਤਾ ਦਾ ਕਾਰਨ ਹੁੰਦੀ ਹੈ। ਇਸ ਸੋਚ ਅਧੀਨ ਹੀ ਪਾਤਰਾਂ ਵਿਚ ਮਾਨਵਵਾਦੀ ਵਿਚਾਰਾਂ ਦਾ ਸੰਚਾਰ ਹੁੰਦਾ ਹੈ। ਇਸੇ ਤੱਤ ਨੇ ਪਾਠਕ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ। ਪਾਤਰ ਜਾਂ ਪਾਤਰ ਉਸਾਰੀ ਉਹੀ ਸਫ਼ਲ ਮੰਨੀ ਜਾ ਸਕਦੀ ਹੈ ਜਿਸ ਨੂੰ ਪੜ੍ਹਨ ਸਮੇਂ ਪਾਠਕ ਇਹ ਮਹਿਸੂਸ ਕਰਨ ਕਿ ਇਨ੍ਹਾਂ ਪਾਤਰਾਂ ਦਾ ਦੁੱਖ-ਸੁੱਖ, ਇਨ੍ਹਾਂ ਦੇ ਹਾਵ-ਭਾਵ ਅਸਲ ਵਿਚ ਉਸ ਦੇ ਆਪਣੇ ਹੀ ਹਨ। ਇਨ੍ਹਾਂ ਦੀਆਂ ਸਥਿਤੀਆਂ ਵੀ ਉਸ ਦੀਆਂ ਆਪਣੀਆਂ ਹੀ ਸਥਿਤੀਆਂ ਹਨ। ਨਾਵਲ ਵਿਚ ਪਾਤਰਾਂ ਦੀ ਪਾਤਰ ਉਸਾਰੀ ਸੰਜੀਵਤਾ, ਸਚਾਈ, ਸੁਭਾਵਿਕਤਾ ਦੇ ਨਾਲ-ਨਾਲ ਇਕ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਪਾਤਰ ਦੀ ਪ੍ਰਕਿਰਤੀ ਤੇ ਪ੍ਰਵਿਰਤੀ ਦੇ ਅਨੁਸਾਰ ਹੀ ਉਸ ਦਾ ਕਾਰਜ ਅਤੇ ਹੋਰ ਗੱਲਾਂ ਹੋਣੀਆਂ ਚਾਹੀਦੀਆਂ ਹਨ। ਪਾਤਰ ਆਪਣੀ ਸ੍ਰੇਣੀ ਦੀ ਪ੍ਰਤੀਨਿਧਤਾ ਕਰਦਾ ਹੋਵੇ, ਉਹ ਸੁਭਾਵਿਕ ਪ੍ਰਤੀਤ ਹੋਵੇ, ਉਸ ਦੁਆਰਾ ਕੀਤੇ ਜਾਣ ਵਾਲੇ ਕਠਨ ਅਤੇ ਅਜੀਬ ਕੰਮ ਵੀ ਉਸ ਦੀ ਸਖ਼ਸੀਅਤ ਅਨੁਸਾਰ ਢੁਕਵੇਂ ਹੋਣ।

ਨਾਵਲ ਵਿਚ ਵਾਰਤਾਲਾਪ ਭਾਵੇਂ ਨਾਟਕ ਵਾਂਗ ਕੇਂਦਰੀ ਮਹਾਨਤਾ ਤਾਂ ਨਹੀਂ ਰੱਖਦੇ ਅਥਵਾ ਐਨੀ ਜ਼ਿਆਦਾ ਗਿਣਤੀ ਵਿਚ ਨਹੀਂ ਹੁੰਦੇ, ਫਿਰ ਵੀ ਨਾਵਲੀ ਬਣਤਰ ਵਿਚ ਇਨ੍ਹਾਂ ਦੀ ਆਪਣੀ ਵਿਸ਼ੇਸ਼ ਤੇ ਵਿੱਲਖਣ ਥਾਂ ਹੁੰਦੀ ਹੈ। ਵਾਰਤਾਲਾਪ ਜਾਂ ਸੰਵਾਦ ਨਾਵਲੀ ਘਟਨਾਵਾਂ ਨੂੰ ਸੰਭਾਵਿਤ ਰੂਪ ਵਿਚ ਆਪਸ ਵਿਚ ਜੋੜਦੇ ਹਨ, ਨਾਵਲੀ ਕਥਾ ਨੂੰ ਗਤੀ ਬਖਸ਼ਦੇ ਹਨ,

ਪਾਤਰਾਂ ਦੀ ਉਸਾਰੀ ਕਰਦੇ ਹਨ ਅਤੇ ਨਾਵਲੀ ਥੀਮ ਨੂੰ ਇਕ ਸੇਧ ਪ੍ਰਦਾਨ ਕਰਦੇ ਹਨ। ਜਿਹੜੇ ਸੰਵਾਦ ਇਨ੍ਹਾਂ ਲੋੜਾਂ ਦੀ ਪੂਰਤੀ ਨਹੀਂ ਕਰਦੇ, ਉਨ੍ਹਾਂ ਨੂੰ ਨਾਵਲੀ-ਜਗਤ ਵਿਚ ਸਫ਼ਲ ਸੰਵਾਦ ਨਹੀਂ ਮੰਨਿਆ ਜਾਂਦਾ ਸਗੋਂ ਅਜਿਹੇ ਅਰਥਹੀਣ ਸੰਵਾਦ ਨਾਵਲੀ ਰਚਨਾ ਦੇ ਮੁੱਲ ਨੂੰ ਘਟਾਉਂਦੇ ਹਨ। 'ਹਸਨ' ਨਾਵਲੀ ਸੰਵਾਦ ਬਾਰੇ ਵਿਚਾਰ ਕਰਦਾ ਹੋਇਆ ਲਿਖਦਾ ਹੈ:"In the first place, it (Dialogue) should always constitute an organic element in the story; that is, it should really contribute directly or indirectly, either to the movement of the plot or to the elucidation of characters in their relations with it." [11]

ਵਾਰਤਾਲਾਪ ਦਾ ਮੁੱਖ ਕੰਮ ਇਕ ਸੰਗਠਤ ਪਲਾਟ ਦੀ ਉਸਾਰੀ ਕਰਨਾ ਅਤੇ ਪ੍ਰਤੱਖ ਜਾਂ ਅਪ੍ਰਤੱਖ ਨਾਲ ਨਾਟਕੀ ਥੀਮ ਦੀ ਵਿਆਖਿਆ ਕਰਨਾ ਅਤੇ ਪਾਤਰਾਂ ਦੀ ਯੋਗ ਵਿਆਖਿਆ ਕਰਨਾ ਹੁੰਦਾ ਹੈ। ਵਿਦਵਾਨ ਆਲੋਚਕਾਂ ਦਾ ਵਿਚਾਰ ਹੈ ਕਿ ਨਾਵਲੀ ਰਚਨਾ ਦੇ ਵਾਰਤਾਲਾਪ ਬੜੇ ਸੁਭਾਵਿਕ ਹੋਣੇ ਚਾਹੀਦੇ ਹਨ। ਵਾਰਤਾਲਾਪ ਸਥਿਤੀ ਅਤੇ ਇਸ ਕਥਾਨਕ ਦੀ ਸਜੀਵਤਾ ਸੁਭਾਵਿਕ ਅਤੇ ਸਮੇਂ ਅਨੁਸਾਰ ਹੋਣੀ ਚਾਹੀਦੀ ਹੈ। ਵਾਰਤਾਲਾਪ ਦਾ ਪ੍ਰਮੁੱਖ ਕੰਮ ਪਾਤਰਾਂ ਦੀ ਮਾਨਸਿਕ ਉਸਾਰੀ ਕਰਨਾ ਹੈ। ਕਿਸੇ ਵੀ ਨਾਵਲੀ ਰਚਨਾ ਵਿਚ ਅਸੰਗਤ ਵਾਰਤਾਲਾਪ ਸਾਰੇ ਪ੍ਰਭਾਵ ਨੂੰ ਨਸ਼ਟ ਕਰ ਦਿੰਦੇ ਹਨ, ਵਾਰਤਾਲਾਪ ਵਿਚ ਨਿੱਜੀ ਅਤੇ ਵਿਅਕਤੀਗਤ ਰੰਗਤ ਹੋਣੀ ਵੀ ਬਹੁਤ ਜ਼ਰੂਰੀ ਹੈ। ਸਫ਼ਲ ਵਾਤਾਵਰਨ ਤਾਂ ਹੀ ਉਸਾਰਿਆ ਜਾ ਸਕਦਾ ਹੈ ਜੇ ਨਾਵਲਕਾਰ ਨੂੰ ਘਟਨਾ ਦਾ ਠੀਕ ਸਥਾਨ, ਸਮਾਂ ਅਤੇ ਸਮਕਾਲੀ ਪ੍ਰਸਥਿਤੀਆਂ ਦਾ ਪੂਰਨ ਗਿਆਨ ਹੋਵੇ। ਇਤਿਹਾਸਕ ਨਾਵਲਾਂ ਦੀ ਤਾਂ ਵਾਰਤਾਲਾਪ ਆਤਮਾ ਹੁੰਦੀ ਹੈ।

ਆਧੁਨਿਕ ਕਾਲ ਵਿਚ ਨਾਵਲ ਦੇ ਉਦੇਸ਼ ਜਾਂ ਮੰਤਵ ਬਾਰੇ ਭਰਪੂਰ ਚਰਚਾ ਹੋ ਰਹੀ ਹੈ। ਨਾਵਲ ਦੀ ਅਧਿਕਤਰ ਆਲੋਚਨਾ ਇਸੇ ਨਾਵਲੀ ਤੱਤ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਇਸੇ ਤੱਤ ਨੂੰ ਨਾਵਲ ਦੀ ਫ਼ਿਲਾਸਫ਼ੀ, ਨਾਵਲਕਾਰ ਦਾ ਦਿਸ਼੍ਟੀਕੋਣ ਅਤੇ ਸਮਕਾਲੀ ਚਿੰਤਨ ਦਾ ਨਾਂ ਵੀ ਦਿੱਤਾ ਜਾਂਦਾ ਹੈ। ਨਾਵਲ ਦਾ ਕੇਂਦਰੀ ਕਾਰਜ ਜੀਵਨ ਦੀ ਵਿਆਖਿਆ ਕਰਨਾ ਹੈ। ਪਰ ਇਸ ਵਿਆਖਿਆ ਵਿਧੀ ਜਾਂ ਢੰਗ ਵਿਚੋਂ ਨਾਵਲਕਾਰ ਦਾ ਦਿਸ਼੍ਟੀਕੋਣ ਪ੍ਰਗਟ ਹੁੰਦਾ ਹੈ ਜਾਂ ਇਉਂ ਕਹਿ ਲਈਏ ਕਿ ਇਸ ਦ੍ਰਿਸ਼ਟੀਕੋਣ ਅਧੀਨ ਹੀ ਨਾਵਲਕਾਰ ਜੀਵਨ ਦੀ ਵਿਆਖਿਆ ਕਰਦਾ ਹੈ ਅਤੇ ਇਸ ਦੁਆਰਾ ਹੀ ਰਚਨਾ ਦੇ ਮੰਤਵਾਂ ਦੀ ਵਿਆਖਿਆ ਕਰਦਾ ਹੈ। ਇਸ ਨਾਵਲੀ ਤੱਤ ਬਾਰੇ ਆਲੋਚਕਾਂ ਦੇ ਆਪਣੇ-ਆਪਣੇ ਵਿਚਾਰ ਹਨ। ਪ੍ਰਸਿਧ ਸਾਹਿਤ-ਸਾਸਤਰੀ 'ਹਸਨ' ਇਸ ਨਾਵਲ ਤੱਤ ਦੀ ਵਿਆਖਿਆ ਕਰਦਾ ਲਿਖਦਾ ਹੈ: "It remains for us now to consider that sixth element in the Novel, which we have described as the wrter's criticism, interpretation or philosophy of life."[12]

ਡਾ. ਸਵਿੰਦਰ ਸਿੰਘ ਉਪਲ ਇਸ ਤੱਤ ਤੇ ਵਿਚਾਰ ਕਰਦੇ ਹੋਏ ਲਿਖਦੇ ਹਨ: "ਕੁਝ ਨਾਵਲਕਾਰ ਆਪਣੀ ਜੀਵਨ ਦਿੱਬ-ਦ੍ਰਿਸ਼ਟੀ ਕਿਸੇ ਸਿਧਾਂਤ ਨਾਲ ਬੱਝ ਕੇ ਲੱਭਦੇ ਹਨ। ਇੰਜ ਕਰਨ ਨਾਲ ਉਹਨਾਂ ਦੀ ਸਖਸੀਅਤ ਅਤੇ ਸੁਤੰਤਰ ਚਿੰਤਨ ਵਿਕਾਸ ਨਹੀ ਕਰ ਸਕਦੇ।"[13]

ਸ਼ੈਲੀ ਹਰ ਲੇਖਕ ਦੀ ਨਿੱਜੀ ਅਤੇ ਵੱਖਰੀ ਹੁੰਦੀ ਹੈ। ਇਸ ਨੂੰ ਮੰਗਵੇ ਕੋਟ-ਪੈਂਟ ਵਾਂਗ ਨਹੀਂ ਪਹਿਨਿਆ ਜਾ ਸਕਦਾ। ਜੇ ਸਾਰੇ ਨਾਵਲੀ-ਤੱਤ ਨੂੰ ਸੁਯੋਗ ਵਿਧੀ ਵਿਚ ਨਾ ਢਾਲਿਆ ਜਾਏ ਤਾਂ ਨਾਵਲੀ ਪ੍ਰਭਾਵ ਨਹੀਂ ਸਿਰਜਿਆ ਜਾ ਸਕਦਾ। ਸ਼ੈਲੀ ਸਾਰੇ ਤੱਤਾਂ ਨੂੰ ਅੰਤਰ-ਨਿਹਿਤ ਤੌਰ ਤੇ ਸੁਭਾਵਿਕ ਰੂਪ ਵਿਚ ਜੋੜਨ ਦਾ ਨਾਂ ਹੈ। ਨਾਵਲ ਕਈ ਪ੍ਰਕਾਰ ਦੀਆਂ ਸ਼ੈਲੀਆਂ ਵਿਚ ਲਿਖਿਆ ਜਾਂਦਾ ਹੈ ਜਿਵੇਂ ਪੱਤਰ ਸ਼ੈਲੀ, ਕਥਾ ਸ਼ੈਲੀ, ਆਤਮ-ਕਥਾ ਸ਼ੈਲੀ, ਡਾਇਰੀ ਸ਼ੈਲੀ ਆਦਿ। ਨਾਵਲਕਾਰ ਆਪਣੇ-ਆਪਣੇ ਢੰਗ ਨਾਲ ਆਪਣੀਆਂ ਰਚਨਾਵਾਂ ਦਾ ਆਰੰਭ ਕਰਦੇ ਹਨ। ਨਾਵਲੀ ਸ਼ੈਲੀ ਵਿੱਚੋਂ ਉਸ ਨਾਵਲਕਾਰ ਦੀ ਸਖ਼ਸੀਅਤ ਨੂੰ ਪਹਿਚਾਣਿਆ ਜਾ ਸਕਦਾ ਹੈ। ਅਸਲੀ ਨਾਵਲ-ਕਥਾ ਦੇ ਹੇਠਾਂ ਨਾਵਲਕਾਰ ਦੀ ਆਪਣੀ ਸ਼ਖ਼ਸੀਅਤ ਵੀ ਵਿਚਰਦੀ ਹੈ। ਸ਼ੈਲੀ ਤੋਂ ਨਾਵਲਕਾਰ ਦੀ ਲਿਖਣ ਕਲਾ ਤੋਂ ਪਤਾ ਚੱਲਦਾ ਹੈ। ਸੁਚੱਜਾ ਸ਼ੈਲੀਕਾਰ, ਬ੍ਰਹਿਮੰਡ ਵਿਚ ਵਿਆਪਕ ਪ੍ਰਭੂ ਵਾਂਗ ਹੈ ਜਿਹੜਾ ਹਰ ਸਮੇਂ, ਹਰ ਥਾਂ ਆਪਣੀ ਰਚਨਾ ਵਿਚ ਮੌਜੂਦ ਹੁੰਦਾ ਹੈ ਪਰ ਨਜ਼ਰ ਨਹੀਂ ਆਉਂਦਾ। ਡਾ. ਪ੍ਰਤਾਪ ਨਰਾਇਣ ਟੰਡਨ ਨੇ ਨਾਵਲੀ ਸ਼ੈਲੀਆਂ ਦਾ ਵਰਗੀਕਰਨ ਨਿਮਨਲਿਖਤ ਅਨੁਸਾਰ ਕੀਤਾ ਹੈ:

1. ਵਰਨਣਾਤਮਕ ਸ਼ੈਲੀ
2. ਆਤਮ-ਕਥਾਤਮਕ ਸ਼ੈਲੀ
3. ਪੱਤਰ ਸ਼ੈਲੀ
4. ਡਾਇਰੀ ਸ਼ੈਲੀ
5. ਸੰਵਾਦ ਸ਼ੈਲੀ
6. ਨਾਟਕੀ ਸ਼ੈਲੀ
7. ਕਾਵਿਕ ਸ਼ੈਲੀ
8. ਲੋਕ-ਕਥਾਤਮਕ ਸ਼ੈਲੀ
9. ਆਂਚਲਿਕ ਸ਼ੈਲੀ
10. ਮਨੋਵਿਸ਼ਲੇਸ਼ਣਾਤਮਕ ਸ਼ੈਲੀ । ”[14]

ਨਾਵਲੀ ਸ਼ੈਲੀ ਵਿਚ ਨਿੱਜੀ ਛੋਹ ਦਾ ਤੱਤ ਹੋਣਾ ਜਰੂਰੀ ਹੈ। ਇਸ ਨਿੱਜੀ ਛੋਹ ਦੁਆਰਾ ਲੇਖਕ ਦੀ ਸਖ਼ਸੀਅਤ ਪਹਿਚਾਣੀ ਜਾਂਦੀ ਹੈ। ਟਾਲਸਟਾਇ, ਗੋਰਕੀ ਵਰਗੇ ਨਾਵਲਕਾਰਾਂ ਦੀ ਸ਼ੈਲੀ ਬਾਕੀ ਨਾਵਲਾਂ ਅਤੇ ਨਾਵਲਕਾਰਾਂ ਨਾਲੋਂ ਭਿੰਨ ਹੀ ਨਹੀਂ ਸਗੋਂ ਇਹ ਉਨ੍ਹਾਂ ਦੀਆਂ ਸਖ਼ਸੀਅਤਾਂ ਦਾ ਅਨਿੱਖੜਵਾਂ ਅੰਗ ਵੀ ਹੈ। ਨਾਵਲੀ ਸ਼ੈਲੀ ਦੇ ਸੰਬੰਧ ਵਿਚ ਵਰਨਨ ਲੀਅ ਨੇ ਆਪਣੀਆਂ ਰਚਨਾਵਾਂ ਵਿਚ ਕੁਝ ਨੁਕਤੇ ਪੇਸ਼ ਕੀਤੇ ਸਨ ਜਿਨ੍ਹਾਂ ਦੀ ਬਾਅਦ ਵਿਚ ਜੇਮਜ਼ ਨੇ ਵਿਆਖਿਆ ਕੀਤੀ ਅਤੇ ਨਾਵਲੀ ਸ਼ੈਲੀ ਦੇ ਖੇਤਰ ਵਿਚ ਜੇਮਜ਼ ਦਾ ਦਿਸ਼੍ਟੀਕੋਣ ਸਥਾਪਿਤ ਹੋਇਆ। '**ਵਰਨਨ ਲੀਅ**' ਦਾ ਵਿਚਾਰ ਹੈ ਕਿ "ਨਾਵਲੀ-ਵਿਧੀ ਵਿਧਾਨ ਵਿਚ ਉਹ ਨਾਵਲਕਾਰ ਵਧੇਰੇ ਚੰਗੇ ਅਤੇ ਅਸਰਦਾਇਕ ਹੁੰਦੇ ਹਨ ਜਿਹੜੇ ਸਹਿਜ ਗਿਆਨ ਅਧੀਨ ਪਾਤਰਾਂ ਨੂੰ ਜਨਮ ਦਿੰਦੇ ਹਨ ਨਾ ਕਿ ਉਹ ਜੋ ਸੁਚੇਤ ਰੂਪ ਵਿਚ ਘੜ ਕੇ ਪੇਸ਼ ਕਰਦੇ ਹਨ।"[15]

**ਪੰਜਾਬੀ ਨਾਵਲ ਦਾ ਨਿਕਾਸ ਤੇ ਵਿਕਾਸ–** ਪੰਜਾਬੀ ਨਾਵਲ ਦੇ ਅਰੰਭ ਬਾਰੇ ਅਤੇ ਮੋਢੀ ਨਾਵਲਕਾਰ ਬਾਰੇ ਵੱਖ-ਵੱਖ ਸਾਹਿਤ ਦੇ ਇਤਿਹਾਸ ਅਤੇ ਲੇਖਕਾਂ ਦੇ ਆਪਣੇ-ਆਪਣੇ ਵਿਚਾਰ ਹਨ। ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਦੇ ਕਰਤਾ-ਪੰਜਾਬੀ ਨਾਵਲ ਦਾ ਜਨਮਦਾਤਾ ਭਾਈ ਵੀਰ ਸਿੰਘ ਨੂੰ ਮੰਨਿਆਂ ਜਾਂਦਾ ਹੈ ਪਰ ਇਹਨਾਂ ਤੋਂ ਪਹਿਲਾਂ 'ਯਸੂਈ ਮੁਸਾਫ਼ਰ ਦੀ ਯਾਤਰਾ' ਨੂੰ ਹੀ ਪੰਜਾਬੀ ਦਾ ਪਹਿਲਾ ਅਨੁਵਾਦਤ ਨਾਵਲ ਹੋਣ ਦਾ ਮਾਨ ਹਾਸਿਲ ਹੈ। ਇਹ ਨਾਵਲ 1859 ਵਿਚ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਹੋ ਕੇ ਛਾਪਿਆ ਗਿਆ ਸੀ। ਇਹ ਨਾਵਲ ਈਸਾਈ ਵਿਦਵਾਨ ਬਨਿਅਨ ਜਾਨ ਵਲੋਂ ਲਿਖੇ 'Pilgrim's Progress' ਦਾ ਪੰਜਾਬੀ ਰੂਪ ਹੈ। ਈਸਾਈ ਧਰਮ ਦੇ ਪ੍ਰਚਾਰ ਦਾ ਟਾਕਰਾ ਕਰਨ ਲਈ ਹੀ ਭਾਈ ਵੀਰ ਸਿੰਘ ਤੇ ਗੁਰਮਤਿ ਤੇ ਸਿੱਖੀ ਦਾ ਪ੍ਰਚਾਰ ਕਰਨ ਲਈ ਪੰਜਾਬੀ ਵਿਚ ਗਲਪ ਰੂਪ ਨੂੰ ਅਪਣਾਇਆ ਤੇ ਨਾਵਲ ਰਚਨਾ ਦਾ ਮੁੱਢ ਬੱਧਾ।"[16] ਪ੍ਰੋ ਕਿਰਪਾਲ ਸਿੰਘ ਕਸੇਲ ਅਨੁਸਾਰ-"ਪੰਜਾਬੀ ਦਾ ਸਭ ਤੋਂ ਪਹਿਲਾ ਨਾਵਲ ਚਰਨ ਸਿੰਘ ਦਾ 'ਜਗ ਮੜੋਲੀ' ਹੈ। ਇਸ ਮੱਤ ਅਨੁਸਾਰ ਮੋਢੀ ਨਾਵਲਕਾਰ ਡਾ: ਚਰਨ ਸਿੰਘ ਸਿੱਧ ਹੁੰਦਾ ਹੈ। ਈਸ਼ਰ ਸਿੰਘ ਤਾਂਘ ਪੰਜਾਬੀ ਦਾ ਪ੍ਰਥਮ ਨਾਵਲਕਾਰ ਭਾਈ ਵੀਰ ਸਿੰਘ ਨੂੰ ਮੰਨਦਾ ਹੈ ਅਤੇ ਪ੍ਰਥਮ ਨਾਵਲ 1898 ਵਿਚ ਛਪੇ ਆਪ ਦੇ ਨਾਵਲ 'ਸੁੰਦਰੀ' ਨੂੰ ਮੰਨਦਾ ਹੈ। ਡਾ. ਸੁਰਿੰਦਰ ਸਿੰਘ ਦੁਸਾਂਝ ਨੇ ਆਪਣੀ ਪੁਸਤਕ 'ਪੰਜਾਬੀ ਇਤਿਹਾਸਕ ਨਾਵਲ' ਵਿਚ ਇਸ ਤੱਥ ਨੂੰ ਪੇਸ਼ ਕੀਤਾ ਹੈ ਕਿ ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ ਅਤੇ 'ਸੁੰਦਰੀ' ਨੂੰ ਪੰਜਾਬੀ ਦਾ ਪ੍ਰਥਮ ਮੌਲਿਕ ਨਾਵਲ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬੀ ਵਿਦਾਵਾਨਾਂ ਵਲੋਂ ਬਹੁਗਿਣਤੀ ਭਾਈ ਵੀਰ ਸਿੰਘ ਰਚਿਤ ਨਾਵਲ ਸੁੰਦਰੀ ਨੂੰ ਹੀ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਹੈ। ਸੁੰਦਰੀ ਨਾਵਲ ਨੂੰ ਭਾਈ ਵੀਰ ਸਿੰਘ ਜੀ ਨੇ 1898 ਈ ਵਿਚ ਪ੍ਰਕਾਸ਼ਤ ਕਰਕੇ ਪੰਜਾਬੀ ਦੇ ਮੌਲਿਕ ਨਾਵਲ ਦੀ ਨੀਂਹ ਰੱਖੀ।"[17]

ਮੌਲਿਕ ਪੰਜਾਬੀ ਨਾਵਲ ਭਾਈ ਵੀਰ ਸਿੰਘ ਦੇ ਸਿੱਖ ਧਰਮ ਕੇਂਦਰਿਤ ਨਾਵਲ 'ਸੁੰਦਰੀ' ਦੇ ਪ੍ਰਕਾਸ਼ਤ ਹੋਣ ਨਾਲ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੇ ਨਾਵਲ ਧਾਰਮਕ ਪ੍ਰਚਾਰ ਲਈ ਲਿਖੇ। 18ਵੀਂ ਸਦੀ ਦੇ ਇਤਿਹਾਸ ਨੂੰ ਵਿਸ਼ਾ-ਵਸਤੂ ਬਣਾ ਕੇ ਭਾਈ ਵੀਰ ਸਿੰਘ ਨੇ ਪੰਜਾਬੀ ਦੇ ਪਹਿਲੇ ਨਾਵਲ ਸੁੰਦਰੀ', 'ਸਤਵੰਤ ਕੌਰ' ਤੇ 'ਬਿਜੈ ਸਿੰਘ' ਲਿਖੇ। ਉਨ੍ਹਾਂ ਦਾ ਇਹ ਨਾਵਲ ਲਿਖਣ ਦਾ ਮਕਸਦ ਸਿੱਖ ਧਰਮ ਵਿਚ ਆ ਰਹੇ ਗਿਰਾਵਟ ਨੂੰ ਰੋਕਣਾ ਸੀ। 'ਸੁਭਾਗ ਜੀ ਸੁਧਾਰ ਹੱਥੀ ਬਾਬਾ ਨੌਧ ਸਿੰਘ' ਨਾਵਲ ਦਾ ਵਿਸ਼ਾ ਸਿੱਖੀ ਪ੍ਰਚਾਰ ਦੇ ਨਾਲ ਸਮਕਾਲੀ ਪੇਂਡੂ ਸਿੱਖ ਜੀਵਨ ਦੀ ਪੇਸ਼ਕਾਰੀ ਹੈ। ਭਾਈ ਵੀਰ ਸਿੰਘ ਦਾ ਸਮਕਾਲੀ ਪੰਜਾਬੀ ਦਾ ਦੂਸਰਾ ਨਾਵਲਕਾਰ ਹੈ-ਮੋਹਨ ਸਿੰਘ ਵੈਦ। ਉਸਦੀ ਨਾਵਲਕਲਾ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੈ ਪਰ ਉਸਦਾ ਬਿਆਨ ਲੌਕਿਕ ਜੀਵਨ ਦੇ ਵਧੇਰੇ ਨੇੜੇ ਹੈ। ਉਸਨੇ ਪੰਜਾਬੀ ਸਾਹਿਤ ਨੂੰ ਕਈ ਮੌਲਿਕ ਅਤੇ ਅਨੁਵਾਦਤ ਨਾਵਲ ਦਿੱਤੇ ਹਨ। ਉਸਨੇ 'ਸੁਖਦੇਵ ਕੌਰ' ਅਤੇ 'ਸੁਘੜ ਨੂੰਹ ਤੇ ਲੜਾਕੀ ਸੱਸ, 'ਇਕ ਸਿੱਖ ਘਰਾਣਾ', 'ਕਪਟੀ ਮਿੱਤਰ', 'ਸੁਸ਼ੀਲ-ਵਿਧਵਾ', 'ਦੰਪਤੀ ਪਿਆਰ', 'ਸਰੇਸ਼ਟ ਕੁਲ', 'ਵਕੀਲ ਦੀ ਕਿਸਮਤ' ਆਦਿ ਲਿਖੇ। ਉਸਨੇ ਪੰਜਾਬੀ ਨਾਵਲ ਨੂੰ ਇਤਿਹਾਸਕ ਘੇਰੇ ਵਿਚੋਂ ਕੱਢ ਕੇ ਕੁਝ ਯਥਾਰਥ ਛੋਹ ਦਿਵਾਈ ਜੋ ਉਸਦੀ ਇਸ ਪੱਖੋਂ ਵਰਣਨ ਯੋਗ ਦੇਣ ਹੈ।

ਮਾਸਟਰ ਤਾਰਾ ਸਿੰਘ ਦੇ ਲਿਖੇ ਨਾਵਲ 'ਪ੍ਰੇਮ ਲਗਨ' ਤੇ 'ਬਾਬਾ ਤੇਗਾ ਸਿੰਘ' ਵਰਣਨਯੋਗ ਹਨ। 'ਬਾਬਾ ਤੇਗਾ ਸਿੰਘ' ਇਕ ਇਤਿਹਾਸਕ ਨਾਵਲ ਹੈ। 'ਪ੍ਰੇਮ ਲਗਨ' ਨਾਵਲ ਅਕਾਲੀ ਲਹਿਰ ਦੇ ਪਿਛੋਕੜ ਵਿਚ ਪੇਂਡੂ ਸਿੱਖ ਜੀਵਨ ਦਾ ਚਿੱਤਰ

ਪੇਸ਼ ਕਰਦਾ ਹੈ। ਇਸ ਨਾਵਲ ਵਿਚ ਮਾਸਟਰ ਤਾਰਾ ਸਿੰਘ ਨੇ ਭਾਈ ਵੀਰ ਸਿੰਘ ਵਾਂਗ ਪੰਜਾਬੀ ਸਿੱਖ ਭਾਈਚਾਰੇ ਦੇ ਗੁਣਾਂ ਨੂੰ ਵਡਿਆਇਆ ਹੀ ਨਹੀਂ ਸਗੋਂ ਇਸ ਦੇ ਗੁਣਾਂ ਔਗੁਣਾਂ ਦੀ ਸਹੀ ਤਸਵੀਰ ਪੇਸ਼ ਕੀਤੀ ਹੈ। ਈਸ਼ਵਰ ਚੰਦਰ ਨੰਦਾ ਨੂੰ ਪੰਜਾਬੀ ਸਾਹਿਤ ਵਿਚ ਭਾਵੇਂ ਇੱਕ ਨਾਟਕਕਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ ਪਰ ਇਹਨਾਂ ਨੇ ਪੰਜਾਬੀ ਵਿਚ ਤਿੰਨ ਨਾਵਲ ਲਿਖੇ ਹਨ 'ਤੇਜ ਕੌਰ', 'ਮੁਰਾਦ' ਆਦਿ ਹਨ।"[18] ਇਸ ਤੋਂ ਬਾਅਦ ਚਰਨ ਸਿੰਘ ਸ਼ਹੀਦ ਨੇ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਤਿੰਨ ਇਤਿਹਾਸਕ ਨਾਵਲ 'ਦਲੇਰ ਕੌਰ', 'ਰਣਜੀਤ ਕੌਰ' ਅਤੇ 'ਚੰਚਲ ਮੂਰਤੀ' ਲਿਖ ਕੇ ਪ੍ਰਕਾਸ਼ਿਤ ਕਰਾਏ। ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿਚ ਭਾਈ ਵੀਰ ਸਿੰਘ ਨਾਲੋਂ ਵਖਰੇਵਾਂ ਇਸ ਗੱਲ ਵਿਚ ਹੈ ਕਿ ਸ. ਚਰਨ ਸਿੰਘ ਸ਼ਹੀਦ ਨੇ ਮਾਨਵਵਾਦੀ ਅਪੀਲ ਰਾਹੀਂ ਸਿੱਖ ਧਰਮ ਵੱਲ ਪਾਠਕਾਂ ਨੂੰ ਪ੍ਰੇਰਿਆ ਹੈ। ਚਰਨ ਸਿੰਘ ਸ਼ਹੀਦ ਆਪਣੇ ਇਤਿਹਾਸਕ ਨਾਵਲਾਂ ਵਿਚ ਭਾਈ ਵੀਰ ਸਿੰਘ ਨਾਲੋਂ ਵਧੇਰੇ ਯਥਾਰਥਵਾਦੀ ਜਾਪਦਾ ਹੈ।

ਨਾਨਕ ਸਿੰਘ ਪੰਜਾਬੀ ਨਾਵਲ ਦੇ ਖੇਤਰ ਵਿਚ ਬਹੁਤ ਵੱਡਾ ਨਾਵਲਕਾਰ ਹੋਇਆ ਹੈ ਜਿਸ ਨੇ ਸਭ ਤੋਂ ਵੱਧ ਨਾਵਲ ਲਿਖੇ ਹਨ। ਨਾਨਕ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਨਾਵਲ ਵਿਚ ਇਕ ਨਵਾਂ ਮੋੜ ਆਇਆ ਕਿਉਂਕਿ ਉਹ ਪੰਜਾਬੀ ਦਾ ਸਭ ਤੋਂ ਵੱਡਾ ਸੁਧਾਰਵਾਦੀ ਨਾਵਲਕਾਰ ਹੈ। ਉਸਨੇ ਆਪਣੇ ਨਾਵਲਾਂ ਵਿਚ ਸਮਾਜਕ ਕੁਰੀਤੀਆਂ, ਵਿਧਵਾ ਵਿਆਹ, ਛੂਤ-ਛਾਤ, ਬਾਲ ਵਿਆਹ, ਭ੍ਰਿਸ਼ਟਾਚਾਰ, ਸਮਾਜ ਦੇ ਠੇਕੇਦਾਰਾਂ ਦੀਆਂ ਕਰਤੂਤਾਂ, ਨਸ਼ਿਆਂ ਦੀ ਨਿਖੇਧੀ, ਵੱਢੀ-ਖੋਰੀ ਤੇ ਮੁਕੱਦਮੇਬਾਜ਼ੀ ਆਦਿ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ। ਵੇਸਵਾ-ਗਮਨੀ ਦੀ ਗੱਲ ਉਸਨੇ 'ਟੁੱਟੀ ਵੀਣਾ', 'ਗੰਗਾਜਲੀ ਵਿਚ ਸ਼ਰਾਬ', 'ਅੱਧ ਖਿੜਿਆ ਫੁੱਲ' ਵਿਚ ਕੀਤੀ। ਸ਼ਰਾਬ ਦੀ ਲਾਹਨਤ 'ਜੀਵਨ ਸੰਗਰਾਮ', 'ਸੰਗਮ', 'ਅੱਧ ਖਿੜਿਆ ਫੁੱਲ'ਤੇ 'ਪੁਜਾਰੀ' ਵਿਚ ਵੱਖ-ਵੱਖ ਧਰਮਾਂ ਨੂੰ ਧਰਮਾਂ ਨੂੰ ਮੰਨਣ ਵਾਲਿਆਂ ਵਿਚ ਭਰਾਤਰੀ ਭਾਵ 'ਅੱਧ ਖਿੜਿਆ ਫੁੱਲ', 'ਛਲਾਵਾ', 'ਪਿਆਰ ਦੀ ਦੁਨੀਆਂ', 'ਪੁਜਾਰੀ' ਆਦਿ। 'ਚਿੱਟਾ ਲਹੂ' ਨਾਵਲ ਨਾਲ ਪੰਜਾਬੀ ਨਾਵਲ ਇਕ ਨਵਾਂ ਮੋੜ ਮੁੜਦਾ ਹੈ। 'ਮੰਝਧਾਰ', 'ਚਿੱਤਰਕਾਰ', 'ਆਦਮਖੋਰ', 'ਕੱਟੀ ਹੋਈ ਪਤੰਗ', 'ਪੁਜਾਰੀ', 'ਨਾਸੂਰ', 'ਛਲਾਵਾ', 'ਕੋਈ ਹਰਿਆ ਬੂਟ ਰਹਿਓ ਰੀ', 'ਇਕ ਮਿਆਨ ਦੋ ਤਲਵਾਰਾਂ', 'ਗਗਨ ਦਮਾਮਾ ਬਾਜਿਓ' ਆਦਿ ਨਾਵਲਾਂ ਦੇ ਵਿਸ਼ੇ ਸਮਕਾਲੀ ਸਮਾਜਿਕ ਜੀਵਨ ਵਿਚੋਂ ਲਏ ਗਏ ਹਨ। ਨਾਨਕ ਸਿੰਘ ਜਿੱਥੇ ਇਕੋ ਸਮੇਂ ਹੀ ਸਮੱਸਿਆਵਾਂ ਵੀ ਪੇਸ਼ ਕਰਦਾ ਹੈ ਨਾਲ ਉਹਨਾਂ ਦਾ ਹੱਲ ਵੀ ਪੇਸ਼ ਕਰਦਾ ਹੈ। ਨਾਨਕ ਸਿੰਘ ਦੇ ਨਾਲ ਹੀ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਪੰਜਾਬੀ ਨਾਵਲ ਵਿਚ ਆਪਣਾ ਯੋਗਦਾਨ ਦਿੱਤਾ ਭਾਵੇਂ ਕਿ ਆਪ ਇੱਕ ਸਫ਼ਲ ਵਾਰਤਕਕਾਰ/ਕਹਾਣੀਕਾਰ ਵਜੋਂ ਸਤਿਕਾਰੇ ਜਾਂਦੇ ਹਨ। ਪ੍ਰੀਤਲੜੀ ਨੇ 'ਅਣਵਿਆਹੀ ਮਾਂ' ਅਤੇ ਰੁੱਖਾਂ ਦੀ ਜੀਰਾਂਦ' ਦੋ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ ਹਨ ।

ਸੋਹਣ ਸਿੰਘ ਸੀਤਲ ਇਕ ਢਾਡੀ ਅਤੇ ਇਤਿਹਾਸਕਾਰ ਦੇ ਵਾਰਤਕਕਾਰ ਦੇ ਤੌਰ ਤੇ ਵਧੇਰੇ ਪ੍ਰਸਿਧ ਹੈ। ਸੁਤੰਤਰਤਾ ਤੋਂ ਪਿਛੋਂ ਉਸ ਦਾ ਝੁਕਾਅ ਨਾਵਲਕਾਰੀ ਵੱਲ ਹੋਇਆ। ਉਸ ਨੇ 'ਮੁੱਲ ਦਾ ਮਾਸ', 'ਅੰਨ੍ਹੀ ਸੁੰਦਰਤਾ', 'ਵਿਜੋਗਣ', 'ਪਤਵੰਤੇ-ਕਾਤਿਲ', 'ਦੀਵੇ ਦੀ ਲੋਅ', 'ਜੰਗ ਤੇ ਅਮਨ', 'ਤੂਤਾਂ ਵਾਲਾ ਖੂਹ', 'ਈਚੋਗਿਲ ਨਹਿਰ ਤਕ', 'ਯੁੱਗ ਬਦਲ ਗਿਆ' ਆਦਿ ਨਾਵਲ ਲਿਖੇ ਹਨ। ਪੰਜਾਬੀ ਨਾਵਲ ਵਿਚ ਇੱਕ ਹੋਰ ਨਾਂ ਕਰਤਾਰ ਸਿੰਘ ਦੁੱਗਲ ਦਾ ਵੀ ਜੁੜਦਾ ਹੈ

ਜਿਸਨੇ 'ਆਂਦਰਾਂ', 'ਨਹੁੰ ਮਾਸ', 'ਇਕ ਦਿਲ ਵਿਕਾਊ ਹੈ', 'ਦਿਲ ਦਰਿਆ', 'ਮੇਰਾ ਦਿਲ ਮੋੜਦੇ', 'ਹਾਲ ਮੁਰੀਦਾ'ਆਦਿ ਨਾਵਲ ਲਿਖੇ।

ਸੁਰਿੰਦਰ ਸਿੰਘ ਨਰੂਲਾ ਦੇ ਨਾਵਲ 'ਪਿਉ ਪੁੱਤਰ' ਪੰਜਾਬੀ ਨਾਵਲ ਵਿਚ ਯਥਾਰਥਵਾਦੀ ਨਾਵਲ ਪ੍ਰੰਪਰਾ ਦਾ ਆਰੰਭ ਹੁੰਦਾ ਹੈ। 'ਪਿਉ ਪੁੱਤਰ' ਨਾਵਲ ਦੀ ਸਾਹਿਤਕ ਮਹਾਨਤਾ ਦੇ ਨਾਲ-ਨਾਲ ਇਤਿਹਾਸਕ ਮਹਾਨਤਾ ਵੀ ਬਹੁਤ ਹੈ। ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿਚ "ਪੰਜਾਬੀ ਪੜ੍ਹਨ ਵਾਲਿਆਂ ਲੋਕਾਂ ਦਾ ਧਿਆਨ ਮੈਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹੁਣੇ ਜੇ ਹੋਈ ਇਕ ਘਟਨਾ ਵੱਲ ਖਿੱਚਣਾ ਚਾਹੁੰਦਾ ਹੈ। ਉਹ ਘਟਨਾ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਇਕ ਅਜਿਹਾ ਨਾਵਲ (ਪਿਉ ਪੁੱਤਰ)ਪ੍ਰਕਾਸ਼ਤ ਹੋਇਆ ਹੈ ਜੋ ਪੰਜਾਬੀ ਜੀਵਨ ਨੂੰ ਪਹਿਲੀ ਵਾਰੀ ਇਸ ਤਰ੍ਹਾਂ ਰੂਪਮਾਨ ਕਰਦਾ ਹੈ ਜਿਸ ਉਤੇ ਯੋਗ ਮਾਣ ਕੀਤਾ ਜਾ ਸਕਦਾ ਹੈ। ਇਸ ਤੋਂ ਪਿਛੋਂ ਨਰੂਲਾ ਨੇ 'ਰੰਗ ਮਹੱਲ', 'ਦੀਨ ਤੇ ਦੁਨੀਆਂ', 'ਜਗਰਾਤਾ', 'ਲੋਕ', ਨੀਲੀ ਬਾਰ, ਆਦਿ।

ਪੰਜਾਬੀ ਦਾ ਵੱਡਾ ਨਾਵਲਕਾਰ ਜਸਵੰਤ ਸਿੰਘ ਕੰਵਲ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਨਾਵਲਕਾਰ ਹੈ। ਜਸਵੰਤ ਸਿੰਘ ਕੰਵਲ ਦੀ ਪੰਜਾਬੀ ਨਾਵਲ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸ ਨੇ ਮਾਲਵੇ ਦੇ ਪੇਂਡੂ ਜੀਵਨ ਨੂੰ ਪਹਿਲੀ ਵਾਰੀ ਪੰਜਾਬੀ ਨਾਵਲ ਦਾ ਵਿਸ਼ਾ ਬਣਾਇਆ ਹੈ। ਪਿੰਡਾਂ ਵਿਚ ਰਹਿਣ ਕਰਕੇ ਪਿੰਡਾਂ ਦੇ ਜੀਵਨ ਸੰਬੰਧੀ ਉਸ ਦੀ ਜਾਣਕਾਰੀ ਡੂੰਘੀ ਤੇ ਵਿਸ਼ਾਲ ਹੈ। 'ਹਾਣੀ'ਅਤੇ 'ਪੂਰਨਮਾਸ਼ੀ' ਨਾਵਲਾਂ ਵਿਚ ਉਸ ਨੇ ਪੇਂਡੂ ਜੀਵਨ ਨਾਲ ਸੰਬੰਧਤ ਆਰਥਕ, ਸਮਾਜਕ, ਸਦਾਚਾਰਕ ਤੇ ਧਾਰਮਕ ਸਾਰੇ ਪੱਖਾਂ ਤੋਂ ਗੱਲ ਕੀਤੀ ਹੈ। ਪੰਜਾਬੀ ਸਾਹਿਤ ਵਿਚ ਸਤਿਕਾਰਤ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੇ ਵੀ ਪੰਜਾਬੀ ਨਾਵਲ ਦੇ ਖੇਤਰ ਵਿਚ ਵਰਨਣਯੋਗ ਨਾਵਲ ਲਿਖੇ ਹਨ। ਉਸ ਨੇ ਨਾਵਲਾਂ ਵਿਚ ਵਧੇਰੇ ਇਸਤਰੀਆਂ ਦੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਇਸਤਰੀ ਦੇ ਹਿਰਦੇ ਦੇ ਦਰਦ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕੀ ਹੈ। 'ਜੈ ਸ਼ਿਰੀ' ਅੰਮ੍ਰਿਤਾ ਦਾ ਪਹਿਲਾ ਨਾਵਲ ਹੈ, ਫੇਰ ਉਸ ਨੇ 'ਡਾਕਟਰ ਦੇਵ', 'ਪਿੰਜਰ'ਅਤੇ 'ਆਲ੍ਹਣਾ' ਲਿਖੇ। 'ਪਿੰਜਰ' ਵੰਡ ਨਾਲ ਸੰਬੰਧਤ ਨਾਵਲ ਹੈ। 'ਚੱਕ ਨੰਬਰ ਛੱਤੀ', 'ਇਕ ਸੀ ਅਨੀਤਾ'ਅਤੇ 'ਦਿੱਲੀ ਦੀਆਂ ਗਲੀਆਂ' ਕੁਝ ਉਸ ਦੇ ਵਿਸ਼ੇਸ਼ ਨਾਵਲ ਹਨ। ਵਿਸ਼ੇ ਅਤੇ ਸ਼ੈਲੀ ਦੇ ਪੱਖੋਂ ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਨਾਵਲ ਨੂੰ ਦੇਣ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ। ਪੱਤਰਕਾਰ ਅਤੇ ਅਜੀਤ ਅਖ਼ਬਾਰ ਦੇ ਬਾਨੀ ਸੰਪਾਦਰ ਡਾ. ਸਾਧੂ ਸਿੰਘ ਹਮਦਰਦ ਨੇ ਵੀ ਪੰਜਾਬੀ ਨਾਵਲ ਜਗਤ ਵਿਚ 'ਜੀਨਤ ਬਘੇਲ ਸਿੰਘ', 'ਅਣਖ', 'ਮੇਕ ਅਪ', 'ਟੱਕਰ' ਇਤਿਹਾਸਕ-ਸਮਾਜਿਕ ਨਾਵਲ ਲਿਖ ਕੇ ਆਪਣਾ ਯੋਗਦਾਨ ਪਾਇਆ ਹੈ। ਪੰਜਾਬੀ ਦੇ ਸਿਰਮੌਰ ਪ੍ਰਗਤੀਵਾਦੀ ਕਹਾਣੀਕਾਰ ਸੰਤੋਖ ਸਿੰਘ ਧੀਰ ਨੇ 'ਸ਼ਰਾਬੀ', 'ਉਹ ਦਿਨ' ਅਤੇ 'ਯਾਦਗਾਰ' ਨਾਵਲ ਪੰਜਾਬੀ ਸਾਹਿਤ ਦੀ ਝੋਲ਼ੀ ਵਿਚ ਪਾਏ ਹਨ। ਹਰਨਾਮ ਦਾਸ ਸਹਿਰਾਈ-'ਲੋਹਗੜ੍ਹ', 'ਅਨੂਪ ਕੌਰ', 'ਸਭਰਾਉ', 'ਸਫ਼ੇਦ ਪੋਸ਼', 'ਪਥਿਕ', 'ਗਲੀ ਮੁਹੱਲੇ ਦੇ ਲੋਕ', 'ਮੱਸਾ ਰੰਗੜ', 'ਆਰਸੀ ਵਾਲਾ ਸਿੱਕਾ', ਸੰਤ ਸਿੰਘ ਸੇਖੋਂ-'ਬਾਬਾ ਆਸਮਾਨ' ਨਾਵਲਾਂ ਰਾਹੀਂ ਪੰਜਾਬੀ ਨਾਵਲ ਜਗਤ ਵਿਚ ਚੰਗੇਰੀ ਸੂਝ ਦਾ ਪ੍ਰਮਾਣ ਦੇ ਚੁੱਕੇ ਹਨ।

ਨਰਿੰਦਰ ਸਿੰਘ ਦੀ ਨਾਵਲ ਰਚਨਾ ਦਾ ਆਕਾਰ ਵੀ ਚੋਖਾ ਹੈ। ਉਸ ਦਾ ਸਭ ਤੋਂ ਪਹਿਲਾ ਨਾਵਲ 'ਮਲਾਹ' ਛਪਿਆ। ਇਸ ਤੋਂ ਪਿਛੋਂ ਉਸਨੇ 'ਖੰਨਿਓਂ ਤਿੱਖੀ ਵਾਲੋਂ ਨਿੱਕੀ', 'ਏਤਿ ਮਾਰਗ ਜਾਣਾ', 'ਸ਼ਕਤੀ', 'ਤ੍ਰੀਆ ਜਾਲ', 'ਇਕ ਰਾਹ ਇਕ ਪੜਾ', 'ਅਮਨ ਦੇ ਰਾਹ', 'ਪੁੰਨਿਆ ਕਿ ਮੱਸਿਆ', 'ਟਾਪੂ', 'ਸੈਨਾਪਤੀ', 'ਉਨਤਾਲੀ ਵਰ੍ਹੇ', 'ਵਿਕੇਂਦ੍ਰਿਤ', 'ਚਾਨਣ ਖੜਾ ਕਿਨਾਰੇ'ਅਤੇ 'ਬਾ ਮੁਲਾਹਜਾ ਹੋਸ਼ਿਆਰ' ਨਾਵਲ ਸਾਹਿਤ ਨੂੰ ਦਿੱਤੇ। 'ਬਾ ਮੁਲਹਜਾ ਹੋਸ਼ਿਆਰ' ਨੂੰ ਸਾਹਿਤ ਅਕਾਦਮੀ ਵਲੋਂ ਇਨਾਮ ਮਿਲ ਚੁੱਕਿਆ ਹੈ। ਮਹਿੰਦਰ ਸਿੰਘ ਸਰਨਾ ਭਾਵੇਂ ਕਹਾਣੀਕਾਰ ਪਹਿਲਾਂ ਹੈ ਤੇ ਨਾਵਲਕਾਰ ਪਿਛੋਂ ਪਰ ਉਸਦੇ ਨਾਵਲ 'ਪੀੜਾਂ ਮੱਲੇ ਰਾਹ'ਅਤੇ 'ਕਾਂਗਾਂ ਦੇ ਕੰਡੇ', 'ਗਗਨ ਦਮਾਮਾ ਬਾਜਿਉ, 'ਤ੍ਰਿਸ਼ੰਕੂ', 'ਗੁਲਮੋਹਰ', 'ਜ਼ਰ ਜ਼ੋਰੂ ਜ਼ਮੀਨ, ਲਿਖੇ ਹਨ। ਮਨੋਵਿਗਿਆਨਕ ਪਾਤਰ ਚਿਤਰ ਅਤੇ ਵਿਅੰਗਾਤਾਮਕ ਸ਼ੈਲੀ ਇਹਨਾਂ ਨਾਵਲ ਦੇ ਵਿਸ਼ੇਸ਼ ਗੁਣ ਹਨ। ਸੁਰਜੀਤ ਸਿੰਘ ਸੇਠੀ ਨੇ ਪੰਜਾਬੀ ਨਾਵਲ ਵਿਚ ਕਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ। ਉਸ ਨੇ ਐਬਸਰਡ ਸ਼ੈਲੀ ਦੀ ਵਰਤੋ ਕੀਤੀ। 'ਰੇਤ ਦਾ ਪਹਾੜ', 'ਇਕ ਸ਼ਹਿਰ ਦੀ ਗੱਲ', 'ਕੰਧੀ ਉੱਤੇ ਰੁਖੜਾ', 'ਸੱਲ ਪੱਥਰ', 'ਇੱਕ ਖਾਲੀ ਪਿਆਲਾ', 'ਆਬਰਾ ਕਦਾਬਰਾ', 'ਕੱਲ੍ਹ ਵੀ ਸੂਰਜ ਨਹੀਂ ਚੜੇਗਾ' ਆਦਿ ਨਾਵਲ ਲਿਖੇ ਹਨ। 'ਰੇਤ ਦਾ ਪਹਾੜ'ਵਿਚ ਪੂੰਜੀਵਾਦੀ ਸਮਾਜ ਨੂੰ ਰੇਤ ਦਾ ਪਹਾੜ ਮੰਨਿਆ ਹੈ ਅਤੇ ਉਸ ਦੇ ਖੋਖਲੇਪਨ ਤੋਂ ਪਰਦਾ ਲਾਹਿਆ ਹੈ। 'ਕੰਧੀ ਉਤੇ ਰੁਖੜਾ'ਨਾਵਲ ਵਿਚ ਚਾਰ ਪੀੜ੍ਹੀਆਂ ਦਾ ਜੀਵਨ ਪੇਸ਼ ਕੀਤਾ ਗਿਆ ਹੈ। ਸੁਰਜੀਤ ਸਿੰਘ ਸੇਠੀ ਦੇ ਪਿਛਲੇ ਦੋ ਨਾਵਲ 'ਇਕ ਖਾਲੀ ਪਿਆਲਾ'ਅਤੇ ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ', ਮਨੋਵਿਗਿਆਨਕ ਯਥਾਰਥਵਾਦ ਨੂੰ ਪੇਸ਼ ਕਰ ਰਹੇ ਹਨ। ਸੇਠੀ ਨੇ ਆਪਣੇ ਨਾਵਲ 'ਇਕ ਖਾਲੀ ਪਿਆਲਾ' ਵਿਚ ਚੇਤਨਾ ਪ੍ਰਵਾਹ ਸ਼ੈਲੀ ਦਾ ਬੜੀ ਸਫ਼ਲਤਾ ਨਾਲ ਨਵਾਂ ਤਜਰਬਾ ਕੀਤਾ ਹੈ। 'ਬਦਨਾਮ ਸੜਕਾਂ'ਸੇਠੀ ਦਾ ਇਕ ਹੋਰ ਨਵਾਂ ਨਾਵਲ ਹੈ। ਇਹ ਨਾਵਲ ਉੱਚ ਮੱਧ ਵਰਗ ਦੇ ਲੋਕਾਂ ਦੀ ਮਾਨਸਿਕ ਜਟਿਲਤਾ ਨੂੰ ਚਿਤਰਦਾ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲ–'ਇਹ ਹਮਾਰਾ ਜੀਵਣਾ' 'ਅਗਨੀ ਪਰੀਖਿਆ' ਅਤੇ 'ਤੀਲ੍ਹੀ ਦਾ ਨਿਸ਼ਾਨ' ਮਹੱਤਵਪੂਰਨ ਰਚਨਾਵਾਂ ਹਨ। 'ਇਹ ਹਮਾਰਾ ਜੀਵਣਾ' ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਇੱਕ ਸਫ਼ਲ ਨਾਵਲ ਹੈ। ਉਸਦੇ ਨਵੇਂ ਨਾਵਲ 'ਹਸਤਾਖਰ', 'ਪੈੜ-ਚਾਲ', 'ਰਿਣ ਪਿੱਤਰਾਂ ਦਾ', 'ਲੰਘ ਗਏ ਦਰਿਆ', ਅਤੇ 'ਕਥਾ ਕਹੋ ਉਰਵਸ਼ੀ' ਦਲੀਪ ਕੌਰ ਟਿਵਾਣਾ ਨੂੰ ਉਸਦੀ ਵੱਡ ਆਕਾਰੀ ਗੱਦ ਰਚਨਾ 'ਕਥਾ ਕਹੋ ਉਰਵਸ਼ੀ' ਉੱਤੇ ਬਿਰਲਾ ਫਾਊਂਡੇਸ਼ਨ ਦੇ ਸਰਸਵਤੀ ਸਨਮਾਨ ਅਤੇ ਪਦਮ ਸ੍ਰੀ ਦੀ ਵੀ ਉਪਾਧੀ ਨਾਲ ਵੀ ਪੁਰਸਕਾਰਿਆ ਹੈ ।

ਗੁਰਦਿਆਲ ਸਿੰਘ ਇਸ ਕਾਲ ਦੇ ਅਤੇ ਸਮੁੱਚੀ ਪੰਜਾਬੀ ਨਾਵਲੀ ਪੰਰਪਰਾ ਦਾ ਪ੍ਰਮੱਖ ਨਾਵਲਕਾਰ ਹੈ ਉਹ ਪੰਜਾਬੀ ਜਾਗੀਰਦਾਰੀ ਵਿਵਸਥਾ ਤੋਂ ਪੂੰਜੀਵਾਦ ਵਿਵਸਥਾ ਵਿਚ ਹੋ ਰਹੇ ਬਦਲ ਅਤੇ ਪਰਵਿਰਤਨ ਨਾਲ ਉਪਜੇ ਮਨੁੱਖੀ ਸੰਕਟ ਅਤੇ ਤ੍ਰਾਸਦੀ ਦੀ ਪੇਸ਼ਕਾਰੀ ਕਰਦਾ ਹੈ। ਮਾਲਵੇ ਦੇ ਖੇਤਰ ਬਾਰੇ, ਰਿਸ਼ਤਿਆਂ ਵਿਚ ਆ ਰਹੇ ਬਦਲਾਵ ਦੀ ਪੇਸ਼ਕਾਰੀ ਕਰਦਾ ਹੈ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪਹਿਲੀ ਵਾਰ ਮੱਧ ਸ਼੍ਰੇਣੀ ਦੀ ਥਾਂ ਹੇਠਲੇ ਪੇਂਡੂ ਵਰਗ ਦੀ ਪੇਸ਼ਕਾਰੀ ਦੀ ਗੱਲ ਕੀਤੀ ਹੈ। ਪ੍ਰਸਿੱਧ ਨਾਵਲ 'ਮੜ੍ਹੀ ਦਾ ਦੀਵਾ', 'ਅਣਹੋਏ', 'ਕੁਵੇਲਾ', 'ਰੇਤੇ ਦੀ ਇਕਮੁੱਠ', 'ਅੱਧ ਚਾਨਣੀ ਰਾਤ', 'ਅੰਨ੍ਹੇ ਘੋੜੇ ਦਾ ਦਾਨ', 'ਆਥਣ', 'ਉਗਣ', 'ਪਹੁ-ਫੁਟਾਲੇ', ਅਤੇ 'ਪਰਸਾ', ਆਦਿ ਸਾਮਿਲ ਹਨ। "[19]

ਅਜੀਤ ਕੌਰ ਪੰਜਾਬੀ ਨਾਵਲ ਦੀ ਇੱਕ ਅਜਿਹੀ ਨਾਵਲਕਾਰਾ ਹੈ ਜਿਸਨੇ ਔਰਤ ਦੀਆਂ ਸਮੱਸਿਆਵਾਂ ਅਤੇ ਉਸਦੀ ਮਾਨਸਿਕਤਾ ਨੂੰ ਬੜੀ ਹੀ ਬੇਬਾਕੀ ਨਾਲ ਪੰਜਾਬੀ ਨਾਵਲ ਵਿਚ ਪੇਸ਼ ਕੀਤਾ ਹੈ ਉਸਦੇ ਨਾਵਲ–'ਪੋਸਟ ਮਾਰਟਮ' ਅਤੇ 'ਧੁੱਪ ਵਾਲਾ ਸ਼ਹਿਰ'ਨਵੀਆਂ ਕੀਮਤਾਂ ਨੂੰ ਪਰਿਵਰਤਨਸ਼ੀਲ ਮਨੁੱਖੀ ਸੁਭਾਅ ਦੇ ਪ੍ਰਸੰਗ ਵਿੱਚ ਪੇਸ਼ ਕਰਦੇ ਹਨ।

ਮਨਜੀਤ ਰਾਣਾ ਨੇ 'ਧਰਤੀ ਦੇ ਵਾਰਸ', 'ਅੰਗਰੇਜ਼ ਕੁੜੀਆਂ' ਅਤੇ 'ਦਿਲ ਤੇ ਦੁਨੀਆਂ' ਨਾਵਲਾਂ ਵਿੱਚ ਮਨੁੱਖੀ ਜੀਵਨ ਦੇ ਹਨੇਰੇ ਪੱਖਾਂ ਉੱਤੇ ਰੋਸ਼ਨੀ ਪਾਈ ਹੈ।

ਸੁਰਜੀਤ ਹਾਂਸ ਵੱਖਰੀ ਸ਼ੈਲੀ ਨੂੰ ਪੇਸ਼ ਕਰਨ ਵਾਲਾ ਨਾਵਲਕਾਰ ਹੈ। ਉਸ ਦੇ ਨਾਵਲ 'ਮਿੱਟੀ ਦੀ ਢੇਰੀ' ਅਤੇ 'ਪੁਸ਼ਤਾ' ਪੰਜਾਬੀ ਨਾਵਲ ਵਿਚ ਵਰਨਣਯੋਗ ਨਾਵਲ ਹਨ। ਨਿੰਦਰ ਗਿੱਲ –'ਪਲ ਪਲ ਮਰਨਾ', 'ਦਹਿਸ਼ਤ ਦੇ ਦਿਨਾਂ ਵਿਚ', 'ਚੋਣ ਹਲਕਾ ਪਾਇਲ', 'ਪੰਜਾਬ 84', 'ਅਸੀਂ ਜਿਊਦੇ ਅਸੀਂ ਜਾਗਦੇ' ਆਦਿ ਨਾਵਲਾਂ ਰਾਹੀ ਇੱਕ ਚਰਚਿਤ ਨਾਵਲਕਾਰ ਵਜੋਂ ਆਪਣੀ ਪਛਾਣ ਬਣਾਉਣ ਵਿਚ ਕਾਮਯਾਬ ਹੋਇਆ ਹੈ।

ਕਰਤਾਰ ਸਿੰਘ ਦੁੱਗਲ ਨੇ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਦੇ ਤੌਰ ਤੇ ਪ੍ਰਵੇਸ਼ ਕੀਤਾ। ਦੁੱਗਲ ਨੂੰ ਨਾਵਲਕਾਰ ਦੇ ਤੌਰ ਤੇ ਨਾਵਲ ਖੇਤਰ ਵਿਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਦੇ ਖੇਤਰ ਵਿਚ ਪ੍ਰਾਪਤ ਹੈ। ਦੁੱਗਲ ਨੂੰ ਨਾਵਲਕਾਰ ਦੇ ਤੌਰ ਤੇ ਨਾਵਲ ਖੇਤਰਵਿਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਵਿਚ ਪ੍ਰਾਪਤ ਹੈ। ਦੁੱਗਲ ਨੇ ਹੁਣ ਤੱਕ 'ਆਂਦਰਾਂ', 'ਨਹੁੰ ਤੇ ਮਾਸ', 'ਇਕ ਦਿਲ ਵਿਕਾਊ', 'ਦਿਲ ਦਰਿਆ', 'ਮੇਰਾ ਦਿਲ ਮੋੜ ਦੇ', 'ਤ੍ਰੈ ਲੜੀ', 'ਹਾਲ ਮੁਰੀਦਾ ਦਾ', 'ਮਨ ਪਰਦੇਸੀ', 'ਮਾਂ ਪਿਉ ਦੇ ਜਾਏ', 'ਅੰਮੀ ਨੂੰ ਕੀ ਹੋ ਗਿਆ', 'ਫੁੱਲਾਂ ਦਾ ਸਾਥ', 'ਪੈਣਗੇ ਵੈਣ ਡੂੰਘੇ' ਆਦਿ ਨਾਵਲ ਲਿਖੇ ਹਨ। ਨਿਰੰਜਨ ਤਸਨੀਮ ਦੇ ਨਾਵਲ 'ਤ੍ਰੇੜਾਂ ਤੇ ਰੂਪ', 'ਕਸਕ', 'ਪਰਛਾਵੇਂ', 'ਰੇਤ ਛੱਲ', 'ਅਜਨਵੀ ਲੋਕ', 'ਸਵੇਰ ਹੋਣ ਤੱਕ' ਅਤੇ 'ਗੁਆਚੇ ਅਰਥ' ਮਹੱਤਵਪੂਰਨ ਨਾਵਲ ਹਨ। ਉਸਦੇ ਨਾਵਲ 'ਗੁਆਚੇ ਅਰਥ'ਨੂੰ ਸਾਹਿਤ ਅਕਾਦਮੀ ਐਵਾਰਡ ਵੀ ਮਿਲਿਆ।

ਸੁਰਿੰਦਰ ਜੌਹਰ 'ਰਾਹ ਦੀ ਧੂੜ' 'ਟੁੱਟੀਆਂ ਤੰਦਾਂ', 'ਮੋਈ ਰੁੱਤ' 'ਚੁਪ ਦਾ ਸਫ਼ਰ' ਨਾਵਲਾਂ ਰਾਹੀਂ ਅਹਿਮ ਯੋਗਦਾਨ ਦੇ ਚੁੱਕਾ ਹੈ। ਉਸਨੇ ਉਪਰਲੀ ਮੱਧ ਸ਼੍ਰੇਣੀ ਦੇ ਜੀਵਨ ਨੂੰ ਚਿਤਰਿਆ ਹੈ। ਇਸਦੇ ਪਹਿਲੇ ਨਾਵਲਾਂ ਵਿੱਚ ਕਹਾਣੀ ਪ੍ਰਧਾਨ ਹੈ ਉਸਦੇ ਨਵੇਂ ਨਾਵਲ 'ਮੋਈ ਰੁੱਤ' ਵਿੱਚ ਵਸਤੂ ਦੇ ਨਾਲ-ਨਾਲ ਆਕਾਰ ਵੀ ਬਦਲਿਆ ਹੈ। ਜਗਜੀਤ ਬਰਾੜ ਦੇ ਨਾਵਲ 'ਧੁੱਪ ਦਰਿਆ ਦੀ ਦੋਸਤੀ' ਨਿੱਕੇ ਆਕਾਰ ਦਾ ਪਰ ਆਧੁਨਿਕ ਚੇਤਨਤਾ ਦਾ ਨਾਵਲ ਹੈ।

ਹਰਨਾਮ ਦਾਸ ਨੇ ਪੰਜਾਬੀ ਸਾਹਿਤ ਨੂੰ ਸਮਾਜਿਕ ਤੇ ਇਤਿਹਾਸਕ ਦੋ ਪਕਾਰ ਦੇ ਨਾਵਲ ਦਿੱਤੇ ਹਨ 'ਲੋਹਗੜ੍ਹ' ਅਤੇ 'ਅਨੂਪ ਕੌਰ' ਉਸਦੇ ਇਤਿਹਾਸਕ ਨਾਵਲ ਹਨ। ਸਫੈਦ ਪੋਸ਼ ਨਾਵਲ ਵਿੱਚ ਉਸਨੇ ਸਮਾਜ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ ਤੇ ਕਾਮਵਾਸ਼ਨਾ ਨੂੰ ਪੇਸ਼ ਕੀਤਾ ਹੈ। ਉਸਦੇ ਹੋਰ ਨਾਵਲ ਹਨ 'ਸਤਰੰਗ', 'ਡਾਂਚੀ', 'ਅੱਧੀ ਰਾਤ', 'ਗਲੀ ਮਹੱਲੇ ਦੇ ਲੋਕ' ਆਦਿ।

ਦਵਿੰਦਰ ਸਤਿਆਰਥੀ ਦੇ ਨਾਵਲ-'ਘੋੜਾ ਬਾਦਸ਼ਾਹ' ਅਤੇ 'ਤਿੰਨਾਂ ਬੂਹਿਆਂ ਵਾਲਾ ਘਰ' ਪੰਜਾਬੀ ਨਾਵਲ ਵਿਚ ਉੱਤਮ ਪ੍ਰਯੋਗ ਹਨ। ਕੇਸਰ ਸਿੰਘ ਦਾ ਨਾਵਲ-'ਜੰਗੀ ਕੈਦੀ', ਬਰਜਿੰਦਰ ਹਮਦਰਦ ਦਾ ਨਾਵਲ-'ਕੁਝ ਪੱਤਰੇ', ਸਵਿੰਦਰ ਸਿੰਘ ਉਪਲ ਦਾ ਨਾਵਲ-'ਲਛਮਣ ਰੇਖਾ', ਮਹਿੰਦਰ ਸਿੰਘ ਜੋਸ਼ੀ ਦਾ ਨਾਵਲ-'ਤਾਰਿਆਂ ਦੇ ਪੈਰ ਚਿੰਨ੍ਹ', ਭੁਪਿੰਦਰ ਸਿੰਘ ਦਾ

ਨਾਵਲ-'ਸਲੀਬ ਤੇ ਸਰਹੱਦ', ਸਵਰਨ ਚੰਦਨ ਦਾ ਨਾਵਲ-'ਕੰਜਕਾਂ', ਸੁਰਿੰਦਰਪਾਲ ਢਿੱਲੋਂ ਦਾ ਨਾਵਲ-'ਪੈੜਾਂ ਦੇ ਰਾਹ', ਗੁਰਚਰਨ ਸਿੰਘ ਰਾਓ ਦਾ ਨਾਵਲ-'ਮਸ਼ਾਲਚੀ', ਕਿਰਪਾਲ ਸਿੰਘ ਆਜ਼ਾਦ ਦਾ ਨਾਵਲ-'ਸੁਪਨੇ ਤੋਂ ਸੱਚ ਤੱਕ', ਓਮ ਪ੍ਰਕਾਸ਼ ਗਾਸੋ ਦੇ ਨਾਵਲ -'ਸੁਪਨੇ ਤੇ ਸੰਸਕਾਰ' ਅਤੇ 'ਪੰਚਨਾਦ', 'ਤੱਤੀ ਹਵਾ', 'ਮੌਤ ਦਰ ਮੌਤ', ਅਤੇ 'ਖੱਤ ਦੀ ਇਬਾਰਤ' ਆਦਿ ਪੰਜਾਬੀ ਦੇ ਕੁਝ ਹੋਰ ਵਰਣਨਯੋਗ ਨਾਵਲ ਹਨ।

## ਪੰਜਾਬੀ ਨਾਵਲ ਦੀਆਂ ਪ੍ਰਮੁੱਖ ਪ੍ਰਵਿਰਤੀਆਂ-

**ਇਤਿਹਾਸਕ ਮੁੱਖਧਾਰਮਿਕਪ੍ਰਵ੍ਰਿਤੀ**- ਭਾਈ ਵੀਰ ਸਿੰਘ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਾਹਿਤ ਰਚਨਾ ਦਾ ਕਾਰਜ ਆਰੰਭਿਆ। ਉਸ ਸਮੇਂ ਹਰ ਧਰਮ ਦੇ ਵਿਅਕਤੀ ਆਪਣੇ ਧਰਮ ਨੂੰ ਉੱਚਾ ਬਣਾਉਣ ਲਈ ਰਚਨਾਵਾਂ ਰਚ ਰਹੇ ਸਨ ਤੇ ਭਾਈ ਵੀਰ ਸਿੰਘ ਨੇ ਵੀ ਇਸ ਪ੍ਰਭਾਵ ਅਧੀਨ ਰਚਨਾ ਕੀਤੀ। ਹਿੰਦੂਆਂ ਵਿੱਚ ਸ਼ਰਧਾ ਰਾਮ ਫ਼ਲੌਰੀ ਵਰਗੇ ਲੇਖਕ ਅਤੇ ਸਿੱਖਾਂ ਵਿੱਚ ਗਿਆਨੀ ਗੁਰਦਿੱਤ ਸਿੰਘ, ਡਾ. ਚਰਨ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਭਾਈ ਵੀਰ ਸਿੰਘ ਵਰਗੇ ਪ੍ਰਸਿੱਧ ਲੇਖਕਾਂ ਨੇ ਧਾਰਮਿਕ ਪੁਨਰ-ਜਾਗ੍ਰਿਤੀ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ। ਭਾਈ ਵੀਰ ਸਿੰਘ ਨੇ ਸਿੱਖ ਧਰਮ ਦੀ ਸ੍ਰੇਸ਼ਟਤਾ ਨੂੰ ਪ੍ਰਚਾਰਨ ਲਈ ਅਤੇ ਆਮ ਲੋਕਾਂ ਵਿੱਚ ਆਈਆਂ ਕੁਰੀਤੀਆਂ ਅਤੇ ਅੰਧ-ਵਿਸ਼ਵਾਸ਼ਾਂ ਨੂੰ ਦੂਰ ਕਰਨ ਵਾਸਤੇ 'ਖਾਲਸਾ ਟ੍ਰੈਕਟ ਸੋਸਾਇਟੀ' ਦਾ ਗਠਨ ਕੀਤਾ। ਇਸ ਸੋਸਾਇਟੀ ਲਈ ਭਾਈ ਵੀਰ ਸਿੰਘ ਦਾ ਸਮੁੱਚਾ ਜੀਵਨ ਸਮਰਪਿਤ ਰਿਹਾ। ਭਾਈ ਸਾਹਿਬ ਨੇ ਪਹਿਲਾਂ-ਪਹਿਲ ਆਪਣੇ ਧਾਰਮਿਕ-ਇਤਿਹਾਸਕ ਨਾਵਲ ਟ੍ਰੈਕਟਾਂ ਦੇ ਰੂਪ ਵਿੱਚ ਹੀ ਪ੍ਰਕਾਸ਼ਿਤ ਕੀਤੇ ਸਨ। ਡਾ. ਸੁਰਿੰਦਰ ਸਿੰਘ ਕੋਹਲੀ, ਭਾਈ ਵੀਰ ਸਿੰਘ ਦੇ ਨਾਵਲਾਂ ਨੂੰ 'ਸਿੱਖ ਨਾਵਲ'ਦਾ ਨਾਮ ਦਿੰਦਾ ਹੈ। ਉਸ ਸਮੇਂ ਦੇ ਕੁਝ ਹੋਰ ਆਲੋਚਕ ਪ੍ਰੋ.ਸ.ਸ.ਅਮੋਲ, ਪ੍ਰੋ. ਕਿਰਪਾਲ ਸਿੰਘ ਕਸੇਲ, ਪ੍ਰੋ. ਪ੍ਰਿਤਪਾਲ ਸਿੰਘ ਅਤੇ ਡਾ. ਗੁਰਦਿਆਲ ਸਿੰਘ ਫੁੱਲ ਇਹਨਾਂ ਨਾਵਲਾਂ ਨੂੰ 'ਇਤਿਹਾਸਕ ਨਾਵਲ' ਆਖਦੇ ਹਨ। ਭਾਈ ਵੀਰ ਸਿੰਘ ਤੋਂ ਬਾਅਦ ਚਰਨ ਸਿੰਘ ਸ਼ਹੀਦ ਦੇ 'ਚੰਚਲ ਮੂਰਤੀ', 'ਦਲੇਰ ਕੌਰ', 'ਸ਼ਰਾਬ ਕੌਰ' ਤੇ 'ਦੋ ਵਹੁਟੀਆਂ' ਇਸੇ ਪ੍ਰਵ੍ਰਿਤੀ ਅਧੀਨ ਲਿਖੇ ਗਏ ਨਾਵਲ ਹਨ। ਮਾਸਟਰ ਤਾਰਾ ਸਿੰਘ, ਗਿਆਨੀ ਗਿਆਨ ਸਿੰਘ ਨੇ ਇਸੇ ਪ੍ਰਵ੍ਰਿਤੀ ਅਧੀਨ ਨਾਵਲ ਲਿਖੇ। ਇਸ ਪ੍ਰਵ੍ਰਿਤੀ ਅਧੀਨ ਲਿਖੇ ਨਾਵਲਾਂ ਦਾ ਮੁੱਖ ਮੰਤਵ ਸਿੱਖ ਮਨ ਵਿੱਚ ਆਈ ਗਿਰਾਵਟ, ਭੇਖਾਂ ਅਤੇ ਪਾਖੰਡਾਂ ਦਾ ਖੰਡਨ ਕਰਨਾ, ਸਿੱਖ ਜਗਤ ਦੇ ਮਨ ਨੂੰ ਹਲੂਣਾ ਦੇਣਾ, ਸਿੱਖਾਂ ਦੀ ਖੋਈ ਹੋਈ ਮਰਿਆਦਾ ਨੂੰ ਪੁਨਰ ਸੁਰਜੀਤ ਕਰਨਾ। ਇਹਨਾਂ ਨਾਵਲਕਾਰਾਂ ਨੇ ਉਸ ਸਮੇਂ ਦੀਆਂ ਸਮਾਜਿਕ ਸਮੱਸਿਆਵਾਂ ਨੂੰ ਵੀ ਆਪਣੀਆਂ ਰਚਨਾਵਾਂ ਲਈ ਕੇਂਦਰੀ ਬਿੰਦੂ ਬਣਾਇਆ।

**ਸੁਧਾਰਵਾਦੀ ਪ੍ਰਵਿਰਤੀ**- ਦੇਸ਼ ਦੀ ਵੰਡ ਅਤੇ ਫ਼ਿਰਕੂ ਫ਼ਸਾਦਾਂ ਤੋਂ ਉਪਜੇ ਭਿਆਨਕ ਸਿੱਟਿਆਂ ਪ੍ਰਤੀ ਨਿਖੇਧਾਤਮਕ ਦ੍ਰਿਸ਼ਟੀ ਤੋਂ ਬਹੁਤ ਸਾਰਾ ਸਾਹਿਤ ਰਚਿਆ ਗਿਆ। ਪੰਜਾਬੀ ਨਾਵਲ ਵਿਚ ਇਸ ਪ੍ਰਵਿਰਤੀ ਦਾ ਆਰੰਭ ਹੋਇਆ। ਇਸ ਪ੍ਰਵਿਤੀ ਅਧੀਨ ਨਾਨਕ ਸਿੰਘ ਨੇ 'ਅੱਗ ਦੀ ਖੇਡ', 'ਖੂਨ ਦੇ ਸੋਹਲੇ', ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਸਾਕਾਰ ਕਰਨ ਲਈ ਰਚੇ। ਆਦਮ ਖੋਰ, 'ਗ਼ਰੀਬ ਦੀ ਦੁਨੀਆਂ', ਮੰਝਧਾਰ', ਚਿੱਤਰਕਾਰ, ਆਦਿ ਵੀ ਦੇਸ਼ ਦੀ ਵੰਡ ਦੇ ਪ੍ਰਭਾਵ ਅਧੀਨ ਰਚੇ ਗਏ। ਕਰਤਾਰ ਸਿੰਘ ਦਾ ਨਾਵਲ 'ਆਂਦਰਾਂ', 'ਨਹੁੰ ਮਾਸ। ਇਸ ਪ੍ਰਵਿਰਤੀ ਅਧੀਨ ਨਰਿੰਦਰਪਾਲ ਸਿੰਘ ਨੇ ਤ੍ਰਿਆ ਜਾਲ, ਅਮਨ ਦੇ ਰਾਹ ਤੇ ਇਕ ਪੜਾਅ ਹੋਰ, ਸੋਹਣ ਸਿੰਘ ਸੀਤਲ ਨੇ ਤੂਤਾਂ ਵਾਲਾ ਖੂਹ ਅਤੇ ਈਚੋਗਿਲ ਨਹਿਰ ਤੱਕ ਨਾਵਲ ਰਚੇ।

**ਵਿਅਕਤੀਵਾਦੀ ਆਦਰਸ਼ਵਾਦੀ ਪ੍ਰਵਿਰਤੀ-** ਇਸ ਨਾਵਲ ਵਿਚ ਪੰਜਾਬੀ ਬਿਰਤਾਂਤ ਸਿਰਜਣ ਦੇ ਪੱਖ ਤੋਂ ਵੀ ਅਤੇ ਵਿਸ਼ੇਗਤ ਸੰਦਰਭਾਂ ਅਤੇ ਉਸ ਨਾਲ ਸਬੰਧਿਤ ਅਤੇ ਪੇਸ਼ਕਾਰੀ ਤੋਂ ਤਬਦੀਲੀ ਲੈ ਕੇ ਆਉਂਦਾ ਹੈ। ਇਸ ਨਾਲ ਧਾਰਮਕ ਮਰਯਾਦਾਵਾ ਦੇ ਨਿਭਾਅ ਦੀ ਰਵਾਇਤ ਖਤਮ ਹੁੰਦੀ ਹੈ। ਇਸ ਦੌਰ ਦਾ ਨਾਵਲ ਧਾਰਮਿਕ ਅਤੇ ਸੰਪਰਦਾਇਕ ਤੰਗ-ਨਜ਼ਰੀਏ ਤੋਂ ਮੁਕਤ ਹੁੰਦਾ ਹੋਇਆ ਵੀ ਰਚਨਾ ਦ੍ਰਿਸ਼ਟੀ ਤੋਂ ਪੂਰਵਲੇ ਪੰਜਾਬੀ ਨਾਵਲ ਨਾਲ ਰਿਸ਼ਤਾ ਜੋੜੀ ਰੱਖਦਾ ਹੈ। ਇਸ ਅਧੀਨ ਨਾਵਲਕਾਰ ਨਾਨਕ ਸਿੰਘ ਦੇ ਨਾਵਲ 'ਟੁੱਟੀ ਵੀਣਾ', 'ਗੰਗਾ ਜਲੀ ਵਿਚ ਸ਼ਰਾਬ', 'ਅੱਧ ਖਿੜਿਆਂ ਫੁੱਲ' ਆਦਿ। ਸੰਤ ਸਿੰਘ ਸੇਖੋਂ ਦਾ ਨਾਵਲ 'ਲਹੂ ਮਿੱਟੀ'। ਜਸਵੰਤ ਸਿੰਘ ਕੰਵਲ ਦੇ ਨਾਵਲ 'ਸੱਚ ਨੂੰ ਫ਼ਾਸੀ', 'ਰਾਤ ਬਾਕੀ ਹੈ', 'ਰੂਪ ਧਾਰਾ', 'ਸਿਵਲ ਲਾਇਨਜ਼' ਆਦਿ। ਕਰਨਲ ਨਰਿੰਦਰਪਾਲ ਸਿੰਘ ਦੇ ਨਾਵਲ 'ਖੰਨਿਉ ਤਿੱਖੀ ਵਾਲਹੁ ਨਿੱਕੀ, ਏਤ ਮਾਰਗ ਜਾਣਾ, ਨਾਵਲਾਂ ਵਿਚ ਉਸਨੇ ਮੁਗਲ ਰਾਜ ਦੇ ਅੰਤ ਤੋਂ ਲੈ ਕੇ ਸਿੱਖ ਰਾਜ ਦੇ ਪਤਨ ਤੀਕ ਦਾ ਸਮਾਂ ਬਹੁਤ ਵਧੀਆਂ ਤਰੀਕੇ ਨਾਲ ਪੇਸ਼ ਕੀਤਾ ਹੈ। 'ਮਲਾਹ', 'ਸੈਨਾਪਤੀ', ਅਤੇ 'ਉਨਤਾਲੀ ਵਰ੍ਹੇ', ਨਾਲ ਸਿੱਖ ਇਤਿਹਾਸ ਦੀਆਂ ਯਾਦਾਂ ਨੂੰ ਪਿੱਠ ਭੂਮੀ ਵਿਚ ਰੱਖ ਕੇ ਸਮਕਾਲੀ ਗਿਰਾਵਟ ਨੂੰ ਉਪਰ ਚੁੱਕਣ ਦਾ ਕੰਮ ਕੀਤਾ ਹੈ।

**ਪ੍ਰਗਤੀਵਾਦੀ ਯਥਾਰਥਵਾਦੀ ਪ੍ਰਵਿਰਤੀ-** ਪ੍ਰਗਤੀਵਾਦੀ ਸਾਹਿਤ ਦੀ ਇਕ ਅਜਿਹੀ ਪ੍ਰਵਿਤੀ ਰਹੀ ਹੈ ਜਿਸ ਨੇ ਸਮੁੱਚੇ ਵਿਸ਼ਵ ਸਾਹਿਤ ਨੂੰ ਪ੍ਰਭਾਵਿਤ ਕੀਤਾ ਹੈ। ਜੇ ਸਾਹਿਤਿਕ ਤੌਰ 'ਤੇ ਇਸ ਪ੍ਰਵ੍ਰਿਤੀ ਦਾ ਆਰੰਭ ਨਿਸ਼ਚਿਤ ਕਰਨਾ ਹੋਵੇ ਤਾਂ ਇਹ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਤੱਕ ਜਾ ਪਹੁੰਚਦਾ ਹੈ। ਪਹਿਲੇ ਵਿਸ਼ਵ ਯੁੱਧ ਨੇ ਇੱਕ ਨਵੇਂ ਮਨੁੱਖ ਦੇ ਸਰੂਪ ਨੂੰ ਸਾਹਮਣੇ ਲਿਆਂਦਾ ਜੋ ਗਿਆਨ ਅਤੇ ਵਿਗਿਆਨ ਵਿੱਚ ਹੋਈ ਪ੍ਰਗਤੀ ਦੇ ਫਲਸਰੂਪ ਆਪਣੇ ਸਾਂਝੇ ਅਧਿਆਤਮਕ ਆਦਰਸ਼ਾਂ ਅਤੇ ਮਾਨਵਤਾ ਤੋਂ ਟੁੱਟ ਚੁੱਕਾ ਸੀ। ਪੂੰਜੀਵਾਦ ਦੀ ਚੜ੍ਹਤ ਦੇ ਕਾਰਨ ਪੈਦਾ ਹੋਏ ਸਾਮਰਾਜਵਾਦ ਨੇ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਰੱਖਿਆ ਸੀ। ਇਹਨਾਂ ਦਿਨਾਂ ਵਿੱਚ ਚਾਰਲਜ਼ ਡਾਰਵਿਨ, ਕਾਰਲ ਮਾਰਕਸ ਅਤੇ ਸਿਗਮੰਡ ਫ਼ਰਾਇਡ ਵਰਗੇ ਚਿੰਤਕਾਂ ਨੇ ਮਨੁੱਖੀ ਜੀਵਨ ਦੇ ਵਿਕਾਸ ਬਾਰੇ ਕੁਝ ਨਵੇਂ ਸੰਕਲਪ ਸਾਹਮਣੇ ਲਿਆਂਦੇ ਸਨ। ਇਸੇ ਫ਼ਲਸਫ਼ੇ ਵਿੱਚੋਂ ਪ੍ਰਗਤੀਵਾਦ ਵਰਗੇ ਨਵੇਂ ਸੰਕਲਪ ਪੈਦਾ ਹੋਏ। ਇਸ ਨਵੇਂ ਸੰਕਲਪ ਦੇ ਪ੍ਰਭਾਵ ਅਧੀਨ ਬਹੁਤ ਸਾਰਾ ਸਾਹਿਤ ਵਿਸ਼ਵ ਦੀ ਹਰ ਭਾਸ਼ਾ ਵਿੱਚ ਰਚਿਆ ਗਿਆ। ਪੰਜਾਬੀ ਵਿੱਚ ਅਜਿਹੇ ਨਾਵਲਾਂ ਦੀ ਗਿਣਤੀ ਕਾਫ਼ੀ ਹੈ ਜਿੰਨ੍ਹਾਂ ਦੀ ਰਚਨਾ ਪ੍ਰਗਤੀਵਾਦੀ ਲਹਿਰ ਅਧੀਨ ਹੋਈ। ਇਸ ਲਹਿਰ ਦਾ ਪ੍ਰੇਰਨਾ-ਸਰੋਤ ਮਾਰਕਸ ਦਾ ਆਰਥਕ ਦ੍ਰਿਸ਼ਟੀਕੋਣ ਸੀ। ਵੀਹਵੀਂ ਸਦੀਂ ਦੇ ਪਹਿਲੇ ਅੱਧ ਤੋਂ ਹੀ ਪੰਜਾਬੀ ਲੇਖਕਾਂ 'ਤੇ ਪ੍ਰਗਤੀਵਾਦੀ ਲਹਿਰ ਦਾ ਅਸਰ ਪੈਣਾ ਆਰੰਭ ਹੋ ਗਿਆ ਸੀ। ਇਸ ਲਹਿਰ ਅਧੀਨ ਪੰਜਾਬੀ ਲੇਖਕਾਂ ਨੇ ਜਾਗੀਰਦਾਰੀ ਸਮਾਜ ਵਿਰੁੱਧ ਅਤੇ ਸਾਮਰਾਜ ਦੇ ਵਿਰੁੱਧ ਰਚਨਾਵਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਇਸ ਸਮੇਂ ਲੇਖਕ ਕਿਰਤੀਆਂ, ਕਿਸਾਨਾਂ ਅਤੇ ਮਜ਼ਦੂਰਾਂ ਦੁਆਰਾ ਕੀਤੇ ਜਾ ਰਹੇ ਸੰਘਰਸ਼ ਦਾ ਸਮਰਥਨ ਕਰਨ ਲੱਗੇ। ਪ੍ਰਗਤੀਵਾਦ ਅਜਿਹੇ ਸਮਾਜ ਦੀ ਮੰਗ ਕਰਦਾ ਹੈ ਜੋ ਸਮਾਜ ਦੀ ਵਿਕਾਸਸ਼ੀਲ ਸ਼ਕਤੀ ਦਾ ਸਾਥ ਦੇਵੇ। ਪ੍ਰਗਤੀਵਾਦ ਇੱਕ ਪਾਸਿਓਂ ਅਧਿਆਤਮਕ, ਆਦਰਸ਼ਵਾਦੀ, ਸੁਧਾਰਵਾਦੀ ਅਤੇ ਰੂਹਾਨੀ ਪ੍ਰਵਿਰਤੀਆਂ ਦਾ ਵਿਰੋਧ ਕਰਦਾ ਹੈ ਅਤੇ ਦੂਜੇ ਪਾਸੇ ਨਿੱਜਵਾਦ, ਪ੍ਰਤੀਕਵਾਦ, ਪ੍ਰਾਕ੍ਰਿਤਕਵਾਦ ਤੇ ਅਸਤਿਤਵਵਾਦ ਦਾ ਵੀ ਵਿਰੋਧ ਕਰਦਾ ਹੈ। ਆਰੰਭਲੇ ਦੌਰ ਵਿੱਚੋਂ ਨਾਨਕ ਸਿੰਘ ਦੇ ਨਾਵਲ 'ਨਾਸੂਰ', 'ਆਦਮਖ਼ੋਰ' ਅਤੇ 'ਪਵਿੱਤਰ ਪਾਪੀ' ਵਿੱਚ ਵੀ ਇਸ ਪ੍ਰਵ੍ਰਿਤੀ ਦਾ ਭਲੀ-ਭਾਂਤ ਨਿਰੂਪਣ ਹੋਇਆ ਵੇਖਿਆ ਜਾ ਸਕਦਾ ਹੈ। ਇਸ ਪੱਖ ਤੋਂ ਨਾਨਕ ਸਿੰਘ ਦੇ ਨਾਵਲ 'ਗ਼ਰੀਬ ਦੀ ਦੁਨੀਆ' ਅਤੇ 'ਪਿਆਰ ਦੀ ਦੁਨੀਆ' ਨੂੰ ਵੀ ਵੇਖਿਆ ਜਾ ਸਕਦਾ ਹੈ।

ਸੋਹਣ ਸਿੰਘ ਸੀਤਲ ਦੇ ਨਾਵਲ 'ਜੁਗ ਬਦਲ ਗਿਆ' ਨੂੰ ਵੀ ਇਸੇ ਪ੍ਰਵ੍ਰਿਤੀ ਅਧੀਨ ਲਿਖਿਆਂ ਗਿਆ ਨਾਵਲ ਮੰਨਿਆ ਜਾ ਸਕਦਾ ਹੈ। ਜਿਸ ਢੰਗ ਨਾਲ ਲੇਖਕ ਇਸ ਨਾਵਲ ਦੇ ਨਾਇਕ ਦਾ ਵੰਡ ਤੋਂ ਬਾਅਦ ਦਾ ਜੀਵਨ ਪੇਸ਼ ਕਰਦਾ ਹੈ, ਉਹ ਨਿਰਸੰਦੇਹ ਹੀ ਪ੍ਰਗਤੀਵਾਦੀ ਦ੍ਰਿਸ਼ਟੀ ਦਾ ਲਖਾਇਕ ਹੈ। 'ਕਰਤਾਰ ਸਿੰਘ ਦੁੱਗਲ ਦੇ ਨਾਵਲ 'ਆਦਰਾ', 'ਨਹੁੰ ਤੇ ਮਾਸ', 'ਉਸ ਦੀਆਂ ਚੂੜੀਆਂ', 'ਇਕ ਦਿਲ ਵਿਕਾਊ ਹੈ' ਆਦਿ ਨਾਵਲ ਲਿਖੇ। ਗੁਰਦਿਆਲ ਸਿੰਘ ਦਾ ਪ੍ਰਸਿੱਧ ਨਾਵਲ 'ਮੜ੍ਹੀ ਦਾ ਦੀਵਾ', 'ਅਣਹੋਏ', ਕੁਵੇਲਾ', ਰੇਤੇ ਦੀ ਇਕ ਮੁਠੀ, ਅੱਧ ਚਾਨਣੀ ਰਾਤ', ਅੰਨ੍ਹੇ ਘੋੜੇ ਦਾ ਦਾਨ', 'ਪਰਸਾ ਨਾਵਲ ਆਦਿ। ਸੁਰਜੀਤ ਸਿੰਘ ਸੇਠੀ ਦੇ ਨਾਵਲ 'ਰੇਤ ਦਾ ਪਹਾੜ', 'ਇਕ ਸ਼ਹਿਰ ਦੀ ਗੱਲ', ਕੰਧੀ ਉਤੇ ਰੁੱਖੜਾ', 'ਸੈਲ ਪੱਥਰ, 'ਇੱਕ ਖਾਲੀ ਪਿਆਲਾ, 'ਕੱਲ੍ਹ ਵੀ ਸੂਰਜ ਨਹੀ ਚੜ੍ਹੇਗਾ', ਆਬਰਾ ਕਦਾਬਰਾ', 'ਡੁਬਦੇ ਸੂਰਜ ਨੂੰ ਸਲਾਮ', ਆਦਿ ਨਾਵਲ ਹਨ। ਮੋਹਨ ਕਾਹਲੋਂ ਦੇ ਨਾਵਲ ਬੇੜੀ ਤੇ ਬਰੇਤਾ, ਮਛਲੀ ਇਕ ਦਰਿਆ ਦੀ', ਪਰਦੇਸੀ ਰੁੱਖ, ਗੋਰੀ ਨਦੀ ਦਾ ਗੀਤ', 'ਬਰਾਦਰੀ ਦੀ ਰਾਣੀ', 'ਮੈਂ ਕੁਆਰੀ ਨਹੀਂ ਰਹੀ', ਆਦਿ ਨਾਵਲ ਹਨ। ਸੁਖਬੀਰ ਦੇ ਨਾਵਲ 'ਪਾਣੀ ਤੇ ਪੁੱਲ', 'ਰਾਤ ਦਾ ਚਿਹਰਾ', 'ਸੜਕਾਂ ਤੇ ਕਮਰੇ', ਉਖੜੇ ਹੋਏ ਪੈਰ', ਅੱਧੇ ਪੋਣੇ ਤੇ 'ਗਰਦਸ਼' ਆਦਿ ਨਾਵਲ। ਅੰਮ੍ਰਿਤਾ ਪ੍ਰੀਤਮ 'ਜੈ ਸ਼ਿਰੀ', 'ਡਾ. ਦੇਵ', 'ਪਿੰਜਰ', ਆਲ੍ਹਣਾ', 'ਆਸ਼ੂ', 'ਇੱਕ ਸਵਾਲ', 'ਬੁਲਾਵਾ', 'ਬੰਦ ਦਰਵਾਜ਼ਾ', ਰੰਗ ਦਾ ਪੱਤਾ', 'ਇੱਕ ਸੀ ਅਨੀਤਾ', 'ਚੱਕ ਨੰਬਰ 36', 'ਧਰਤੀ ਸਾਗਰ ਤੇ ਸਿੱਪੀਆਂ', ਆਦਿ ਨਾਵਲ। ਦਲੀਪ ਕੌਰ ਟਿਵਾਣਾ ਦੇ ਨਾਵਲ ਅਗਨੀ ਪ੍ਰੀਖਿਆ, 'ਇਹੁ ਹਮਾਰਾ ਜੀਵਣਾ, 'ਪੀਲੀ ਦਾ ਨਿਸ਼ਾਨ', 'ਦੂਸਰੀ ਗੀਤਾ', 'ਹਸਤਾਖ਼ਰ', 'ਐਰ ਵੈਰ ਮਿਲਦਿਆਂ ਨੂੰ, 'ਲੰਘ ਗਏ ਦਰਿਆ, ਆਦਿ। ਅਜੀਤ ਕੌਰ ਦੇ ਨਾਵਲ ਪੋਸਟ ਮਾਰਟਮ, ' 'ਫਾਲਤੂ ਔਰਤ', 'ਧੁੱਪ ਵਾਲਾ ਸ਼ਹਿਰ', ਕੱਟੀਆਂ ਲਕੀਰਾ', ਟੁੱਟੇ ਤਿਕੋਣੇ', ਨਾਵਲ ਰਚੇ। ਹਰਨਾਮ ਦਾਸ ਸਹਿਰਾਈ ਦੇ ਨਾਵਲ ਲੋਹਗੜ੍ਹ, 'ਪਥਿਕ', 'ਸਫ਼ੈਦ ਪੋਸ਼', 'ਸਭਰਾਉ', 'ਅਨੂਪ ਕੌਰ, 'ਗਲੀ ਮਹੁੱਲੇ ਦੇ ਲੋਕ', 'ਡਾਚੀ', 'ਤੇਤੀਵਾ ਦੰਦ', 'ਤ੍ਰਿਸ਼ਕੂ', 'ਗੁਲਮੋਹਰ' ਆਦਿ ਨਾਵਲ ਹਨ। ਹਰੀ ਸਿੰਘ ਦਿਲਬਰ ਦੇ ਨਾਵਲ 'ਬਾਂਹ ਜਿਨ੍ਹਾ ਦੀ ਪਕੜੀਏ', 'ਜੋਗੀ ਮੰਗੇ ਦਾਨ', 'ਜੰਗ ਬੱਦੋਵਾਲ ਦੀ', 'ਵਾਰੀ ਅਪੋ ਆਪਣੀ, 'ਹਲਵਾਰਾ', 'ਜਿਸ ਪਿਆਰੇ ਸਿਉ ਨੇ', 'ਕੂੜ ਫਿਰੇ ਪ੍ਰਧਾਨ', 'ਤੈ ਕੀ ਦਰਦ ਨ ਆਇਆ', 'ਸਾਨੂੰ ਭੁੱਲ ਨਾ ਜਾਣਾ', 'ਹਾਲ ਮੁਰੀਦਾ ਦਾ ਕਹਿਣਾ', ਅਤੇ 'ਮਹਿਮਾ' ਆਦਿ ਨਾਵਲ। ਕੇਸਰ ਸਿੰਘ 'ਲਹਿਰ ਵਧਦੀ ਗਈ, 'ਜੰਗੀ ਕੈਦੀ, 'ਵਾਰਸ਼ ਸ਼ਾਹ ਦੀ ਮੌਤ' ਆਦਿ। ਰਾਮ ਸਰੂਪ ਅਣਖੀ ਦੇ ਨਾਵਲ 'ਪਰਦਾ ਤੇ ਰੌਸ਼ਨੀ', 'ਅੱਧਾ ਆਦਮੀ', ' ਸੁਲਗਦੀ ਰਾਤ', 'ਕੱਖਾ ਕਾਨਿਆ ਦੇ ਪੁਲ', 'ਜ਼ਖਮੀ ਅਤੀਤ', 'ਕੋਠੇ ਖੜਕ ਸਿੰਘ', 'ਢਿੱਡ ਦੀ ਆਦਰ' ਆਦਿ।

ਮਹਿੰਦਰ ਸਿੰਘ ਸਰਨਾ, ਨਰਿਜੰਨ ਤਸਨੀਮ, ਕਰਮਜੀਤ ਸਿੰਘ ਕੁੱਸਾ, ਓਮ ਪ੍ਰਕਾਸ਼ ਗਾਸੋ, ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਵਿਰਦੀ, ਬੂਟਾ ਸਿੰਘ ਬਰਾੜ ਦੇ 'ਰਾਤਾਂ ਕਾਲੀਆ', 'ਜਿਊਦੇ ਆਦਮੀ, 'ਇਕਰਾਰਾਂ ਬਿੱਧੇ ਛਿਣ' ਆਦਿ। ਬੂਟਾ ਸਿੰਘ ਸ਼ਾਦ, ਕੇ. ਐਲ. ਗਰਗ, ਭੁਪਿੰਦਰ ਸਿੰਘ, ਓਮ ਪ੍ਰਕਾਸ਼ ਸ਼ਰਮਾ, ਅਜੀਤ ਸੈਣੀ, ਅਮਰ ਸਿੰਘ ਸੀਤਲ, ਐਸ. ਸਾਕੀ, ਪ੍ਰੀਤਮ ਸੈਣੀ, ਗਿਆਨੀ ਭਜਨ ਸਿੰਘ, ਸੁਰਿੰਦਰ ਸਿੰਘ ਜੌਹਰ, ਗੁਰਮੁਖ ਸਿੰਘ ਜੀਤ, ਜਸਬੀਰ ਭੁੱਲਰ ਆਦਿ ਨਾਵਲਕਾਰਾਂ ਨੇ ਯੋਗਦਾਨ ਦਿੱਤਾ।

**ਉੱਤਰ ਯਥਾਰਥਵਾਦੀ ਪ੍ਰਵਿਰਤੀ-** ਇਸ ਦੌਰ ਨਾਵਲ ਦੇ ਨਾਵਲ ਵਿਸ਼ੇਗਤ ਅਤੇ ਰਚਨਾ ਦ੍ਰਿਸ਼ਟੀ ਦੀ ਵੰਨ ਸੁਵੰਨਤਾ ਨੂੰ ਰਚਣ ਦੀ ਕੋਸ਼ਿਸ਼ ਕੀਤੀ ਹੈ। ਨਾਵਲਕਾਰ ਨਾਵਲਾਂ ਵਿਚ ਨਾਵਲੀ ਸਮੱਸਿਆਕਾਰਾਂ, ਰਚਨਾਤਮਕ ਸਰੋਕਾਰਾਂ ਅਤੇ ਰਚਨਾ ਵਿਧੀਆਂ ਨੂੰ

ਪ੍ਰਚੱਲਤ ਕਰਦਾ ਹੈ। ਪਹਿਲੇ ਨਾਵਲਕਾਰ ਵੀ ਜੋ ਇਹਨਾਂ ਸਮੱਸਿਆਵਾਂ ਨੂੰ ਪੇਸ਼ ਕਰਦੇ ਹਨ। ਇੰਦਰ ਸਿੰਘ ਖਾਮੋਸ਼ ਦੇ ਨਾਵਲ 'ਰਿਸ਼ਤਿਆਂ ਦੇ ਰੰਗ', 'ਚਾਨਣ ਦਾ ਜੰਗਲ', 'ਇਕ ਤਾਜ ਮਹਿਲ ਹੋਰ', 'ਬੁੱਕਲ ਦਾ ਰਿਸ਼ਤਾ', 'ਕਰਜ਼ਈ ਸੁਪਨੇ', 'ਕਾਫ਼ਰ ਮਸੀਹਾ' ਆਦਿ। ਮਿਤਰ ਸੈਨ ਮੀਤ ਦੇ ਨਾਵਲ 'ਅੱਗ ਦੇ ਬੀਜ', 'ਕਾਫਲਾ', ਕਟਿਹਰਾ', 'ਕੌਰਵ ਸਭਾ' ਆਦਿ। ਸ. ਸੋਜ਼ ਦੇ ਨਾਵਲ ਇਹਨਾਂ ਦੇ ਨਾਵਲਾ ਵਿਚ ਨਾ ਹੀ ਵਿਸ਼ਿਆਂ ਦੇ ਦੁਹਰਾਓ ਦਾ ਸ਼ਿਕਾਰ ਹੁੰਦਾ ਹੈ ਅਤੇ ਨਾ ਹੀ ਬਿਰਤਾਂਤਕ ਵਿਧੀਆਂ ਦੇ ਦੁਹਰਾਓ ਨੂੰ ਹੀ ਪੇਸ਼ ਕਰਦਾ ਹੈ। ਨਾਵਲ 'ਨਾਨ ਸੈਸ', 'ਮਕਾਨ ਖਾਲੀ ਜੇਹਾ', 'ਕੋਲਾਜ', 'ਪਾਤਰ-ਵਿਪਾਤਰ', 'ਊਣੇ ਸੱਖਣੇ', 'ਮਰਸੀਆਂ', 'ਖਲੀਫ਼ੇ', 'ਹੈਲੋ', 'ਅੱਖਰ ਹਰਫ਼ ਕਿਤਾਬ', 'ਬਾਤ ਇਕ ਬਿਰਖ', ਆਦਿ ਨਾਵਲ ਹਨ। ਰਾਮ ਨਾਥ ਸ਼ੁਕਲਾ ਦੇ ਨਾਵਲ 'ਕਰਮਾਂ ਸੰਦੜ ਖੇਤ', 'ਪਾਪਾ ਬਾਝਹੁ ਹੋਵੇ ਨਾਹੀ', 'ਕਿਹੜੀ ਮੰਜਿਲ ਕਿਹੜੀ ਮੁਕਤੀ', 'ਵਾਰੀ ਆਪੋ ਆਪਣੀ', 'ਜਦੋ ਸੋਚ ਬਦਲਦੀ ਹੈ', 'ਅੰਗਹੀਣ', 'ਅਗਦੂ ਪੜੈ ਸੈਤਾਨੁ' ਅਤੇ 'ਰੁੱਤ ਫਿਰੀ ਵਣ ਕੰਬਿਆ', ਮਾਨਵੀ ਕਦਰ-ਕੀਮਤਾਂ ਨੂੰ ਸਥਾਪਤ ਕਰਦਾ ਹੈ। ਨਿੰਦਰ ਗਿੱਲ ਨੇ ਪੰਜਾਬ ਸਮੱਸਿਆ ਦੇ ਨਾਲ ਹੀ ਪੰਜਾਬੀ ਨਾਵਲ ਦੀ ਰਚਨਾ ਕੀਤੀ, ਸਮਾਜਿਕ, ਆਰਥਕ, ਸਿਆਸੀ, ਅਤੇ ਅਸਤਿਤਵੀ ਸਮੱਸਿਆਵਾਂ ਨੂੰ ਨਾਵਲ ਰਾਹੀ ਪੇਸ਼ ਕੀਤਾ। 'ਪਲ ਪਲ ਮਰਨਾ', 'ਪੰਜਾਬ 84', 'ਚੋਣ ਹਲਕਾ ਪਾਇਲ', 'ਦਹਿਸ਼ਤ ਦੇ ਦਿਨਾਂ ਵਿਚ', 'ਦਾਸਤਾਂ ਦਲਿਤਾਂ ਦੀ', 'ਵਾਅਦਾ ਮੁਆਫ਼ ਗੁਵਾਹ', 'ਗਿਰ ਰਿਹਾ ਗਿਰਾਫ਼', ਆਦਿ।

ਜਗਦੇਵ ਸਿੰਘ ਧਾਲੀਵਾਲ ਦੇ ਨਾਵਲਾਂ ਵਿਚ ਪੰਜਾਬ ਸਮੱਸਿਆਵਾਂ ਦੇ ਦੌਰਾਨ ਪੈਦਾ ਹੋਈਆਂ ਸਮਾਜਿਕ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਾ ਹੈ। ਉਸ ਦੇ ਨਾਵਲ ਭਾਵੇਂ ਰੋਮਿਟਕ ਕਿਸਮ ਦੀ ਪੇਸ਼ਕਾਰੀ ਕਰਦੇ ਹਨ ਪਰ ਬਾਅਦ ਵਿਚ ਯਥਾਰਥ ਦੀ ਵੀ ਪੇਸ਼ਕਾਰੀ ਕਰਦੇ ਹਨ। 'ਪਿਆਰ ਬੇਵਫਾ ਨਹੀਂ', 'ਦਿਲ ਦਾ ਕੌਲ ਫੁੱਲ', 'ਕਾਲੇ ਦਿਨ', 'ਨੰਗੇ ਦਿਨਾਂ ਦੀ ਉਡੀਕ', 'ਅੱਧੀ ਰਾਤ ਤੋਂ ਬਾਅਦ', 'ਅੰਨ੍ਹੀ ਗਲੀ ਦੇ ਰਾਹੀਂ'ਆਦਿ ਨਾਵਲ। ਬਲਦੇਵ ਸਿੰਘ ਨੇ ਇਕੋ ਸਮੇਂ ਹੀ ਕਹਾਣੀਆਂ, ਨਾਵਲ, ਨਾਟਕ, ਸਫ਼ਰਨਾਮਾ ਅਤੇ ਸੰਸਮਰਣ ਲਿਖੇ ਹਨ। ਨਾਵਲ 'ਦੂਸਰਾ ਹੀਰੋਸ਼ਮਾ', 'ਸੂਲੀ ਟੰਗੇ ਪਹਿਰ', ਕੱਚੀਆਂ ਕੰਧਾਂ, 'ਜੀ. ਟੀ. ਰੋਡ', 'ਲਾਲ ਬੱਤੀ', 'ਅੰਨਦਾਤਾ'। ਚੰਦਨ ਨੇਗੀ ਦੇ ਨਾਵਲ 'ਜਲਬਿਨ ਕੁਭ', 'ਕਲਰ ਕੇਰੀ ਛਪੜੀ', 'ਕਨਿਕ ਕਾਮਨੀ'। ਜੋਗਿੰਦਰ ਸਿੰਘ ਕੈਰੋਂ ਨੇ ਮੁੱਖ ਰੂਪ ਵਿਚ ਕਹਾਣੀਆਂ, ਨਾਵਲ, ਲੋਕਯਾਨ ਸ਼ਾਸਤਰ ਅਤੇ ਆਲੋਚਨਾ ਦੇ ਖੇਤਰ ਵਿਚ ਕੰਮ ਕੀਤਾ। ਹਰਭਜਨ ਸਿੰਘ ਦੇ ਨਾਵਲ 'ਜੋ ਹਾਰੇ ਨਹੀਂ', 'ਮਿੱਟੀ ਜਾਏ' ਅਤੇ 'ਵਿੰਗ ਤੜਿਗ' ਲਿਖੇ। ਡਾ. ਅਮਰਜੀਤ ਸਿੰਘ 'ਗਰਬ ਗੁਮਾਨ', ਔਖਾ ਪੈਡਾ', 'ਬੰਦ ਗਲੀ', 'ਮਸ਼ੀਨਾਂ ਵਾਲੇ', 'ਵੰਡ-ਵੰਡਾਈ', 'ਜੇਲ੍ਹ ਯਾਤਰਾ', 'ਦੇਸ ਨਿਕਾਲਾ', 'ਦੋ ਵਤਨਾਂ ਵਾਲੇ', 'ਸੰਤਾ ਭੈਣੀ ਕਾ', ਆਦਿ ਨਾਵਲ ਰਚੇ। ਹੋਰ ਵੀ ਨਾਵਲਕਾਰਾਂ ਦਾ ਯੋਗਦਾਨ ਹੈ ਜਿਵੇਂ ਬਲਵੰਤ ਸਿੰਘ, ਸ਼ਾਹ ਚਮਨ, ਕਰਮਜੀਤ ਸਿੰਘ ਔਜਲਾ, ਗੁਰਚਰਨ ਸਿੰਘ ਰਾਓ, ਅਵਤਾਰ ਸਿੰਘ ਬਿਲਿੰਗ, ਜਸਬੀਰ ਸਿੰਘ, ਕੁਲਦੀਪ ਭਟਨਾਗਰ ਆਦਿ ਹਨ।

ਪੰਜਾਬੀ ਨਾਵਲ ਸਿਰਜਣ ਦੀ ਇਕ ਧਾਰਾ ਪਰਵਾਸੀ ਪੰਜਾਬੀ ਸਾਹਿਤ ਵਿਚ ਵੀ ਚਲ ਰਹੀ ਹੈ, ਭਾਵੇਂ ਬਹੁਤਾ ਪਰਵਾਸੀ ਪੰਜਾਬੀ ਨਾਵਲ ਯਥਾਰਥਵਾਦੀ ਦ੍ਰਿਸ਼ਟੀ ਤੋਂ ਹੀ ਲਿਖਿਆ ਗਿਆ ਹੈ ਪਰ ਇਸ ਨਾਵਲ ਵਿਚ ਇਕ ਵੱਖਰੇ ਅਨੁਭਵ ਨੂੰ ਸਿਰਜਿਆ ਗਿਆ ਹੈ। ਇਹਨਾਂ ਨਾਵਲਾਂ ਵਿਚ ਆਪਣੀ ਜਨਮ ਭੂਮੀ ਪ੍ਰਤੀ ਉਦਰੇਵਾਂ, ਆਪਣੇ ਸੱਭਿਆਚਾਰ ਪ੍ਰਤੀ ਮੋਹ ਵੀ ਹੈ ਨਾਲ ਹੀ ਪੱਛਮੀ ਜੀਵਨ ਵਿਚ ਭੋਗੇ ਕਸ਼ਟਾਂ ਤੇ ਨਸਲਵਾਦ ਦੀਆਂ ਸਮੱਸਿਆਂ ਦਾ ਵੀ ਜ਼ਿਕਰ ਹੈ। ਇਹਨਾਂ ਨਾਵਲਕਾਰਾਂ ਵਿਚ ਪ੍ਰੱਮੁਖ ਨਾਵਲਕਾਰ

ਸਵਰਨ ਚੰਦਨ, ਦਰਸ਼ਨ ਧੀਰ, ਰਘੁਬੀਰ ਢੰਡ ਆਦਿ ਹਨ। ਸਵਰਨ ਚੰਦਨ ਦੇ ਮੱਹਤਵਪੂਰਨ ਨਾਵਲ 'ਨਵੇਂ ਰਿਸ਼ਤੇ', 'ਕੱਚੇ ਘਰ ਕੱਖ-ਕਾਨ ਤੇ ਦਰਿਆ', 'ਕਦਰਾਂ-ਕੀਮਤਾਂ ਤੇ ਕੰਜਕਾਂ' ਆਦਿ ਹਨ। 'ਕੰਜਕਾਂ' ਸਵਰਨ ਚੰਦਨ ਦਾ ਮਹਾ-ਕਾਵਿਕ ਨਾਵਲ ਹੈ ਜੋ ਬਰਤਾਨਵੀ ਭਾਰਤੀ ਔਰਤ ਦੇ ਸੰਘਰਸ਼ਮਈ ਇਤਿਹਾਸ ਨੂੰ ਸਮਾਜਿਕ, ਰਾਜਨੀਤਕ ਸੰਦਰਭ ਵਿਚ ਯਥਾਰਥਵਾਦੀ ਸ਼ੈਲੀ ਵਿਚ ਪ੍ਰਗਟਾਉਂਦਾ ਹੈ। 'ਸੰਘਰਸ਼' ਤੇ 'ਆਪਣੇ-ਆਪਣੇ ਰਾਹ' ਆਦਿ ਨਾਵਲ ਦਰਸ਼ਨ ਧੀਰ ਦੀਆਂ ਰਚਨਾਵਾਂ ਹਨ ਜੋ ਰੁਮਾਂਟਿਕ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਲਿਖੀਆਂ ਹੋਈਆਂ ਹਨ ਰਘੁਬੀਰ ਢੰਡ ਦਾ ਇੱਕੋ ਇਕ ਨਾਵਲ 'ਰਿਸ਼ਿਤਿਆਂ ਦੀ ਯਾਤਰਾ' ਹੈ ।

ਪੰਜਾਬੀ ਨਾਵਲ ਦੀ ਸਿਰਜਣਾ ਵਿਚ ਅਜੋਕੇ ਦੌਰ ਵਿਚ ਬਹੁਤ ਸਾਰੇ ਨਾਵਲਕਾਰ ਨਾਵਲ ਸਿਰਜਣਾ ਵਿਚ ਰੁੱਝੇ ਹੋਏ ਹਨ। ਨਵੇਂ ਪੰਜਾਬੀ ਨਾਵਲਕਾਰ ਕਿਰਪਾਲ ਸਿੰਘ ਆਜ਼ਾਦ ਦਾ ਵੱਡ ਆਕਾਰੀ ਨਾਵਲ 'ਸੁਪਨੇ ਤੋਂ ਸੱਚ ਤੱਕ', ਜੋਗਿੰਦਰ ਸਿੰਘ ਕੈਰੋਂ ਦੇ, 'ਨਾਦ-ਬਿੰਦ' ਸਭਨਾ ਜਿੱਤੀਆਂ ਬਾਜੀਆਂ', ਮਿੱਤਰ ਸੈਨ ਮੀਤ ਦੇ 'ਤਫ਼ਤੀਸ਼', ਤੇ 'ਕਟਹਿਰਾ', ਨਿੰਦਰ ਗਿੱਲ ਦੇ 'ਪੰਜਾਬ', ਤੇ 'ਦਹਿਸ਼ਤ ਦੇ ਦਿਨਾਂ ਵਿਚ', ਜਸਵੀਰ ਮੰਡ ਦਾ ਨਾਵਲ 'ਔੜ ਦੇ ਬੀਜ', ਤੇ ਸ਼ਾਹ ਚਮਨ ਦੇ ਨਾਵਲ 'ਹਨੇਰੇ 'ਚ ਘਿਰਿਆ ਆਦਮੀ' ਤੇ 'ਜਖ਼ਮੀ ਗੁਲਾਬ', ਯਾਦਵਿੰਦਰ ਤਪਾ ਦੇ 'ਰਿਸ਼ਤੇ ਨਾਤੇ', ਤੇ 'ਚੜ੍ਹਦੇ ਲਹਿੰਦੇ', ਜਗਰੂਪ ਸਿੰਘ ਬੜਿੰਗ ਦੇ 'ਕਾਨਿਆਂ ਵਾਲਾ ਰਾਹ' ਤੇ 'ਮਨੁੱਖੀ ਰਿਸ਼ਤੇ', ਹਰਜੀਤ ਅਟਵਾਲ 'ਵਨ ਵੇਅ', ਰੇਤ', 'ਸਵਾਰੀ' ਆਦਿ। ਕੁਝ ਵਿਸ਼ੇਸ਼ ਮਹੱਤਵ ਵਾਲੀਆਂ ਨਾਵਲੀ ਰਚਨਾਵਾਂ ਹਨ, ਇਹਨਾਂ ਨਾਵਲਕਾਰਾਂ ਵਿਚ ਜਰਨੈਲ ਸਿੰਘ ਸੇਖਾ ਦਾ ਨਾਂ ਵੀ ਪ੍ਰੱਮੁਖ ਹੈ। ਉਹਨਾਂ ਦੇ ਨਾਵਲਾਂ ਵਿਚ ਪਰਵਾਸੀ ਜੀਵਨ ਦੇ ਬਾਰੇ ਅਤੇ ਉਥੇ ਰਹਿੰਦੇ ਲੋਕਾਂ ਦੀਆਂ ਸਮੱਸਿਆਂ ਅਤੇ ਉਹਨਾਂ ਦੀਆਂ ਮੁਸ਼ਿਕਲਾਂ ਨੂੰ ਨਾਵਲਾ ਰਾਹੀਂ ਪ੍ਰਗਟ ਕੀਤਾ ਹੈ। ਉਹਨਾਂ ਦੇ ਨਾਵਲ 'ਬੇਗਾਨੇ', ਦੁਨੀਆਂ ਕੈਸੀ ਹੋਈ', ਭਗੌੜਾ', ਵਿਗੋਚਾ ਆਦਿ ਨਾਵਲ ਜੋ ਪਰਵਾਸੀਆਂ ਦੀਆਂ ਮੁਸ਼ਿਕਲਾਂ ਨੂੰ ਪੇਸ਼ ਕੀਤਾ ਹੈ। "[20]

**ਪਰਵਾਸ ਅਤੇ ਪਰਵਾਸੀ ਸਾਹਿਤ**

ਪੰਜਾਬੀਆਂ ਦਾ ਸੁਭਾਅ ਹੀ ਹੈ ਕਿ ਉਹ ਹਰ ਸਮੇਂ ਨਵੇਂ-ਨਵੇਂ ਖਿੱਤਿਆਂ, ਦੇਸ਼ਾਂ, ਖਾੜੀਆਂ ਅਤੇ ਨਵੇਂ ਦਿੱਸਹਦਿਆਂ ਦੀ ਤਲਾਸ਼ ਵਿਚਰੁਰੇ ਰਹਿੰਦੇ ਹਨ। ਇਸੇ ਸੁਭਾਅ ਕਰਕੇ ਹੀ ਪੰਜਾਬੀਆਂ ਨੇ ਆਪਣੇ ਜੀਵਨ ਵਰਤਰੇ ਦਾ ਘੇਰਾ ਪੰਜਾਬ ਦੀਆਂ ਭੂਗੋਲਿਕ ਹੱਦਾਂ ਦੇ ਪਾਰ ਫੈਲਾਇਆ ਹੋਇਆ ਹੈ। ਇਹ ਮੰਨਿਆ ਜਾਂਦਾ ਹੈ ਕਿ ਵਿਸ਼ਵ ਪੱਧਰ 'ਤੇ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਸੱਤ ਕਰੋੜ ਸੱਤਰ ਲੱਖ ਹੈ ਅਤੇ ਇਸ ਨੂੰ ਵਿਸ਼ਵ ਭਰ ਦੀਆਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਤੇਰਵਾਂ ਸਥਾਨ ਪ੍ਰਾਪਤ ਹੈ। ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਥੋੜ੍ਹੇ ਬਹੁਤ ਲੋਕ ਪਹੁੰਚੇ ਹੋਏ ਹਨ ਪਰੰਤੂ ਥਾਈਲੈਂਡ, ਕੀਨੀਆ, ਨਾਰਵੇ, ਸਵੀਡਨ, ਡੈਨਮਾਰਕ, ਨੀਦਰਲੈਂਡ, ਫਿਲਪਾਈਨਜ਼, ਫਿਜ਼ੀ, ਸਿੰਘਾਪੁਰ, ਅਮਰੀਕਾ, ਬਰਤਾਨੀਆਂ ਅਤੇ ਕੈਨੇਡਾ ਵਿਚ ਪੰਜਾਬੀਆਂ ਦੀ ਗਿਣਤੀ ਵਧੇਰੇ ਹੈ ਇਕ ਹਿਸਾਬ ਨਾਲ ਪੰਜਾਬੀ ਭਾਸ਼ਾ ਕਿਸੇ ਇਕ ਫ਼ਿਰਕੇ ਧਰਮ ਜਾਂ ਖਿੱਤੇ ਦੀ ਭਾਸ਼ਾ ਨਾ ਹੋ ਕੇ ਵਿਸ਼ਵ-ਪੱਧਰ ਦੀ ਭਾਸ਼ਾ ਦੇ ਰੂਪ ਵਿਚ ਉਭਰਦੀ ਨਜ਼ਰ ਆਉਂਦੀ ਹੈ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੇ ਅਜੇ ਤੱਕ ਵੀ ਆਪਣੀਆਂ ਸਭਿਆਚਾਰਕ ਕਦਰਾਂ-ਕੀਮਤਾਂ, ਰਸਮਾਂ-ਰਿਵਾਜਾਂ, ਗੀਤ-ਸੰਗੀਤ, ਭਾਸ਼ਾ ਅਤੇ ਸਾਹਿਤ ਨੂੰ ਜ਼ਿੰਦਾ ਰੱਖਣ ਦੇ ਯਤਨ ਕੀਤੇ ਹੋਏ ਹਨ। ਪਰਵਾਸੀ ਪੰਜਾਬੀ ਸਾਹਿਤ ਸਮੁੱਚੇ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਹੈ, ਇਸ ਦਾ ਅੰਗ ਹੈ, ਇਸਦੇ ਰਚਨਹਾਰੇ ਪੰਜਾਬ ਦੀ ਧਰਤੀ ਨਾਲ ਅਜੇ ਵੀ ਜੁੜੇ ਹੋਏ ਹਨ। ਪਰਵਾਸੀ ਸਾਹਿਤ ਦਾ ਕੇਂਦਰੀ ਧੁਰਾ, ਜੋ ਇਸ ਸਾਹਿਤ ਨੂੰ ਪਰਵਾਸੀ ਹੋਣ ਦਾ

ਆਧਾਰ ਬਖ਼ਸ਼ਦਾ ਹੈ, 'ਪਰਵਾਸੀ ਚੇਤਨਾ' ਹੈ। ਚੇਤਨਾ ਅਤੇ ਸਿਰਜਣ ਪ੍ਰਕਿਰਿਆ ਦਾ ਗਹਿਰਾ ਸੰਬੰਧ ਹੈ, ਚੇਤਨਾ ਤੋਂ ਬਿਨਾਂ ਕਲਾ ਸਿਰਜਣਾ ਸੰਭਵ ਨਹੀਂ ਦੇ ਪਰਵਾਸੀ ਪੰਜਾਬੀ ਸਾਹਿਤ ਸਿਰਜਣਾ ਤੋਂ ਕੋਰੇ ਸਨ। ਪਰਵਾਸੀ ਪੰਜਾਬੀ ਸਾਹਿਤ ਦੀ ਉਤਪਤੀ ਲਈ ਪਰਵਾਸੀ-ਚੇਤਨਾ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈਪਰਵਾਸੀਚੇਤਨਾ ਤੋਂ ਪਹਿਲਾਂ ਪਰਵਾਸੀ ਸ਼ਬਦ ਦੇ ਅਰਥਾਂ ਨੂੰ ਜਾਣ ਲੈਣਾ ਜ਼ਰੂਰੀ ਬਣਦਾ ਹੈ ਪੰਜਾਬੀ ਭਾਸ਼ਾ ਵਿਚ ਪ੍ਰਚਲਿਤ 'ਪਰਵਾਸੀ' ਅਤੇ 'ਆਵਸੀ' ਦੋ ਅਜਿਹੇ ਸ਼ਬਦ ਹਨ ਜਿਨ੍ਹਾਂ ਦਾ ਪ੍ਰਯੋਗਸਮਾਨਰਥੀ ਰੂਪ ਵਿਚ ਕੀਤਾ ਜਾ ਰਿਹਾ ਹੈ ('ਪਰਵਾਸੀ' ਸ਼ਬਦ 'ਪਰ' ਅਤੇ 'ਵਾਸੀ' (ਪਰ+ਵਾਸੀ = ਪਰਵਾਸੀ) ਦੋ ਸ਼ਬਦਾਂ ਦਾ ਜੋੜ ਹੈ। ਪਰ' ਸ਼ਬਦ ਦਾ ਅਰਥ ਹੈ ਪਰਾਇਆ ਜਾਂ ਬਿਗਾਨਾ ਅਤੇ 'ਵਾਸੀ' ਦਾ ਅਰਥ ਹੈ ਰਿਹਾਇਸ਼ ਅਰਥਾਤ ਪਰਾਏ ਸਥਾਨ 'ਤੇ ਰਿਹਾਇਸ਼ ਕਰਨ ਵਾਲਾ ਇਸ ਤਰ੍ਹਾਂ ਸ਼ਬਦ ਪਰਵਾਸੀ ਕਿਸੇ ਥਾਂ 'ਤੇ ਰਿਹਾਇਸ਼ ਕਰਨ ਵਾਲਾ। ਇਸ ਤਰ੍ਹਾਂ ਸ਼ਬਦ ਪਰਵਾਸੀ ਕਿਸੇ ਥਾਂ 'ਤੇ ਜਾ ਕੇ ਵਸਣ ਵਾਲੇ ਵਿਅਕਤੀ ਨੂੰ ਆਖਿਆ ਜਾਸਕਦਾ ਹੈ। 'ਆਵਾਸੀ' ਸ਼ਬਦ ਵੀ ਪਰਵਾਸੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਪਰ ਇਨ੍ਹਾਂ ਦੋਹਾਂ ਦੇ ਅਰਥ ਸੰਦਰਭ ਵੱਖਰੇ-ਵੱਖਰੇ ਹਨ। ਵਿਦੇਸ਼ਾਂ ਵਿਚ ਜਾਣ ਵਾਲੇ ਲੋਕਾਂ ਦੇ ਤਿੰਨ ਪੱਧਰ ਮੰਨੇ ਗਏ ਹਨ, ਆਵਾਸੀ ਜਾਂ ਇਹ ਉਹ ਵਿਅਕਤੀ ਹੈ ਜਿਹੜਾ ਸੀਮਤ ਸਮੇਂ ਲਈ ਆਪਣਾ ਦੇਸ਼ ਛੱਡ ਕੇ ਹੋਰ ਦੇਸ਼ ਵਿਚ ਵਿਚਰਦਾ ਹੈ (ਜਿਵੇਂ ਮੌਸਮ ਦੀ ਕਰੋਪੀ ਕਾਰਨ ਡਰਦੇ ਕੁਝ ਪੰਛੀ ਕਰਦੇ ਹਨ) ਅਤੇ ਮਿੱਥਿਆ ਸਮਾਂ ਬੀਤ ਜਾਣ 'ਤੇ ਵਾਪਸ ਪਰਤਜਾਂਦੇ ਹਨ। ਇਨ੍ਹਾਂ ਕੋਲ ਦੂਜੇ ਦੇਸ਼ ਵਿਚ ਆਬਾਦ ਹੋ ਜਾਣ ਲਈ ਫ਼ੈਸਲਾ ਕਰਨ ਦਾ ਅਧਿਕਾਰ ਨਹੀਂ ਹੁੰਦਾ। ਬਰਤਾਨੀਆਂ ਵਿਚ (ਜਰਮਨੀ, ਫਰਾਂਸ, ਇਟਲੀ ਆਦਿ ਦੇ ਮੁਕਾਬਲੇ) ਆਵਾਸੀ ਬਹੁਤ ਘੱਟ ਗਿਣਤੀ ਵਿਚ ਹਨ। ਪਰਵਾਸੀ ਉਹ ਲੋਕ ਜਿਹੜੇ ਆਪਣਾ ਦੇਸ਼ ਛੱਡ ਕੇ ਦੂਜੇ ਦੇਸ਼ ਵਿਚ ਅਣਮਿੱਥੇ ਸਮੇਂ ਲਈ ਜਾਂਦੇ ਹਨ, ਉਹ ਦੂਜੇ ਦੇਸ਼ ਵਿਚ ਆਬਾਦ ਹੋ ਜਾਣ ਦਾ ਫ਼ੈਸਲਾ ਕਰਨ ਦੇ ਹੱਕਦਾਰ ਹੁੰਦੇ ਹਨ। ਪਰਵਾਸੀ ਦੁਚਿੱਤੀ (ਆਬਾਦ ਹੋਣ ਜਾਨਾ ਹੋਣ ਦੀ) ਵਿਚ ਹੋਣ ਕਾਰਨ ਕਈ ਵਾਰ ਉਦਾਸੀ, ਉਦਰੇਵੇਂ ਜਾਂ ਭੂ-ਹੇਰਵੇ ਦਾ ਸ਼ਿਕਾਰ ਹੁੰਦੇ ਹਨ ਆਬਾਦਕਾਰ। ਉਹ ਪਰਵਾਸੀ ਜਿਹੜੇ ਦੂਸਰੇ ਦੇਸ਼ ਵਿਚ ਆਬਾਦ ਹੋਣ ਦਾ ਫ਼ੈਸਲਾ ਕਰ ਲੈਂਦੇ ਹਨ, ਉਹ ਆਬਾਦਕਾਰ ਕਹਾਉਂਦੇ ਹਨ, ਨਵਾਂ ਦੇਸ਼ ਅਪਣਾ ਲੈਣ ਕਾਰਨ ਪਰਵਾਸੀ ਨਹੀਂ ਰਹਿੰਦੇ, ਬਰਤਾਨੀਆਂ ਵਿਚ ਬਹੁ-ਗਿਣਤੀ ਬੰਗਲਾਦੇਸ਼ੀ ਅਤੇ ਭਾਰਤੀ ਮੂਲ ਦੇ ਲੋਕਾਂ ਨੇ ਆਬਾਦਕਾਰਾਂ ਵਜੋਂ ਟਿਕੇ ਰਹਿਣ ਦਾ ਫ਼ੈਸਲਾ ਕਰ ਲਿਆ ਹੈ। ਪਾਕਿਸਤਾਨੀਆਂ ਕੋਲ ਦੋਹਰੀ ਨਾਗਰਿਕਤਾ ਹੈ। ਇਸ ਲਈ ਉਹ ਵੀ ਆਬਾਦਕਾਰ ਹਨ। ਭਾਰਤ ਦੀ ਸੁਤੰਤਰਤਾ ਉਪਰੰਤ ਜਿਹੜੇ ਭਾਰਤੀ ਲੋਕ ਵਿਦੇਸ਼ ਗਏ ਉਹ ਰੋਟੀ-ਰੋਜ਼ੀ ਦੀ ਤਲਾਸ਼ ਵਿਚ ਗਏ ਸਨ। ਉਨ੍ਹਾਂ ਦਾ ਮੰਤਵ ਆਪਣੇ ਘਰ ਦੀ ਆਰਥਕ ਹਾਲਤ ਵਿਚ ਸੁਧਾਰ ਕਰਨਾ ਸੀ ਅਤੇ ਇਸ ਉਪਰੰਤ ਆਪਣੇ ਦੇਸ਼ ਵਾਪਸ ਪਰਤ ਜਾਣਾ ਸੀ। ਉਹ ਦੇਸ਼ ਵਾਪਸ ਪਰਤੇ ਵੀ, ਪਰ ਦੇਸ਼ਵਾਸੀ-ਰਿਸ਼ਤੇਦਾਰਾਂ ਦੇ ਲੋਕ-ਲਾਲਚ ਨੂੰ ਦੇਖਦਿਆਂ ਅਤੇ ਆਪਣੇ ਪ੍ਰਤੀ ਉਨ੍ਹਾਂ ਦੇ ਖ਼ੁਦਗਰਜ਼ ਵਿਵਹਾਰ ਨੂੰ ਤਕਦਿਆਂ ਉਹ ਮੁੜ ਵਿਦੇਸ਼ ਜਾਣ ਲਈ ਮਜ਼ਬੂਰ ਹੋ ਗਏ। ਉਪਰੋਕਤ ਦੀ ਰੌਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ 'ਪਰਵਾਸੀ' ਉਹ ਵਿਅਕਤੀ ਹੁੰਦਾ ਹੈ ਜਿਹੜਾ ਰੋਜ਼ਗਾਰ ਜਾਂ ਚੰਗੇਰੇ ਜੀਵਨ ਭਵਿੱਖ ਲਈ ਆਪਣੇ ਮੁਲਕ ਤੋਂ ਕਿਸੇ ਦੂਸਰੇ ਮੁਲਕ ਵਿਚ ਪੱਕੇ ਤੌਰ 'ਤੇ ਵਸਣ ਦੇ ਇਰਾਦੇ ਨਾਲ ਜਾਂਦਾ ਹੈ। ਸੰਕਲਪ ਦੇ ਪੱਧਰ 'ਤੇ ਇਸ ਦੀ ਵਿਆਖਿਆ ਤੇ ਸਹੀ ਸੰਦਰਭ ਜਾਨਣ ਲਈ ਕੁਝ ਕੋਸ਼ ਤੇ ਵਿਸ਼ਵ-ਕੋਸ਼ ਸਹਾਇਕ ਹੁੰਦੇ ਹਨ :

ਆਕਸਫ਼ੋਰਡ ਅੰਗਰੇਜ਼ੀ ਕੋਸ਼ ਅਨੁਸਾਰ : ਅੰਤਰਮੁਖੀ ਗਿਆਨ ਜਾਂ ਧਾਰਨਾ ਉਹ ਗਿਆਨ ਜਿਸ ਦਾ ਮਨੁੱਖ ਕੋਲ ਸਬੂਤ ਹੈ, ਵਿਸ਼ੇਸ਼ ਕਰਕੇ ਮਾਸੂਮੀਅਤ, ਪਾਪ-ਮੁਕਤ ਤੇ ਉਸ ਦੀਆਂ ਕਮਜ਼ੋਰੀਆਂ ਆਦਿ ਬਾਰੇ। ਮਾਨਸਿਕ ਚੇਤਨਾ ਦੀ ਹਾਲਤ ਜਾਂ ਕਿਸੇ

ਵਸਤੂ ਪ੍ਰਤੀ ਗਿਆਨ ਹੋਣ ਦੀ ਸਥਿਤੀ। ਦਾਰਸ਼ਨਿਕ ਤੌਰ ’ਤੇ ਅਹਿਸਾਸਾਂ ਦੀ ਸਮੁੱਚਤਾ, ਜੋ ਕਿ ਵਿਅਕਤੀ ਦੀ ਹੋਂਦ ਨੂੰ ਸੱਜਰਾ ਬਣਾਉਂਦੇ ਹਨ। ਮਨੁੱਖੀ ਸਮੂਹ ਦਾ ਉਹ ਬੋਧ ਜਿਸਦੁਆਰਾ ਉਨ੍ਹਾਂ ਨੂੰ ਪਰਸਪਰ ਸੰਬੰਧਾਂ ਦਾ ਗਿਆਨ ਹੁੰਦਾ ਹੈ। ਡਾ. ਸੁਰਿਦਰ ਪਾਲ ਸਿੰਘ ਪਰਵਾਸੀ ਚੇਤਨਾ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਦੇ ਹਨ:-“ਬਦੇਸ਼ੀ ਪੰਜਾਬੀ ਸਾਹਿਤ ਦੀ ਪ੍ਰਧਾਨਸੁਰ ਪਰਵਾਸੀ ਚੇਤਨਾ ਹੈ, ਓਪਰੀ ਧਰਤੀ ’ਤੇ ਰੋਜ਼ਗਾਰ ਦੀ ਤਲਾਸ਼ ਵਿਚ ਮਾਨਸਿਕ ਤੌਰ 'ਤੇ ਅਸਥਾਈ ਰੂਪ ਵਿਚ ਰਹਿੰਦੇ ਹੋਏ ਸਥਾਨਕਸਥਿਤੀਆਂ ਤੇ ਪ੍ਰਸਥਿਤੀਆਂ ਨਾਲ ਦੋ-ਚਾਰ ਹੁੰਦੇ ਹੋਏ, ਪੈਦਾ ਹੋਈ ਹਾਲਤ ਨੂੰ ਮਾਨਸਿਕ ਸੰਤਾਪ ਵਜੋਂ ਹੰਢਾ ਰਹੇ ਲੋਕਾਂ ਦੀ ਚੇਤਨਾ ਨੂੰ ਹੀ ‘ਪਰਵਾਸੀ ਚੇਤਨਾ’ ਦਾ ਨਾਂ ਦਿੱਤਾ ਗਿਆ ਹੈ।

ਡਾ.ਹਰਚੰਦ ਸਿੰਘ ਬੇਦੀ ‘ਪਰਵਾਸੀ ਚੇਤਨਾ’ ਦੇ ਸੰਕਲਪ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਦੇ ਹਨ “ਪਰਵਾਸੀ ਚੇਤਨਾ ਸਮਾਜ ਤੇ ਮਨੁੱਖ ਦੇਅੰਤਰ-ਸੰਬੰਧਾਂ ਦੀ ਕਿਰਿਆ-ਪ੍ਰਤੀਕਿਰਿਆ, ਆਦਾਨ-ਪ੍ਰਦਾਨ, ਵਿਹਾਰ-ਵਤੀਰੇ, ਅਨੁਭਵ ਤੇ ਪ੍ਰਤੱਖਣ ਦੇ ਮਾਧਿਅਮ ਰਾਹੀਂਪ੍ਰਾਪਤ ਹੁੰਦਾ ਅਜਿਹਾ ਗਿਆਨ/ਸੋਝੀ ਜਾਂ ਚਿੰਤਨ ਹੈ ਜੋ ਉਸ ਨੂੰ ਪਰਾਈ ਧਰਤੀ ’ਤੇ ਓਪਰੇ ਵਿਅਕਤੀ ਹੋਣ ਦੇ ਮੂਲ ਇਤਿਹਾਸਿਕ, ਸਮਾਜਿਕ ਕਾਰਨਾਂ ਦੀ ਅੰਤਰੀਵ ਜਟਿਲ ਕਾਰਜਸ਼ੀਲਤਾ ਨਾਲ ਪ੍ਰੀਚਿਤ ਕਰਵਾਉਂਦਾ ਹੈ।

ਉਪਰੋਕਤ ਪਰਿਭਾਸ਼ਾਵਾਂ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਪਰਾਈ ਧਰਤੀ ’ਤੇ ਰੋਜ਼ਗਾਰ ਦੀ ਤਲਾਸ਼ ਵਿਚ ਅਸਥਾਈ ਤੌਰ ’ਤੇ ਵਿਚਰਦੇ ਮਨੁੱਖ ਦੀ ਵਿਭਿੰਨ ਪ੍ਰਸਥਿਤੀਆਂਦੇ ਅੰਤਰਗਤ ਪੈਦਾ ਹੋਈ ਸੋਚ ਹੀ ‘ਪਰਵਾਸੀ ਚੇਤਨਾ’ ਹੈ। ਪਰਵਾਸੀ ਪੰਜਾਬੀ ਦੇਸ਼ ਅਤੇ ਵਿਦੇਸ਼ ਦੀਆਂ ਵਿਭਿੰਨ ਪ੍ਰਸਥਿਤੀਆਂ ਦੇ ਟਕਰਾਅ ਵਿਚੋਂ ਪੈਦਾ ਹੋਈ ਵਿਸ਼ਾਦ ਗ੍ਰਸਤ ਮਨੋਸਥਿਤੀ ਨੂੰ ਅਨੁਭਵ ਹੀ ਨਹੀਂ ਕਰਦੇ ਸਗੋਂ ਹੰਢਾਉਂਦੇ ਵੀ ਹਨ। ਕੋਈ ਵੀ ਸਾਹਿਤਕਾਰ ਭਾਵੇਂ ਉਹ ਆਪਣੀ ਜਨਮ-ਭੂਮੀ ’ਤੇ ਵਿਚਰ ਰਿਹਾ ਹੋਵੇ, ਭਾਵੇਂ ਦੂਰ-ਦੁਰਾਡੇ ਭੂਗੋਲਿਕ ਸੀਮਾਵਾ ਤੋਂ ਪਾਰ, ਪਰੰਤੂ ਆਪਣੇ ਆਲੇ-ਦੁਆਲੇ ਦੀਆਂ ਪ੍ਰਸਥਿਤੀਆਂ ਤੋਂ ਅਣਜਾਣ ਤੇ ਨਿਰਲੇਪ ਨਹੀਂ ਰਹਿ ਸਕਦਾ। ਉਹ ਉਸ ਖੇਤਰ ਵਿਸ਼ੇਸ਼ ਦੀਆਂ ਵਿਭਿੰਨ ਪ੍ਰਸਥਿਤੀਆਂ ਨੂੰ ਆਪਣੇ ਸਾਹਿਤ ਸਿਰਜਣ ਕਾਰਜ ਦਾ ਆਧਾਰ ਬਣਾਉਂਦਾ ਹੈ। ਪਰਾਈ ਧਰਤੀ ਉੱਪਰ ਅਸਥਾਈ ਤੌਰ ’ਤੇ ਰਹਿੰਦਿਆਂ ਹੋਇਆਂ ਪੈਦਾ ਹੋਏ ਪ੍ਰਤੀਕਰਮਾਂ ਨੂੰ ਜਿਸ ਸਾਹਿਤ ਵਿਚ ਪੇਸ਼ ਕੀਤਾ ਜਾਵੇ, ਉਸ ਨੂੰ ‘ਪਰਵਾਸੀ ਸਾਹਿਤ’ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਦੇ ਅੰਤਰਗਤ ਪਰਵਾਸੀ ਪੰਜਾਬੀ ਸਾਹਿਤ ਦੀ ਇਕ ਵਿਲੱਖਣ ਪਛਾਣ ਬਣ ਚੁੱਕੀ ਹੈ। ਪਰਵਾਸੀ ਪੰਜਾਬੀ ਸਾਹਿਤ ਦਾ ਮੂਲ ਸਾਹਿਤ ਨਾਲੋਂ ਨਿਖੇੜਾ ਮੂਲ ਰੂਪ ਵਿਚ ਇਸ ਦੇ ਵਿਸ਼ਾ-ਵਸਤੂ ਕਰਕੇ ਹੈ। ਪਰਵਾਸੀਸਾਹਿਤ ਸਿਰਜਣਾ ਨੇ ਵਿਸ਼ੇ ਪੱਖ ਤੋਂ, ਗਿਣਾਤਮਕ, ਗੁਣਾਤਮਕ ਤੇ ਸੁਹਜਾਤਮਕ ਪੱਖ ਤੋਂ ਵੱਡੀਆਂ-ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।

ਡਾ. ਸੁਰਿੰਦਰ ਪਾਲ ਸਿੰਘ ਅਨੁਸਾਰ- “ਪਰਵਾਸੀ ਪੰਜਾਬੀ ਸਾਹਿਤ ਦੀ ਵਰਤੋਂ ਵਿਦੇਸ਼ਾਂ ਵਿਚ ਰਚੇ ਜਾ ਰਹੇ ਉਸ ਸਾਹਿਤ ਨਾਲ ਕੀਤੀ ਜਾਂਦੀ ਹੈ, ਜਿਸ ਵਿਚ ਸਿਧਾਂਤਕ ਤੇ ਪਰਵਾਸੀ ਚੇਤਨਾ ਦੇ ਅੰਸ਼ ਮੌਜੂਦ ਹੋਣ...ਭੂ-ਹੇਰਵਾ, ਨਸਲੀ ਵਿਤਕਰਾ, ਸਭਿਆਚਾਰਕ ਤਣਾਉ ਨੂੰ ਪਰਵਾਸੀ ਜੀਵਨ ਦੇ ਅੰਤਰਗਤ ਪੇਸ਼ ਕੀਤਾ ਗਿਆ ਹੋਵੇ। ”[21]

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਸਾਹਿਤ ਤੋਂ ਭਾਵ ਅਜਿਹੇ ਸਾਹਿਤ ਤੋਂ ਹੈ ਜੋ ਪਰਵਾਸੀ ਜੀਵਨ ਦਾ ਨਿਰੂਪਣ ਕਰਦਾ ਹੋਵੇ। ਇਸ ਸਮੇਂ ਬਰਤਾਨੀਆ, ਅਮਰੀਕਾ, ਕੈਨੇਡਾ, ਡੈਨਮਾਰਕ, ਨੀਦਰਲੈਂਡ, ਆਸਟਰੇਲੀਆ, ਕੀਨੀਆ, ਜਰਮਨੀ, ਸਵੀਡਨ, ਜਿੰਬਾਬਵੇ, ਡੁਬਈ, ਮਸਕਟ, ਸਿੰਘਾਪੁਰ, ਥਾਈਲੈਂਡ ਅਤੇ ਸਵਿਟਜ਼ਰਲੈਂਡ ਆਦਿ ਮੁਲਕਾਂ ਵਿਚਪਰਵਾਸੀ ਪੰਜਾਬੀ ਸਾਹਿਤ ਦੀ ਤੀਬਰ ਗਤੀ ਨਾਲ ਸਿਰਜਣਾ ਹੋ ਰਹੀ ਹੈ। ਪਰਵਾਸੀ ਪੰਜਾਬੀ ਸਾਹਿਤ ਦਾ ਜਨਮ ਵੀ ਅਮਰੀਕਾ ਦੀ ਧਰਤੀ 'ਤੇ

ਹੋਇਆ ਕਿਉਂਕਿ ਇਥੇ ਪਹੁੰਚੇ ਪੰਜਾਬੀ ਪਹਿਲਾਂ ਤੋਂ ਹੀ ਚੇਤੰਨ ਅਤੇ ਜਾਗਰੂਕ ਸਨ। ਉਨ੍ਹਾਂ ਨੇ ਆਜ਼ਾਦੀ ਦੇ ਪ੍ਰਚਾਰ ਹਿੱਤ 1907 ਵਿਚ ਖਾਲਸਾ ਨਾਂ ਦੇ ਪੈਂਫਲਿਟ ਗੁਰਮੁਖੀ ਵਿਚ ਪ੍ਰਕਾਸ਼ਿਤ ਕੀਤੇ। ਇਨ੍ਹਾਂ ਵਿਚ ਪੰਜਾਬ ਦੇ ਸਿੱਖਾਂ ਨੂੰ ਇਕ ਅਪੀਲ ਕੀਤੀ ਗਈ ਸੀ ਕਿ ਉਹ 1857 ਦੇ ਗ਼ਦਰ ਵੇਲੇ ਅੰਗਰੇਜ਼ਾਂ ਦੀ ਕੀਤੀ ਮਦਦ ਦੀ ਕਾਲਖ ਲਾਉਣ ਲਈ ਕਮਰ ਕੱਸ ਲੈਣ 1909 ਵਿਚ 'ਮਾਰੋ ਫਰੰਗੀ ਕੋ' ਪੈਂਫਲਿਟ ਛਾਪ ਕੇ ਅਮਰੀਕਾ ਵਿਚ ਵੰਡਿਆ ਗਿਆ ਤੇ ਦੇਸ਼ ਨੂੰ ਵੀ ਭੇਜਿਆ ਗਿਆ। ਇਸ ਤੋਂ ਪਿੱਛੋਂ ਇਕ ਹੋਰ ਗੁਰਮੁਖੀ ਅਖ਼ਬਾਰ 'ਭਾਈਬੰਦ' ਕੱਢਿਆ ਗਿਆ ਜਿਸ ਵਿਚ ਭਾਰਤੀਆਂ ਨਾਲ ਵਾਪਰ ਰਹੀਆਂ ਨਸਲੀ ਵਿਤਕਰੇ ਦੀਆਂ ਘਟਨਾਵਾਂ ਉੱਤੇ ਚਾਨਣਾ ਪਾਇਆ ਗਿਆ। ਜਨਵਰੀ 1910 ਵਿਚ ਵੈਨਕੂਵਰ (ਕੈਨੇਡਾ) ਤੋਂ ਇਕ ਪੰਜਾਬੀ ਮਾਸਿਕ 'ਸ੍ਵਦੇਸ਼ ਸੇਵਕ' ਕੱਢਿਆ ਗਿਆ। ਇਸ ਵਿਚ ਭਾਰਤੀ ਸਿੱਖ ਫ਼ੌਜੀਆਂ ਨੂੰ ਸੰਬੋਧਿਤ ਮਜ਼ਮੂਨ ਪ੍ਰਕਾਸ਼ਿਤ ਕੀਤਾ ਹੁੰਦਾ। ਅਮਰੀਕਾ ਦੇ ਸ਼ਹਿਰ ਸੇਂਟ ਜਾਨ ਵਿਚ 25 ਮਾਰਚ 1913 ਨੂੰ ਲਾਲਾ ਹਰਦਿਆਲ ਦੀ ਅਗਵਾਈ ਵਿਚ ਇਕ ਮੀਟਿੰਗ ਹੋਈ। ਇਸ ਮੀਟਿੰਗ ਵਿਚ ਲਾਲਾ ਹਰਦਿਆਲ ਨੇ ਆਪਣਾ ਵਿਚਾਰ ਪ੍ਰਗਟ ਕੀਤਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪ ਹਿੰਮਤ ਕਰਨੀ ਚਾਹੀਦੀ ਹੈ ਤੇ ਇਨਕਲਾਬੀ ਲੀਹਾਂ ਉੱਤੇ ਕੰਮ ਹੋਣਾ ਚਾਹੀਦਾ ਹੈ। ਲਾਲਾ ਹਰਦਿਆਲ ਦੇ ਇਸ ਵਿਚਾਰ ਨੂੰ ਮੰਨ ਕੇ ਸਾਰੇ ਇਸ ਨਤੀਜੇ 'ਤੇ ਪਹੁੰਚੇ ਕਿ ਭਾਰਤੀ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਰਾਜ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਇਸ ਮੀਟਿੰਗ ਵਿਚ ਗ਼ਦਰ ਪਾਰਟੀ ਦੀ ਸਥਾਪਨਾ ਕਰ ਦਿੱਤੀ ਗਈ ਅਤੇ ਇਕ ਅਖ਼ਬਾਰ 'ਗ਼ਦਰ' ਉਰਦੂ ਤੇ ਪੰਜਾਬੀ ਵਿਚ ਕੱਢਣ ਦਾ ਫੈਸਲਾ ਵੀ ਕੀਤਾ ਗਿਆ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ 'ਪਰਵਾਸੀ ਪੰਜਾਬੀ ਸਾਹਿਤ' ਦਾ ਮੁੱਢ ਲਗਭਗ 20 ਵੀਂ ਸਦੀਂ ਦੇ ਦੂਸਰੇ ਦਹਾਕੇ ਵਿਚ ਅਮਰੀਕਾ ਦੀ ਧਰਤੀ ਉੱਤੇ ਹੀ ਗ਼ਦਰੀ ਦੇਸ਼ ਭਗਤਾਂ ਵੱਲੋਂ ਲਿਖੇ ਗ਼ਦਰ-ਕਾਵਿ ਨਾਲ ਬੱਝਾ। ਇਸ ਸਮੇਂ ਕੁਝ ਦੇਸ਼ ਭਗਤ ਅਤੇ ਵਿਦਿਆਰਥੀ ਭਾਵੇਂ ਬਰਤਾਨੀਆ ਵੀ ਗਏ ਪਰ ਉਹ ਉਥੇ ਭਾਰਤ ਦੀ ਆਜ਼ਾਦੀ ਲਈ ਕੋਈ ਜੱਥੇ ਬੰਦਕ ਲਹਿਰ ਆਰੰਭਨਾ ਕਰ ਸਕੇ। ਇੰਗਲੈਂਡ ਜਾਂ ਫਰਾਂਸ ਜਾਣ ਵਾਲੇ ਭਾਰਤੀ ਲੀਡਰ ਧਨਾਢ ਪਰਿਵਾਰਾਂ ਵਿਚੋਂ ਸਨ, ਜ਼ਿਆਦਾ ਪੜ੍ਹੇ-ਲਿਖੇ ਵੀ ਸਨ ਅਤੇ ਕਈ ਤਾਂ ਹੋਰ ਉਚੇਰੀ ਵਿੱਦਿਆ ਹਾਸਲ ਕਰਨ ਦੇ ਮੰਤਵ ਨਾਲ ਹੀ ਉਧਰ ਗਏ ਸਨ। ਉਨ੍ਹਾਂ ਦੀ ਪੜ੍ਹਾਈ ਦਾ ਮਾਧਿਅਮ ਵੀ ਅੰਗਰੇਜ਼ੀ ਹੀ ਸੀ। ਉਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕੀਤਾ ਪਰੰਤੂ ਦੱਬੀ ਜ਼ੁਬਾਨ ਵਿਚ ਹੀ ਉਨ੍ਹਾਂ ਨੇ ਅੰਗਰੇਜ਼ੀ ਰਾਜ ਵੱਲੋਂ ਭਾਰਤੀਆਂ ਉੱਪਰ ਕੀਤੇ ਜ਼ੁਲਮਾਂ ਵਿਰੁੱਧ ਲਿਖਿਆ ਵੀ ਅਤੇ ਕੁਝ ਪਰਚੇ ਵੀ ਕੱਢੇ ਪਰ ਅੰਗਰੇਜ਼ੀ ਭਾਸ਼ਾ ਵਿਚ ਹੀਕਈ ਹੋਰ ਵਿਦਿਆਰਥੀਆਂ ਨੂੰ ਸੱਦ ਕੇ ਉਥੋਂ ਦੀ ਪੜ੍ਹਾਈ ਵੀ ਕਰਵਾਈ ਤਾਂ ਜੋ ਉਹ ਦੇਸ਼ ਦੀ ਆਜ਼ਾਦੀ ਲਈ ਸੂਝਵਾਨ ਹੋ ਕੇ ਲੜ ਸਕਣ, ਪਰ ਉਹ ਪੰਜਾਬੀ ਭਾਸ਼ਾ ਵਿਚ ਕੋਈ ਅਖ਼ਬਾਰ ਨਾ ਕੱਢ ਸਕੇ ਅਤੇ ਨਾ ਹੀ ਪੰਜਾਬੀ ਵਿਚ ਕੁਝ ਲਿਖ ਸਕੇ, ਉਧਰ ਗਏ ਚੌਂਕੀਦਾਰ ਜਾਂ ਦਰਬਾਨ ਅਨਪੜ੍ਹ ਸਨ, ਉਨ੍ਹਾਂ ਨੂੰ ਪੌਂਡ ਕਮਾਉਣ ਤੇ ਅੰਗਰੇਜ਼ਾਂ ਦਾ ਗ਼ੁਲਾਮ ਕਰਨ ਤੋਂ ਵਿਹਲ ਹੀ ਨਹੀਂ ਸੀ ਮਿਲਦੀ। ਇਸ ਲਈ ਬਰਤਾਨੀਆਂ ਵਿਚ 20 ਵੀਂ ਸਦੀ ਦੇ ਦੂਜੇ ਦਹਾਕੇ ਤੱਕ ਪੰਜਾਬੀ ਸਾਹਿਤ ਦੀ ਰਚਨਾ ਵਿਚ ਕੋਈ ਪ੍ਰਕਿਰਿਆ ਆਰੰਭ ਨਾ ਹੋ ਸਕੀ। 'ਗ਼ਦਰ' ਅਖ਼ਬਾਰਾਂ ਵਿਚ ਪ੍ਰਕਾਸ਼ਿਤ 'ਗ਼ਦਰ-ਕਾਵਿ' ਨੂੰ 'ਗ਼ਦਰ ਦੀ ਗੂੰਜ' ਨਾਮੀ ਪੁਸਤਕ ਵਿਚ ਸੰਕਲਿਤ ਕਰ ਦਿੱਤਾ ਗਿਆ ਅਤੇ ਇਸ ਨੂੰ ਪਰਵਾਸੀ ਪੰਜਾਬੀ ਸਾਹਿਤ ਦੀ ਪ੍ਰਥਮ ਪੁਸਤਕ ਹੋਣ ਦਾ ਮਾਣ ਵੀ ਪ੍ਰਾਪਤ ਹੈ ਗ਼ਦਰ-ਕਾਵਿਤੋਂ ਬਾਅਦ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ ਲੰਬੀ ਚੁੱਪ ਵਿਦਮਾਨ ਰਹਿੰਦੀ ਹੈ। ਪਰਵਾਸੀ ਪੰਜਾਬੀ ਸਾਹਿਤ ਵਿਚ ਇਸ ਲੰਬੀ ਚੁੱਪ ਦਾ ਕਾਰਨ ਹਾਂਗਕਾਂਗ, ਕੈਨੇਡਾ, ਅਮਰੀਕਾ, ਆਸਟਰੇਲੀਆ ਵਿਚੋਂ ਪੰਜਾਬੀਆਂ ਦੀ ਦੇਸ਼ ਵਾਪਸੀ ਸੀ 25 ਜੁਲਾਈ 1914 ਨੂੰ ਜਰਮਨੀ ਨੇ ਸਰਬੀਆ ਉੱਤੇ ਹਮਲਾ ਕਰ ਦਿੱਤਾ। ਦੇਖਦੇ ਹੀ

ਦੇਖਦੇ ਯੂਰਪੀ ਮੁਲਕ ਪਹਿਲੀ ਸੰਸਾਰ ਜੰਗ ਵਿਚ ਉਲਝ ਗਏ ਪੰਜਾਬੀ ਦੇਸ਼ ਭਗਤਾਂ ਨੇ ਭਾਰਤ ਵਾਪਸ ਜਾਣ ਦਾ ਫੈਸਲਾ ਕੀਤਾ ਤਾਂ ਜੋ ਇਸ ਜੰਗ ਦਾ ਲਾਭ ਉਠਾ ਕੇ ਦੇਸ਼ ਦੀ ਧਰਤੀ ਤੋਂ ਬਰਤਾਨੀਆਂ ਸਾਮਰਾਜ ਨੂੰ ਬਾਹਰ ਕੱਢਿਆ ਜਾ ਸਕੇ, ਇਸ ਲਈ ਇਹ ਮਿੱਥਿਆ ਗਿਆ ਕਿ ਨਵੰਬਰ 1914 ਦੇ ਪਹਿਲੇ ਹਫ਼ਤੇ ਤੱਕ ਸਾਰੇ ਭਰਤੀ ਦੇਸ਼ ਵਾਪਸ ਚਲੇ ਜਾਣ। ਜੋ ਪਹਿਲਾਂ ਪਹੁੰਚ ਜਾਣ, ਉਹ ਪਿੰਡਾਂ ਵਿਚ ਪ੍ਰਚਾਰ ਕਰਕੇ ਲੋਕਾਂ ਨੂੰ ਆਪਣੇ ਨਾਲ ਰਲਾਉਣ। ਜਦੋਂ ਪੱਛਮੀ ਟਾਪੂਆਂ ਵਿਚੋਂ ਸਾਰੇ ਭਾਰਤ ਵਾਸੀ ਦੇਸ਼ ਵਾਪਸ ਆ ਜਾਣਗੇ ਤਾਂ ਫਿਰ ਇਕ ਤਾਰੀਖ਼ ਮਿੱਥ ਕੇ ਗ਼ਦਰਕਰ ਦਿੱਤਾ ਜਾਵੇਗਾ। ਇਤਿਹਾਸ ਗਵਾਹ ਹੈ ਕਿ 1914 ਵਿਚ ਜਦੋਂ ਕਾਮਾਗਾਟਾਮਾਰੂ ਜਹਾਜ਼ ਦੇ ਗ਼ਦਰੀ ਮੁਸਾਫ਼ਿਰਾਂ ਨੂੰ ਬਰਤਾਨਵੀ ਸਰਕਾਰ ਨੇ ਕੈਨੇਡਾ ਦੀ ਧਰਤੀ ਉੱਤੇ ਉਤਰਨ ਨਾ ਦਿੱਤਾ ਤਾਂ ਉਹ ਭਾਰਤ ਆ ਗਏ ਅਤੇ ਕਲਕੱਤਾ ਦੇ ਬਜਬਜ ਸਮੁੰਦਰੀ ਘਾਟ ’ਤੇ ਉਤਰਨ ਤੋਂ ਬਾਅਦ ਜਦੋਂ ਉਹ ਪੰਜਾਬ ਨੂੰ ਚੱਲਣ ਲਈ ਗੱਡੀ ਪਕੜ ਰੇਲਵੇ ਸਟੇਸ਼ਨ ਨੂੰ ਜਾ ਰਹੇ ਸਨ ਤਾਂ ਅੰਗਰੇਜ਼ਾਂ ਦੀ ਪੁਲਿਸ ਨੇ ਉਨ੍ਹਾਂ ਉੱਪਰ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਸੀ ਅਤੇ ਉਨ੍ਹਾਂ ਵਿਚੋਂ ਭਜਦਿਆਂ ਹੋਇਆਂ ਜਿਹੜੇ ਬਚ ਗਏ, ਉਹ ਬੜੀ ਮੁਸ਼ਕਿਲ ਨਾਲ ਲੁਕਦੇ-ਛਿਪਦੇ ਭੇਸ ਵਟਾਕੇ ਪੰਜਾਬ ਪਹੁੰਚੇ ਸਨ, ਜਿਨ੍ਹਾਂ ਨੇ ਬਾਅਦ ਵਿਚ ਸੁਤੰਤਰਤਾ ਸੰਗਰਾਮ ਵਿਚ ਆਪਣਾ ਯੋਗਦਾਨ ਪਾਇਆ ਇਸ ਤਰ੍ਹਾਂ ਬਾਕੀ ਦੇਸ਼ਾਂ ਵਿਚੋਂ ਵੀ ਪੰਜਾਬੀ ਦੇਸ਼ ਵਾਪਸ ਆ ਗਏ ਅਤੇ ਆਜ਼ਾਦੀ ਦੀ ਲੜਾਈ ਵਿਚ ਜੁੱਟ ਗਏ। ਪਰਵਾਸੀ ਪੰਜਾਬੀ ਸਾਹਿਤ ਵਿਚ ਆਈ ਖੜੋਤ ਦਾ ਵੱਡਾ ਕਾਰਨ ਏਹੋ ਹੀ ਸੀ, ਇਸ ਉਪਰੰਤ ਪਰਵਾਸੀ ਪੰਜਾਬੀ ਸਾਹਿਤ ਦੀ ਸਿਰਜਣਾ ਦਾ ਨਿਰੰਤਰ ਸਿਲਸਿਲਾ ਚਲਦਾ ਹੈ, ਜਦੋਂ ਸੱਠਵਿਆਂ ਦੇ ਆਰੰਭ ਵਿਚ ਪੜ੍ਹੇ ਲਿਖੇ ਲੋਕਾਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤੀਆਂ। ”[22]

ਦੂਜੀ ਵੱਡੀ ਜੰਗ ਤੋਂ ਪਿਛੋਂ ਬਰਤਾਨੀਆ ਨੂੰ ਆਪਣੀਆਂ ਫੈਕਟਰੀਆਂ ਨਾ ਸਿਰਫ਼ ਚੱਲਦੀਆਂ ਰੱਖਣ ਲਈ ਸਗੋਂ ਉਤਪਾਦਨ ਵਧਾਉਣ ਲਈ ਗ਼ੈਰ-ਹੁਨਰਮੰਦ ਕਿਰਤ ਸ਼ਕਤੀ ਦੀ ਬੜੀ ਲੋੜ ਸੀ। ਪੰਜਾਬ ਉੱਪਰ ਕਾਬਜ਼ ਹੋਣ ਤੋਂ ਬਾਅਦ ਅੰਗਰੇਜ਼ ਹਕੂਮਤ ਇਸ ਤੱਥ ਤੋਂ ਜਾਣੂ ਹੋ ਗਈ ਕਿ ਪੰਜਾਬੀ ਕੌਮ ਸਰੀਰਕ ਕੰਮ ਲਈ ਕਾਫੀ ਤਕੜੀ ਹੈ। ਪੰਜਾਬ ਦੇ ਕਿਸਾਨ ਦੀ ਹੱਡ-ਭੰਨਵੀਂ ਮਿਹਨਤ ਨੇ ਅੰਗਰੇਜ਼ ਕੌਮ ਦਾ ਦਿਲ ਜਿੱਤ ਲਿਆ 1947 ਵੰਡ ਕਾਰਨ ਉਖੜੇ ਹੋਏ ਅਤੇ ਟਿਕਾਣਾ ਲੱਭਦੇ ਲੋਕਾਂ ਦੀ ਵੱਡੀ ਗਿਣਤੀ ਵਜੂਦ ਵਿਚ ਆ ਗਈ, ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਕਾਰਨ ਵਸੋਂ ਵੱਧ ਗਈ ਅਤੇ ਰੋਟੀ-ਰੋਜ਼ੀ ਦੀ ਤਲਾਸ਼ ਵਿਚ ਲੋਕ ਬਾਹਰਲੇ ਦੇਸ਼ਾਂ ਨੂੰ ਜਾਣ ਦੇ ਰਾਹ ਲੱਭਣ ਲੱਗੇ। ਇੰਗਲੈਂਡ ਜਾਣ ਲਈ ਸ਼ੁਰੂ ਵਿਚ ਪਾਸਪੋਰਟ ਦੀ ਜ਼ਰੂਰਤ ਨਹੀਂ ਹੁੰਦੀ ਸੀ। ਇਸ ਪ੍ਰਕਾਰ ਇੰਗਲੈਂਡ ਵਿਚ ਪੰਜਾਬੀਆਂ ਦਾ ਪਰਵਾਸ ਸ਼ੁਰੂ ਹੋਇਆ, ਜਿਉਂ-ਜਿਉਂ ਪੰਜਾਬੀ ਪਰਵਾਸੀਆਂ ਦੀ ਗਿਣਤੀ ਬਰਤਾਨੀਆ ਵਿਚ ਵਧਦੀ ਗਈ ਬਰਤਾਨਵੀ ਮਜ਼ਦੂਰਾਂ ਨੂੰ ਆਪਣੀਆਂ ਨੌਕਰੀਆਂ ਖੁਸਦੀਆਂ ਜਾਪੀਆਂ ਅਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਘਟਣ ਲੱਗੀਆਂ ਜਿਸ ਕਾਰਨ ਸਥਾਨਕ ਮਜ਼ਦੂਰ ਪਰਵਾਸੀਆਂ ਦੇ ਵਿਰੁੱਧ ਹੋ ਗਏ। ਬਰਤਾਨੀਆ, ਅਮਰੀਕਾ, ਕੈਨੇਡਾ ਤੇ ਅਫ਼ਰੀਕਨ ਦੇਸ਼ਾਂ ਵਿਚ ਪੰਜਾਬੀਮਜ਼ਦੂਰਾਂ ਦੀ ਲੋੜ ਘਟਣ ਨਾਲ ਪਰਵਾਸੀਆਂ ਦੇ ਪ੍ਰਵੇਸ਼ ’ਤੇ ਪਾਬੰਦੀਆਂ ਲੱਗਣ ਕਾਰਨ ਵਾਊਚਰ ਸਿਸਟਮ ਜਾਂਗਰੀਨ ਕਾਰਡ ਦੀ ਵਿਵਸਥਾ ਨਾਲ ਪਰਵਾਸੀਆਂ ਦੀ ਆਮਦ ਸੀਮਤ ਹੋ ਗਈ 60 ਵਿਆਂ ਦੇ ਸ਼ੁਰੂ ਵਿਚ ਵਰਕ ਪਰਮਿਟ ਸਿਸਟਮ ਦੀ ਸ਼ੁਰੂਆਤ ਹੋਈ 1960 ਤੋਂ ਬਾਅਦ ਉਹ ਲੋਕ ਹੀ ਵਿਦੇਸ਼ ਗਏ ਜਿਹੜੇ ਕੁਝ ਪੜ੍ਹੇ ਲਿਖੇ ਸਨ। 1950 ਤੋਂ ਸੱਤਵੇਂ ਦਹਾਕੇ ਦੇ ਪਹਿਲੇ ਅੱਧ ਤੱਕ ਗਏ ਪੰਜਾਬੀ ਪਰਵਾਸੀਆਂ ਦੇ ਦੌਰ ਨੂੰ ਪਹਿਲੇ ਪੜਾਅ ਦੇ ਪਰਵਾਸੀ ਕਹਿਣਾ ਵਧੇਰੇ ਵਾਜਿਬ ਹੈ ਕਿਉਂਕਿ ਇਸ ਦੌਰ ਦੇ ਪੰਜਾਬੀ ਪਰਵਾਸੀਆਂ ਦੀ ਮਾਨਸਿਕਤਾ ਇਕੋ ਜਿਹੀ ਹੈ। ਇਨ੍ਹਾਂ ਵਿਚ ਜ਼ਿਆਦਾਤਰ ਹੱਥੀਂ ਕਿਰਤ ਕਰਨ ਵਾਲੇ ਸਨ ਜਿਨ੍ਹਾਂ ਨੂੰ ਮੁੱਖ ਰੂਪ

ਵਿਚ ਫੈਕਟਰੀਆਂ ਤੇ ਫਾਊਂਡਰੀਆਂ ਵਿਚ ਕੰਮ ਕਰਨਾ ਪਿਆ। ਇਹ ਪਰ ਬਹੁਤ ਜਲਦੀ ਬਰਤਾਨੀਆਂ ਦੇ ਅਰਥਚਾਰੇ ਵਿਚ ਖੱਪ ਗਿਆ ਕਿਉਂਕਿ ਕਾਮਿਆਂ ਦੀ ਉਸ ਸਮੇਂ ਬਰਤਾਨੀਆਂ ਵਿਚ ਥੁੱੜ੍ਹ ਸੀ ਇਸ ਲਈ ਇਨ੍ਹਾਂ ਨੂੰ ਉਹ ਸਮੱਸਿਆਵਾਂ ਨਹੀਂ ਦੇਖਣੀਆਂ ਪਈਆਂ ਜਿਹੜੀਆਂ ਇਨ੍ਹਾਂ ਤੋਂ ਬਾਅਦ ਗਏ ਪੰਜਾਬੀ ਪਰਵਾਸੀਆਂ ਨੂੰ ਦੇਖਣੀਆਂ ਪਈਆਂਆਮ ਚੋਣਾਂ ਵਿਚ ਟੋਰੀ ਪਾਰਟੀ ਦੀ ਸ਼ਾਨਦਾਰ ਜਿੱਤ ਹੋਣ ਤੋਂ ਬਾਅਦ ਇਸ ਪਾਰਟੀ ਨੇ ਇੰਗਲੈਂਡ ਵਿਚ ਪਰਵਾਸੀਆਂ ਦੀ ਵਧਦੀ ਆਬਾਦੀ ਅਤੇ ਪੈਦਾ ਹੋ ਰਹੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਦੇਖਦਿਆਂ ਆਵਾਸ ’ਤੇ ਰੋਕ ਲਗਾ ਦਿੱਤੀ। 1962 ਵਿਚ ਇਸ ਸਰਕਾਰ ਨੇ ‘ਕਾਮਨਵੈਲਥ ਇਮੀਗਰੇਸ਼ਨ ਐਕਟ’ ਲਾਗੂ ਕਰ ਦਿੱਤਾ। ਇਸ ਐਕਟ ਤਹਿਤ ਜਿਨ੍ਹਾਂ ਲੋਕਾਂ ਦੇ ਪਾਸਪੋਰਟ ਬਰਤਾਨੀਆਂ ਵਿਚ ਜਾਰੀ ਨਹੀਂ ਸਨ ਹੋਏ, ਉਨ੍ਹਾਂ ਨੂੰ ਏਥੇ ਰੁਜ਼ਗਾਰ ਵਾਸਤੇ ਕਿਰਤਮੰਤਰਾਲੇ ਤੋਂ ਵਾਊਚਰ ਲੈਣੇ ਜ਼ਰੂਰੀ ਸਨ। ਇਸ ਆਵਾਸ ਕਾਨੂੰਨ ਦੇ ਲਾਗੂ ਹੋਣ ਉਪਰੰਤ ਬਾਕੀ ਪਰਵਾਸੀਆਂ ਦੇ ਨਾਲ-ਨਾਲ ਪੰਜਾਬੀ ਪਰਵਾਸੀਆਂ ਦੀ ਆਮਦ ਵੀ ਸੀਮਤ ਹੋ ਗਈ। ਇਸ ਤਰ੍ਹਾਂ 1959 ਤੱਕ ਬਰਤਾਨੀਆਂ ਵਿਚ ਪੰਜਾਬੀਆਂ ਦੇ ਪਰਵਾਸ ਦਾ ਪਹਿਲਾ ਪੜਾਅ ਅਤੇ 1962 ਤੋਂ ਦੂਸਰਾ ਪੜਾਅ ਮਿੱਥਿਆ ਜਾ ਸਕਦਾ ਹੈ। ਦੂਸਰੇ ਪੜਾਅ ਅਧੀਨ ਵਕੀਲ, ਡਾਕਟਰ, ਇੰਜੀਨੀਅਰ, ਅਧਿਆਪਕ, ਕਲਰਕ ਆਦਿ ਮੱਧ ਸ਼੍ਰੇਣੀ ਜਾਂ ਨਿਮਨ ਮੱਧਵਰਗ ਦੇ ਲੋਕ ਪਰਵਾਸੀ ਬਣੇ ਅਤੇ ਇਨ੍ਹਾਂ ਵਿਚੋਂ ਵੱਡੀ ਗਿਣਤੀ ਉਨ੍ਹਾਂ ਸਾਹਿਤਕਾਰਾਂ ਦੀ ਵੀ ਸੀ, ਜੋ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਸਾਹਿਤ ਦੇ ਰਚਨਹਾਰੇ ਜਾਂ ਪਾਠਕਾਂ ਦੇ ਰੂਪ ਵਿਚ ਪੇਸ਼ ਸਨ। ਇਨ੍ਹਾਂ ਦਾ ਜੀਵਨ ਦ੍ਰਿਸ਼ਟੀਕੋਣ ਤੇ ਪਰਵਾਸ ਦਾ ਮੰਤਵ ਪਹਿਲਾਂ ਗਏ ਪਰਵਾਸੀਆਂ ਨਾਲੋਂ ਭਿੰਨ ਸੀ। ਇਹ ਲੋਕ ਸਮਾਜਿਕ ਤੇ ਮਾਨਸਿਕ ਤੌਰ ’ਤੇ ਜਾਗਰੂਕ ਸਨ ਅਤੇ ਇਨ੍ਹਾਂ ਦਾ ਆਸ਼ਾ ਆਪਣਾ ਜੀਵਨ ਪੱਧਰ ਉੱਚਾ ਚੁੱਕਣਾ ਤੇ ਵਧੇਰੇ ਸਹੂਲਤਾਂ ਪ੍ਰਾਪਤ ਕਰਨਾ ਸੀ, ਇਨ੍ਹਾਂ ਦੀ ਮੁੱਖ ਸਮੱਸਿਆ ਰੋਟੀ ਦੀ ਨਹੀਂ ਸੀ। ਸੋ ਇਨ੍ਹਾਂ ਪਰਵਾਸੀਆਂ ਨੇ ਪੈਸਾ ਕਮਾਉਣ ਦੀ ਖ਼ਾਤਰ ਵਿਭਿੰਨ ਪੱਧਰਾਂ ’ਤੇ ਹੰਢਾਏ ਸੰਤਾਪ ਨੂੰ ਵੀ ਮਹਿਸੂਸ ਕੀਤਾ। ਪਰਾਈ ਧਰਤੀ ’ਤੇ ਤੀਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ, ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਅਤੇ ਆਜ਼ਾਦ ਦੇਸ਼ਦੇ ਵਸਨੀਕ ਹੋਣ ਦੇ ਬਾਵਜੂਦ ਗ਼ੁਲਾਮਾਂ ਵਰਗਾ ਜੀਵਨ ਜੀਊਣ ਲਈ ਮਜ਼ਬੂਰ ਹੋਣਾ ਆਦਿ ਅਜਿਹੀਆਂਪ੍ਰਸਥਿਤੀਆਂ ਸਨ ਜਿਨ੍ਹਾਂ ਨੇ ਇਨ੍ਹਾਂ ਪੰਜਾਬੀਆਂ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ।

ਪਹਿਲੇ ਪੜਾਅ ਦੇ ਪਰਵਾਸੀਆਂ ਨੇ ਇਸ ਤਰ੍ਹਾਂ ਦੀ ਅਵਸਥਾ ਨੂੰ ਗ਼ਦਰ ਲਹਿਰ ਦੇ ਰੂਪ ਵਿਚ ਅਭਿਵਿਅਕਤ ਕੀਤਾ,ਇਸ ਤਰ੍ਹਾਂ ਵਰਕ ਵਾਊਚਰ ਸਿਸਟਮ ਅਧੀਨ ਗਏ ਪਰਵਾਸੀ ਹੀ ਬਾਅਦ ਵਿਚ ਜਾ ਕੇ ਪਰਵਾਸੀ ਪੰਜਾਬੀ ਸਾਹਿਤ ਦਾਮੂਲ ਸਰੋਤ ਬਣਦੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਪਹਿਲਾਂ ਹੀ ਪੰਜਾਬ ਰਹਿੰਦਿਆਂ ਸਾਹਿਤ ਸਿਰਜਣਾ ਨਾਲ ਜੁੜੇ ਹੋਏ ਹਨ ਜਿਵੇਂ ਸਵਰਨ ਚੰਦਨ, ਸਾਥੀ ਲੁਧਿਆਣਵੀ, ਰਘੁਬੀਰ ਢੰਡ, ਅਵਤਾਰ, ਪ੍ਰੀਤਮ ਸਿੱਧੂ ਆਦਿ। ਇਨ੍ਹਾਂ ਦੇ ਮਨਾਂ ਵਿਚ ਲਿਖਣ ਦੀ ਚੇਟਕ ਬਰਤਾਨੀਆ ਪੁੱਜਣ ਤੇ ਵੀ ਖ਼ਤਮ ਨਹੀਂ ਹੋਈ, ਇਨ੍ਹਾਂ ਵਿਚੋਂ ਕੁਝ ਵਿਦੇਸ਼ ਵਿਚ ਰਹਿੰਦੇ ਹੋਏ, ਉਥੋਂ ਦੀਆਂ ਪ੍ਰਸਥਿਤੀਆਂ ਅਧੀਨ ਵਿਚਰਦੇ ਹੋਏ ਤੇ ਸਾਹਿਤਕ ਮਾਹੌਲ ਅਧੀਨ ਪੰਜਾਬੀ ਸਾਹਿਤ ਸਿਰਜਣਾ ਵੱਲ ਰੁਚਿਤ ਹੋਏ, ਇਨ੍ਹਾਂ ਨੇ ਜਦੋਂ ਬਰਤਾਨੀਆ ਵਰਗੇ ਸਨਅਤੀ ਮੁਲਕ ਵਿਚ ਪੈਰ ਪਾਇਆ ਤਾਂ ਨਵੀਂ ਧਰਤੀ ਉੱਤੇ ਨਵੀਆਂ ਚੁਣੌਤੀਆਂ ਅਤੇ ਨਵੇਂ ਮਾਹੌਲ ਦੀਆਂ ਦੁਸ਼ਵਾਰੀਆਂ ਨੇ ਇਨ੍ਹਾਂ ਸਾਹਮਣੇ ਨਿੱਤ ਨਵੀਆਂ ਸਮੱਸਿਆਵਾਂ ਖੜੀਆਂ ਕੀਤੀਆਂ। ਪਰਵਾਸੀ ਪੰਜਾਬੀਆਂ ਨੂੰ ਵਿਦੇਸ਼ਾਂ ਵਿਚ ਵਿਚਰਦੇ ਸਮੇਂ ਲਗਭਗ ਇਕੋ ਜਿਹੇ ਸੰਤਾਪ ਦਾ ਭਾਗੀ ਬਣਨਾ ਪਿਆ, ਇਸ ਵਿਚ ਮੂਲ ਭਾਈਚਾਰੇ ਤੋਂ ਅਲਗਾਵ ਦੀ ਸਥਿਤੀ, ਸਭਿਆਚਾਰ ਦੁਆਰਾ ਨਕਾਰੇ ਜਾਣ ’ਤੇ ਆਪਣੀ ਸੰਤਾਨ ਦੁਆਰਾ ਪੱਛਮੀ ਸੰਸਕ੍ਰਿਤੀ ਦਾ ਅੰਗ ਬਣਨ ਦੀ ਚੇਸ਼ਟਾ ਦਾ ਸਾਹਮਣਾ ਕਰਨਾ ਆਦਿ ਇਸ

ਸੰਤਾਪ ਦੇ ਮੁੱਖ ਕਾਰਨ ਬਣਦੇ ਹਨ। ਜਿਸ ਕਾਰਨ ਇਹ ਮੁੜ ਆਪਣੇ ਵਤਨ ਵੱਲ ਝਾਕਣ ਲੱਗੇ, ਪਰ ਆਰਥਕ ਬੋਝ ਕਾਰਨ ਮੁੜ ਸਕਣਾ ਔਖਾ ਸੀ।

## ਬਿਰਤਾਂਤ ਤੇ ਬਿਰਤਾਂਤ-ਸ਼ਾਸ਼ਤਰ:-

ਬਿਰਤਾਂਤ ਮਨੁੱਖ ਵੱਲੋਂ ਸਿਰਜੀ ਅਜਿਹੀ ਪ੍ਰਗਟਾ ਵਿਧੀ ਹੈ ਜਿਸ ਵਿਚ ਘਟਨਾ ਦਾ ਪ੍ਰਗਟਾ ਲੜੀਬੱਧ ਤਰੀਕੇ ਨਾਲ ਕੀਤਾ ਜਾਂਦਾ ਹੈ ਤੇ ਸਾਰੀਆਂ ਘਟਨਾਵਾ ਲੜੀ ਵਿਚ ਪੇਸ਼ ਹੁੰਦੀਆਂ ਹਨ, ਇਕ ਘਟਨਾ ਤੋਂ ਪਿੱਛੋਂ ਦੂਜੀ ਘਟਨਾ ਪੇਸ਼ ਹੁੰਦੀ ਹੈ । ਨਾਵਲਕਾਰ ਆਪਣੇ ਨਾਵਲਾਂ ਵਿਚ ਹਰ ਘਟਨਾ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕਰਦਾ ਹੈ ਤਾਂ ਕਿ ਨਾਵਲ ਨੂੰ ਹੋਰ ਰੌਚਿਕਤਾ ਤੇ ਅਰਥ ਭਰਪੂਰ ਬਣਾਇਆ ਜਾ ਸਕੇ। ਬਿਰਤਾਂਤ ਵਿਚ ਘਟਨਾ ਨੂੰ ਪੇਸ਼ ਕਰਨ ਲਈ ਨਾਵਲਕਾਰ ਬਿਰਤਾਂਤ ਵਿਧੀ ਦੀ ਵਰਤੋਂ ਬਹੁਤ ਹੀ ਸੁੱਚਜੇ ਤਰੀਕੇ ਨਾਲ ਕਰਦਾ ਹੈ ਤਾਂ ਜੋ ਨਾਵਲ ਨੂੰ ਚੰਗਾ ਬਣਾਇਆ ਜਾ ਸਕੇ। ਬਿਰਤਾਂਤ ਨਿਤ ਵਰਤੋਂ ਦਾ ਸਾਧਾਰਨ ਸ਼ਬਦ ਨਹੀਂ ਸਗੋਂ ਇਸਦਾ ਸੰਬੰਧ ਸਮਕਾਲੀ ਆਲੋਚਨਾ ਦੀ ਤਕਨੀਕੀ ਸ਼ਬਦਾਵਲੀ ਨਾਲ ਹੈ। ਬਿਰਤਾਂਤ ਕਾਲਪਨਿਕ ਵੀ ਹੋ ਸਕਦਾ ਹੈ ਅਤੇ ਵਾਸਤਵਿਕ ਵੀ। ਇਸ ਤਰ੍ਹਾਂ ਬਿਰਤਾਂਤ ਨਿਰੋਲ ਗਲਪ ਦਾ ਸਮਾਨਾਰਥਕ ਸ਼ਬਦ ਵੀ ਨਹੀਂ ਸਗੋਂ ਇਸਦੇ ਘੇਰੇ ਵਿਚ ਜੀਵਨੀ ਸਵੈ-ਜੀਵਨੀ ਅਤੇ ਇਤਿਹਾਸ ਵਰਗੀਆਂ ਉਹ ਸਮੂਹ ਸਿਰਜਣਾਵਾਂ ਵੀ ਆ ਜਾਂਦੀਆਂ ਹਨ ਅਤੇ ਇਸ ਵਿਚ ਕਥਾਕਾਰ ਦੀ ਰਚਨਾ ਵਿਧੀ ਵੀ ਕੰਮ ਕਰਦੀ ਹੈ।

ਬਿਰਤਾਂਤ ਦੇ ਅਧਿਐਨ ਲਈ ਤੋਦੋਰਵ ਨੇ ਪਹਿਲੀ ਵਾਰ ਬਿਰਤਾਂਤ ਸ਼ਾਸਤਰ ( Narratology ) ਸ਼ਬਦ ਦਾ ਪ੍ਰਯੋਗ 1969 ਵਿਚ ਕੀਤਾ ਹੈ। ਬਿਰਤਾਂਤ-ਸ਼ਾਸ਼ਤਰ ਦਾ ਸੰਕਲਪ ਪਹਿਲੀ ਵਾਰ ਪ੍ਰਸਿੱਧ ਸੰਰਚਨਾਵਾਦੀ ਚਿੰਤਕ ਤੋਦੋਰਪਵ ਨੇ ਆਪਣੀ 1969 ਪ੍ਰਕਾਸ਼ਿਤ ਪੁਸਤਕ 'Grammaire du Decameron' ਵਿਚ ਪੇਸ਼ ਕੀਤਾ। ਇਸ ਪੁਸਤਕਵਿਚ ਉਸਨੇ ਇਟਲੀ ਦੇ ਪ੍ਰਸਿੱਧ ਲੇਖਕ ਬੋਕਾਸ਼ਿਉ ਦੀਆਂ ਕਹਾਣੀਆਂ ਨੂੰ ਭਾਸ਼ਾਈ ਵਿਆਕਰਨਦੇ ਮਾਡਲ ਵੱਜੋਂ ਵੇਖਿਆ ਹੈ ਅਤੇ ਇਸ ਦੇ ਸੰਗਠਨਕਾਰੀ ਨੇਮ ਨੂੰ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਤੋਦੋਰਵ ਨੇ ਇਸ ਅਧਿਐਨ ਨੂੰ 'Narratologie' ਬਿਰਤਾਂਤ-ਵਿਗਿਆਨ ਦਾ ਨਾਂ ਦਿੱਤਾ ਹੈ। ਉਸ ਸਮੇਂ ਤੋਂ ਲੈ ਕੇ ਬਿਰਤਾਂਤ-ਵਿਗਿਆਨ ਕਈ ਪੜਾਵਾਂ ਵਿਚੋਂ ਗੁਜ਼ਰ ਚੁੱਕਾ ਹੈ। ਇਸ ਦੇ ਵਿਕਾਸ ਦਾ ਪਹਿਲਾ ਪੜਾਅ ਰੂਸੀ ਰੂਪਵਾਦ ਨਾਲ ਸੰਬੰਧਤ ਹੈ। ਇਸ ਦੇ ਪ੍ਰਮੁੱਖ ਚਿੰਤਕ ਹਨ-ਵਲਾਦੀਮੀਰ ਪਰਾਪ, ਆਈਖ਼ਨ ਬਾਮ, ਰੋਮਨ ਜੈਕਬਸਨ, ਵਿਕਟਰ ਸ਼ਕਲੋਵਸਕੀ ਅਤੇ ਬੋਰਿਸ ਤੋਮਾਸ਼ੇਵਸਕੀ, ਲੇਵੀ ਸਤ੍ਰਾਸ, ਮੀਕਬਲ, ਹੈਂਡਰਿਕਸ, ਗ੍ਰੇਮਸ, ਗੋਲਡਮਾਨ, ਜੈਨੇ, ਪ੍ਰਿੰਸ ਆਦਿ। ਇਸ ਵਿਚ ਵਲਾਦੀਮੀਰ ਪਰਾਪ ਦਾ ਨਾਮ ਖ਼ਾਸ ਮਹੱਤਵ ਰੱਖਦਾ ਹੈ ਉਹਨਾਂ ਨੇ ਆਪਣੀ ਪੁਸਤਕ 'Morphology of the Folk Tale' ਵਿਚ ਰੂਸੀ ਪਰੀ ਕਹਾਣੀਆਂ ਦਾ ਅਧਿਐਨ ਕਰਨ ਲਈ ਇਕ ਰੂਪ-ਵਿਗਿਆਨ ਦੀ ਵਿਧੀ ਦੀ ਵਰਤੋਂ ਕੀਤੀ ਹੈ। ਇਹ ਵਿਧੀ ਕਥਾ ਵਿਚਲੇ ਪਾਤਰਾਂ ਨੂੰ ਉਨ੍ਹਾਂ ਦੇ ਕਾਰਜਾਂ ਅਨੁਸਾਰ ਪਰਿਭਾਸ਼ਿਤ ਕਰਨ ਵੱਲ ਰੁਚੀ ਦਿਖਾਉਂਦੀ ਹੈ ਅਤੇ ਉਹਨਾਂ ਦੇ ਵਿਭਿੰਨ ਕਾਰਜ ਖੇਤਰ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਤਰ੍ਹਾਂ ਪਰਾਪ ਨੇ ਬਿਰਤਾਂਤਕ ਵਿਸ਼ਲੇਸ਼ਣ ਨੂੰ ਨਵੀ ਦਿਸ਼ਾ ਪ੍ਰਦਾਨ ਕੀਤੀ। ਉਸਨੇ ਰੂਪ-ਵਿਗਿਆਨਕ ਪ੍ਰਕਾਰ (morphological functions) ਅਤੇ ਪਾਤਰਾਂ ਨਾਲ ਸਬੰਧਿਤ ਅਨੇਕਾਂ ਕਾਰਜ ਖੇਤਰਾਂ ਦੀ ਧਾਰਨਾ ਪੇਸ਼ ਕੀਤੀ ਹੈ।

ਇਸ ਤਰ੍ਹਾਂ ਰੂਸੀ ਰੂਪਵਾਦੀ ਕਥਾ (ਸਟੋਰੀ) ਤੇ ਕਥਾਨਕ (ਪਲਾਟ) ਦੇ ਸੰਕਲਪਾਂ ਬਾਰੇ ਪੁਨਰ ਚਿੰਤਨ ਕਰਦੇ ਹਨ। ਉਨ੍ਹਾਂ ਨੇ ਕਥਾ ਤੇ ਕਥਾਨਕ ਦੀ ਥਾਂ ਫੇਬੁਲਾ ਤੇ ਸੁਜੇਤ ਦਾ ਨਵਾਂ ਸੰਕਲਪ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਫੇਬੁਲਾ ਬਿਰਤਾਂਤ ਦੀ ਅੰਤਰ-

ਵਸਤੂ ਹੈ ਜਦੋਂ ਕਿ ਸੁਜੇਤ ਉਸ ਅੰਤਰ-ਵਸਤੂ ਦੀ ਵਿਵਹਾਰਕ ਪੇਸ਼ਕਾਰੀ ਹੈ। ਇਸ ਨਾਲ ਬਿਰਤਾਂਤ ਰਚਨਾ ਦੇ ਅਧਿਐਨ ਲਈ ਦੋ ਅੰਤਰ-ਸੰਬੰਧ ਹਨ- ਬਿਰਤਾਂਤ ਅਤੇ ਬਿਰਤਾਂਤਕਾਰੀ। ਬਿਰਤਾਂਤ ਵਿਚ ਘਟਨਾ ਦਾ ਪ੍ਰਗਟਾ ਬਹੁਤ ਸੋਚ ਸਮਝ ਕੇ ਕੀਤਾ ਜਾਂਦਾ ਹੈ ਤੇ ਕੋਈ ਵੀ ਘਟਨਾ ਦਾ ਰਿਸ਼ਤਾ ਇਕ ਦੂਜੇ ਨਾਲੋਂ ਟੁੱਟਦਾ ਨਹੀਂ ਸਾਰੀਆਂ ਘਟਨਾਵਾਂ ਲੜੀਬੱਧ ਤਰੀਕੇ ਨਾਲ ਇਕ ਦੂਜੀ ਤੋਂ ਮਗਰੋਂ ਪੇਸ਼ ਕੀਤੀਆਂ ਜਾਂਦੀਆਂ ਹਨ ਕੋਈ ਵੀ ਘਟਨਾ ਅਜਿਹੀ ਨਹੀਂ ਆਉਂਦੀ ਕਿ ਨਾਵਲ ਵਿਚਲੀ ਦਾ ਪ੍ਰਗਟਾ ਕਰਨ ਵਿਚ ਜਾਂ ਉਸ ਦੀ ਪੇਸ਼ਕਾਰੀ ਕਰਨ ਵਿਚ ਸਹਾਈ ਨਾ ਹੋਵੇ। ਨਾਵਲ ਵਿਚ ਜੋ ਵੀ ਘਟਨਾਵਾਂ ਹੁੰਦੀਆਂ ਹਨ ਉਹ ਬਿਰਤਾਂਤ ਹੀ ਹੁੰਦੀਆਂ ਹਨ ਤੇ ਨਾਵਲਕਾਰ ਜਾਂ ਕਹਾਣੀਕਾਰ ਇਸ ਦਾ ਧਿਆਨ ਰੱਖ ਕੇ ਇਸ ਦੀ ਪੇਸ਼ਕਾਰੀ ਕਰਦਾ ਹੈ ਤੇ ਸਾਰੀਆਂ ਘਟਨਾਵਾਂ ਵਿਚ ਅਸਰ ਭਰਪੂਰ ਰਹਿਣ। ਬਿਰਤਾਂਤ ਪਾਠਾਂ ਦੀ ਵਿਆਕਰਨ ਜਾਂ ਕਲਪਨਾ ਬਿਰਤਾਂਤ-ਸ਼ਾਸਤਰ ਹੈ। ਪਰਿਕਲਪਨਾ ਵਾਸਤਵਿਕਤਾ ਦੇ ਕਿਸੇ ਵਿਸ਼ੇਸ਼ ਖੰਡ ਵਿਚ ਪੇਸ਼ ਹੁੰਦੀ ਹੈ। ਬਿਰਤਾਂਤ ਬਾਰੇ ਪ੍ਰਿੰਸ ਦਾ ਵਿਚਾਰ ਹੈ-"ਬਿਰਤਾਂਤ ਦੇ ਕਾਰਜ ਸਿਸਟਮ ਨੂੰ ਲੱਭਣਾ, ਵਰਣਨ ਕਰਨਾ ਅਤੇ ਵਿਖਿਆਉਣਾ ਹੀ ਬਿਰਤਾਂਤ ਸ਼ਾਸਤਰ ਦਾ ਮਨੋਰਥ ਹੈ। ”[23]

ਬਿਰਤਾਂਤ ਦੀ ਸਰਬਵਿਆਪਕਤਾ ਬਾਰੇ ਰੋਲਾਂ ਕਹਿੰਦਾ ਹੈ-“ਬਿਰਤਾਂਤ ਅੰਤਰ ਰਾਸ਼ਟਰੀ, ਪਰਾਇਤਿਹਾਸਕ, ਪਰਾਸਭਿਆਚਾਰਕ ਹੈ। ਇਹ ਖੁਦ ਜੀਵਨ ਵਾਂਗ ਸਰਬਵਿਆਪਕ ਹੈ। ”[24]

ਬਿਰਤਾਂਤ ਮਨੁੱਖ ਦੁਆਰਾ ਸਿਰਜੀ ਇਕ ਅਜਿਹੀ ਪ੍ਰਗਟਾ ਵਿਧੀ ਹੈ ਜਿਹੜੀ ਹਰੇਕ ਸਮਾਜ ਅਤੇ ਸਭਿਆਚਾਰ ਦੇ ਪ੍ਰਚੀਨ ਦੌਰ ਤੋਂ ਲੈ ਕੇ ਹੁਣ ਤੱਕ ਕੇਂਦਰੀ ਅਤੇ ਮੂਲ ਵਰਤਾਰਾ ਹੈ। ਇਸ ਦਾ ਆਰੰਭ ਮਨੁੱਖਤਾ ਦੇ ਇਤਿਹਾਸ ਨਾਲ ਜੋੜਦਿਆਂ ਮਨੁੱਖ ਦੇ ਸਭਿਆਚਾਰਕ-ਇਤਿਹਾਸ ਦੀ ਹੋਂਦ ਬਾਰੇ ਪੇਸ਼ ਪੁਰਾਣਿਕ ਕਥਾ ਰਾਹੀ ਪੇਸ਼ ਕੀਤਾ ਹੈ।

ਬਿਰਤਾਂਤ ਦੇ ਕੋਸ਼ਗਤ ਅਰਥ ਤਾਂ ਘਟਨਾਵਾ ਜਾਂ ਕਥਾ ਦੀ ਪੇਸ਼ਕਾਰੀ ਵਿਚ ਹੀ ਪ੍ਰਾਪਤ ਹੁੰਦੇ ਹਨ ਪਰੰਤੂ ਬਿਰਤਾਂਤ ਨੂੰ ਜਦੋਂ ਸਾਹਿਤ ਨਾਲ ਜੋੜਦੇ ਹਾਂ ਤਾਂ ਸਾਧਾਰਨ ਅਰਥਾਂ ਵਿਚ ਪਾਤਰ, ਘਟਨਾ, ਸਥਿਤੀ ਅਤੇ ਮਾਹੌਲ ਦੇ ਆਧਾਰ ਤੇ ਉਸਰੇ ਕਥਾ ਦੇ ਪ੍ਰਬੰਧ ਨੂੰ ਬਿਰਤਾਂਤ ਕਹਿ ਦਿੱਤਾ ਜਾਂਦਾ ਹੈ। ਬਿਰਤਾਂਤ ਇਕ ਅਜਿਹੀ ਮਨੁੱਖੀ ਸਿਰਜਣਾ ਵਿਧੀ ਹੈ ਜਿਸ ਰਾਹੀਂ ਕਿਸੇ ਘਟਨਾ ਵਰਾਤਰੇ ਨੂੰ ਲੜੀਬੱਧ ਮਨੁੱਖੀ ਮਨੋਭਾਵਾਂ ਦੀ ਰਮਜ਼ਮਈ ਪੱਧਰ ਤੇ ਚਿਤਰਿਆ ਜਾਂਦਾ ਹੈ ਅਤੇ ਸਮੇਂ ਦੀ ਤਰਤੀਬ ਵਿਚ ਪ੍ਰਗਟਾਇਆ ਜਾਂਦਾ ਹੈ। ਬਿਰਤਾਂਤ ਬਾਰੇ ਪ੍ਰਿੰਸ ਨੇ ਬਿਆਨ ਕੀਤਾ ਹੈ-“ਘਟੋ-ਘੱਟ ਦੋ ਅਸਲੀ ਜਾਂ ਗਲਪੀ ਘਟਨਾਵਾਂ ਜਾਂ ਹਾਲਤਾਂ ਦੀ ਕਾਲ ਤਰਤੀਬ ਵਿਚ ਪੇਸ਼ਕਾਰੀ ਨੂੰ ਬਿਰਤਾਂਤ ਕਿਹਾ ਜਾਂਦਾ ਹੈ। ”[25]

ਇਸ ਵਿਚ ਇਹ ਬਿਆਨ ਕੀਤਾ ਗਿਆ ਹੈ ਕਿ ਨਾਵਲ ਵਿਚ ਜਿਵੇਂ ਕਈ ਘਟਨਾਵਾਂ ਹੁੰਦੀਆਂ ਹਨ ਉਹਨਾਂ ਦਾ ਪ੍ਰਗਟਾ ਕਰਨ ਲਈ ਕੋਈ ਵੀ ਨਾਵਲਕਾਰ ਜਾਂ ਕਹਾਣੀਕਾਰ ਇਸ ਵਿਚ ਘਟਨਾਵਾਂ ਨੂੰ ਲੈ ਕੇ ਪੇਸ਼ਕਾਰੀ ਕਰਦਾ ਹੈ ਤੇ ਇਸ ਨਾਲ ਨਾਵਲ ਵਿਚ ਰੌਚਿਕਤਾ ਵੀ ਬਣੀ ਰਹਿੰਦੀ ਹੈ। ਕਿਸੇ ਵੀ ਬਿਰਤਾਂਤਕ ਸੰਰਚਨਾ ਵਿਚ ਘਟਨਾਵਾਂ ਦੀ ਵੱਧ ਤੋਂ ਵੱਧ ਗਿਣਤੀ ਬਾਰੇ ਕੋਈ ਸੀਮਾ ਨਹੀਂ ਪਰ ਇਸਦੀ ਘਟੋ-ਘੱਟ ਗਿਣਤੀ ਦੋ ਹੋਣੀ ਚਾਹੀਦੀ ਹੈ ਕਿਉਂਕਿ ਸਿਰਫ ਇੱਕ ਸਥਾਨ ਵਿਚ ਸਥਿਤ ਘਟਨਾ ਜਾਂ ਹਾਲਤ ਦਾ ਸਥਿਰ ਬਿਆਨ ਬਿਰਤਾਂਤ ਨਹੀਂ ਹੋ ਸਕਦਾ। ਉਦਾਹਰਣ ਲਈ ‘ਦੁੱਖ ਭੰਜਨੀ-ਬੇਰੀ ਅੰਮ੍ਰਿਤਸਰ ਵਿਚ ਹੈ’, ਤਾਜ-ਮਹਿਲ ਆਗਰੇ ਵਿਚ ਹੈ’ ਜਾਂ ‘ਰਾਜਾ ਮਾਰ ਸੁੱਟਿਆ’ ਤਿੰਨੋਂ ਸੂਚਨਾਵਾਂ ਆਪਣੇ ਪਿਛੋਕੜ ਵਿਚ ਪੂਰਾ ਬਿਰਤਾਂਤਕ ਪਾਸਾਰਾ ਸਮੇਟ ਕੇ ਬੈਠੀਆਂ ਹਨ ਪਰ ਇਹ ਬਿਰਤਾਂਤ ਨਹੀਂ ਹੋ ਸਕਦਾ ਕਿਉਂਕਿ ਆਪਣੇ ਪ੍ਰਸਤੁਤ ਰੂਪ ਵਿਚ ਹਨ। ਬਿਰਤਾਂਤ ਵਿਚ ਘਟਨਾ ਕਿਰਿਆ ਵਿਚ ਪੇਸ਼ ਹੁੰਦੀ ਹੈ। ਅੱਜ ਕੱਲ੍ਹ ਬਿਰਤਾਂਤ ਸ਼ਾਸਤਰ ਦੀ ਪਛਾਣ ਕਿਸੇ ਵੀ ਬਿਰਤਾਂਤਕ ਸੰਗਠਨ ਲਈ ਜ਼ਰੂਰੀ ਹੈ।

ਚੰਗਾ ਨਾਵਲਕਾਰ ਜਾਂ ਕਹਾਣੀਕਾਰ ਦੀ ਬਿਰਤਾਂਤਕ ਵਿਧੀ ਦੇ ਆਪਣੇ ਪਛਾਣ ਚਿੰਨ੍ਹ ਉਸਦੀ ਲਿਖਣ ਕਲਾ ਵਿਚੋਂ ਦਿਖਾਈ ਦਿੰਦੇ ਹਨ, ਜਿਵੇਂ ਉਸਦੀ ਭਾਸ਼ਾ ਵਿਚਲੀ ਸਰਲਤਾ ਤੇ ਠੇਠਤਾਅਤੇ ਨਿਵਕੇਲੀ ਬਣਤਰ ਉਸ ਦੀ ਲਿਖਣ ਨੂੰ ਵਧੀਆ ਬਣਾਉਂਦੀ ਹੈ। ਬਿਰਤਾਂਤ ਵਿਚ ਘਟਨਾ ਦਾ ਅਹਿਮ ਰੋਲ ਹੈ। ਘਟਨਾਵਾਂ ਭਾਵੇਂ ਬਹੁਤੀਆਂ ਹੋਣ ਪਰ ਇਨ੍ਹਾਂ ਨੂੰ ਪੇਸ਼ ਕਰਨ ਲਈ ਜੋ ਕਹਾਣੀ ਹੋਵੇ ਉਹ ਜੀਵਨ ਦੀ ਟੁੰਬਵੀਂ ਤਸਵੀਰ ਪੇਸ਼ ਕਰਦੀ ਹੋਵੇ। ਬਿਰਤਾਂਤ ਵਿਚ ਘਟਨਾ ਨੂੰ ਲੜੀਵਾਰ ਪ੍ਰਗਟਾ ਕੇ ਘਟਨਾਵਾਂ ਦੀ ਸੁਚੱਜੀ ਪੇਸ਼ਕਾਰੀ ਕੀਤੀ ਜਾਂਦੀ ਹੈ।

## ਨਾਵਲਕਾਰ ਜਰਨੈਲ ਸਿੰਘ ਸੇਖਾ ਜੀਵਨ ਤੇ ਰਚਨਾ

ਜਰਨੈਲ ਸਿੰਘ ਸੇਖਾ ਦਾ ਜਨਮ ਮੋਗਾ ਜ਼ਿਲ੍ਹਾ ਦੇ ਇਕ ਪਿੰਡ ਸੇਖਾ ਕਲਾਂ ਵਿਖੇ ਇਕ ਗ਼ਰੀਬ ਕਿਸਾਨ ਪਰਿਵਾਰ ਵਿਚ ਸਰਦਾਰ ਮਹਿੰਦਰ ਸਿੰਘ ਤੇ ਮਾਤਾ ਪ੍ਰਤਾਪ ਕੌਰ ਦੇ ਘਰ 6 ਜਨਵਰੀ 1936 (ਸਰਟੀਫਿਕੇਟ ਉਪਰ 01 ਅਗਸਤ 1934) ਲਿਖਿਆ ਹੋਇਆ ਹੈ, ਉਸ ਦਾ ਪਰਿਵਾਰ ਇਕ ਗਰੀਬ ਕਿਰਤੀ ਪਰਿਵਾਰ ਸੀ। ਚੌਥੀ ਜਮਾਤ ਤੱਕ ਦੀ ਪੜ੍ਹਾਈ ਉਸ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਅਗਾਂਹ ਪੜ੍ਹਨਾ ਸਾਇਦ ਸੰਭਵ ਨਾ ਹੁੰਦਾ ਜੇ ਬਚਪਨ ਵਿਚ ਹੀ ਉਸ ਵਿਚ ਪੜ੍ਹਨ ਦੀ ਭਰਪੂਰ ਰੀਝ ਨਾ ਹੁੰਦੀ। ਇਸ ਰੀਝ ਨੂੰ ਇਕ ਮਾਮੂਲੀ ਜਿਹੀ ਘਟਨਾ ਨੇ ਜਿਵੇਂ ਪ੍ਰਚੰਡ ਕਰ ਦਿੱਤਾ। ਉਸਦੇ ਆਪਣੇ ਸ਼ਬਦਾਂ ਵਿਚ–

> “ਮੇਰੇ ਚਾਚਾ ਜੀ ਟੀਚਰ ਸਨ ਅਤੇ ਸੇਖਾ ਕਲਾ ਹੀ ਪੜ੍ਹਾਉਂਦੇ ਸਨ ਉਸ ਸਮੇਂ ਪਿੰਡਾਂ ਵਿਚ ਡਾਕਖਾਨੇ ਘੱਟ ਹੋਣ ਕਰਕੇ ਡਾਕੀਆਂ ਸਕੂਲ ਵਿਚ ਜਾਂ ਚਾਚਾ ਜੀ ਦੇ ਘਰ ਡਾਕ ਲੈ ਕੇ ਆਉਂਦਾ ਸੀ। ਡਾਕ ਵਿਚ ਹਰ ਹਫ਼ਤੇ ਅਖ਼ਬਾਰ ‘ਲਲਕਾਰ’ ਹੁੰਦਾ ਸੀ। ਅਖ਼ਬਾਰ ਦੇ ਦੋ ਫ਼ੀਚਰ ‘ਝੋਕਾਂ ਹਾਣੀਆਂ ਦੀਆਂ’, ‘ਤੂੰਬੇ ਨੂੰ ਬੁੜ੍ਹਕਣ ਦੇ’, ਬੜੀ ਦਿਲਚਸਪੀ ਨਾਲ ਪੜ੍ਹਦਾ ਸਾਂ। ਚਾਚਾ ਜੀ ਨੇ ਆਪਣੇ ਲੜਕਿਆਂ ਲਈ ਦੋ ਬਾਲ ਮੈਗਜ਼ੀਨ ‘ਬਾਲ ਸੰਦੇਸ਼’ ਤੇ ‘ਬਾਲ ਸੰਸਾਰ ‘ਲਗਾਏ ਹੋਏ ਸਨ ਉਨ੍ਹਾਂ ਨੂੰ ਵੀ ਮੈ ਬੜੀ ਦਿਲਚਸਪੀ ਨਾਲ ਪੜ੍ਹਦਾ ਹੁੰਦਾ ਸੀ। ਇਕ ਦਿਨ ਮੇਰੀ ਚਾਚੀ ਜੀ ਕਹਿਣ ਲੱਗੇ “ਮੱਲਾ ਤੀਜੀ ਜਮਾਤ ਵਿਚੋਂ ਹਟ ਗਿਐ ਅਤੇ ਮੀਤਾ ਚੌਥੀ ਵਿਚੋਂ ਹਟ ਗਿਐ ਤੇ ਤੂੰ ਪੰਜਵੀ ਵਿਚੋਂ ਹਟ ਜਾਏਂਗਾ। ਤੂੰ ਇਹ ਅਖ਼ਬਾਰ ਰਸਾਲੇ ਪੜ੍ਹ ਕੇ ਕੀ ਕਰਨਾ ਹੈ?” ਮੈਂ ਜਵਾਬ ਦਿੱਤਾ, “ਚਾਚੀ ਮੈਂ ਬੀ.ਏ ਪਾਸ ਕਰਨੀ ਐ’ ‘ਹੂੰਅ’! ‘ਬੀ. ਏ. ਨਾ ਬੀ.ਏ. ਪਾਸ ਕਰਾਊ।” ਹੋਰ ਕੁਝ ਵੀ ਕਿਹਾ ਹੋਵੇ ਮੈਨੂੰ ਯਾਦ ਨਹੀਂ, ਮੈਂ ਮੁੜ ਕੇ ਚਾਚੀ ਜੀ ਨੂੰ ਕੋਈ ਉੱਤਰ ਨਾ ਦਿੱਤਾ ‘ਭਾਵੇਂ ਇਹ ਗੱਲ ਸਧਾਰਨ ਸੀ ਪਰ ਇਹ ਮੇਰੇ ਜ਼ਿਹਨ ਵਿੱਚ ਘਰ ਕਰ ਗਈ। ”[26]
>
> "ਮੇਰੀ ਵੱਡੀ ਭੈਣ ਦੀ ਸਿਫਾਰਸ਼ ਨਾਲ ਮੈਂ ਰੋਡਿਆਂ ਵਾਲੇ ਖਾਲਸਾ ਹਾਈ ਸਕੂਲ ਵਿਚ ਦਾਖਲ ਹੋ ਹੀ ਗਿਆ, ਜਿਹੜਾ ਸਾਡੇ ਪਿੰਡ ਤੋਂ ਛੇ ਮੀਲ ਦੂਰ ਜਾਣਾ ਪੈਂਦਾ ਸੀ। ਸਾਡੇ ਪਿੰਡ ਤੋਂ ਪੰਜ ਛੇ ਹੋਰ ਮੁੰਡੇ ਵੀ ਉੱਥੇ ਪੜ੍ਹਣ ਜਾਂਦੇ ਸਨ। ਘਰ ਵਿਚ ਗ਼ਰੀਬੀ ਸੀ, ਇਸ ਲਈ ਪੈਰੀਂ ਜੁੱਤੀ ਤੇ ਤੇੜ ਪਜਾਮਾ ਵੀ ਨਹੀਂ ਸੀ ਜੁੜਦਾ। ਸਕੂਲੋਂ ਘਰ ਆ ਕੇ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣਾ ਪੈਂਦਾ ਸੀ। ਖੇਤਾਂ ਵਿਚ ਹਲ ਵਾਹੁਣਾ, ਖੇਤਾਂ ਨੂੰ ਪਾਣੀ ਲਾਉਣਾ, ਹਾੜ੍ਹੀ ਵੇਲੇ ਕਣਕ ਵੱਢਣੀ, ਫ਼ਲ੍ਹੇ ਗਾਉਣੇ, ਧੜਾਂ ਉਡਾਣੀਆਂ

ਆਦਿ ਕੰਮ ਕਰਦਿਆਂ ਸਕੂਲ ਦੀਆਂ ਛੁੱਟੀਆਂ ਖੇਤਾਂ ਵਿਚ ਹੀ ਬੀਤਦੀਆਂ ਸਨ। ਇਨ੍ਹਾਂ ਤੰਗੀਆਂ-ਤੁਰਸ਼ੀਆਂ ਭਰੇ ਸਮੇਂ ਵਿਚ ਹੀ ਮੈਂ ਆਪਣੀ ਮਿਹਨਤ ਤੇ ਲਗਨ ਨਾਲ 1953 ਵਿਚ ਮੈਟ੍ਰਿਕ ਪਾਸ ਕਰ ਲਈ। ਇਸ ਉਪਰੰਤ ਮੈਂ ਅਣਟ੍ਰੇਡ ਟੀਚਰ ਲੱਗ ਗਿਆ।"[27]

ਜਰਨੈਲ ਸਿੰਘ ਸੇਖਾ ਦੇ ਪਿਤਾ ਜੀ ਉਸ ਨੂੰ ਸਿਲਾਈ ਦਾ ਕੰਮ ਕਰਵਾਉਣਾ ਚਾਹੁੰਦੇ ਸਨ। ਪਰ ਉਹ ਅੱਗੇ ਪੜ੍ਹਾਈ ਕਰਨਾ ਚਾਹੁੰਦਾ ਸੀ। ਖ਼ਾਲਸਾ ਸਕੂਲ ਹੋਣ ਕਰਕੇ ਸਕੂਲ ਲਾਇਬ੍ਰੇਰੀ ਵਿਚ ਬਹੁਤੀਆਂ ਧਾਰਮਿਕ ਕਿਤਾਬਾਂ ਹੁੰਦੀਆਂ ਸਨ। ਜਰਨੈਲ ਸਿੰਘ ਦੇ ਧਾਰਮਿਕ ਟੀਚਰ ਸ. ਦਿਆਲ ਸਿੰਘ ਸਨ ਜਿਹੜੇ ਕੁਝ ਲੋੜ ਤੋਂ ਜ਼ਿਆਦਾ ਹੀ ਧਾਰਮਿਕ ਸਨ। ਉਹ ਵਿਦਿਆਰਥੀ ਨੂੰ ਧਾਰਮਿਕ ਪੁਸਤਕ ਦੇਣ ਵੇਲੇ ਉਸ ਨੂੰ ਪੜ੍ਹਨ ਲਈ ਕੁਝ ਬੰਦਸ਼ਾਂ ਵੀ ਲਾਉਂਦੇ ਸਨ। ਉਹ ਘੱਟ ਹੀ ਪੜ੍ਹੀਆਂ ਜਾਂਦੀਆਂ। ਫਿਰ ਵੀ ਜਰਨੈਲ ਸਿੰਘ ਅੱਠਵੀਂ ਵਿਚ ਇਨਾਮ ਦੇ ਤੌਰ 'ਤੇ ਦੋ ਕਿਤਾਬਾਂ, ਇਕ ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਅਤੇ ਦੂਜੀ ਪੁਸਤਕ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਲੈਣ ਵਿਚ ਕਾਮਯਾਬ ਹੋ ਗਿਆ, ਜਿਹੜੀਆਂ ਉਸਨੇ ਬੜੇ ਚਾਅ ਨਾਲ ਪੜ੍ਹੀਆਂ। ਦਸਵੀਂ ਜਮਾਤ ਵਿਚ ਜਸਵੰਤ ਸਿੰਘ ਕੰਵਲ ਦਾ ਇਕ ਨਾਵਲ 'ਪਾਲੀ' ਤੇ ਕਿਸੇ ਹੋਰ ਲੇਖਕ ਦਾ ਕਹਾਣੀ ਸੰਗ੍ਰਹਿ 'ਸਤਨਾਜਾ' ਪੜ੍ਹਿਆ ਪਰ ਚੰਗਾ ਸਾਹਿਤ ਪੜ੍ਹਨ ਦਾ ਸਬੱਬ ਮੋਗੇ ਜੇ.ਬੀ.ਟੀ. ਕਰਨ ਸਮੇਂ ਲੱਗਾ। ਉਥੇ ਜਸਵੰਤ ਸਿੰਘ ਕੰਵਲ ਨਾਲ ਮੇਲ ਹੋਇਆ, ਜਿਨ੍ਹਾਂ ਨੇ ਲਿਖਣ ਤੇ ਪੜ੍ਹਨ ਵਿਚ ਜਰਨੈਲ ਸਿੰਘ ਦੀ ਅਗਵਾਈ ਕੀਤੀ। ਮਾਰਕਸਵਾਦ ਬਾਰੇ ਮੁੱਢਲੀ ਜਾਣਕਾਰੀ ਵੀ ਉਹਨਾਂ ਕੋਲੋਂ ਹੀ ਮਿਲੀ ਅਤੇ ਟਰੇਡ ਯੂਨੀਅਨ ਵਿਚ ਸਰਗਰਮੀ ਨਾਲ ਕੰਮ ਕਰਨ ਦਾ ਹੌਸਲਾ ਵੀ ਹੋਇਆ। ਇਸ ਦੌਰਾਨ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਛਪਿਆ ਰੂਸੀ ਸਾਹਿਤ ਵੀ ਪੜ੍ਹਿਆ। ਉਸ ਸਮੇਂ ਹੀ ਪਾਕਟ ਬੁੱਕ ਸੀਰੀਜ਼ ਅਧੀਨ ਪੰਜਾਬੀ ਵਿਚ ਚੰਗੇ-ਚੰਗੇ ਅੰਗ੍ਰੇਜ਼ੀ ਨਾਵਲ ਸੰਖੇਪ ਰੂਪ ਵਿਚ ਛਪੇ ਸਨ, ਜਿਹੜੇ ਇਕ ਰੁਪਏ ਵਿਚ ਮਿਲ ਜਾਂਦੇ ਸਨ, ਉਹ ਪੜ੍ਹੇ। ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ, ਮੋਹਣ ਸਿੰਘ, ਅਮ੍ਰਿਤਾ ਪ੍ਰੀਤਮ ਆਦਿ ਦੀਆਂ ਲਿਖਤਾਂ ਨੂੰ ਉਸ ਸਮੇਂ ਹੀ ਪੜ੍ਹਿਆ। ਫਿਰ ਤਾਂ ਪੰਜਾਬੀ ਦਾ ਕੋਈ ਵੀ ਅਜਿਹਾ ਲੇਖਕ ਨਹੀਂ ਹੋਵੇਗਾ ਜਿਹੜਾ ਪੜ੍ਹਨੋ ਰਹਿ ਗਿਆ ਹੋਵੇ। ਜੇ.ਬੀ.ਟੀ. ਕਰਨ ਮਗਰੋਂ ਛੇਤੀ ਹੀ ਗਿਆਨੀ ਪਾਸ ਕਰ ਲਈ। ਗਿਆਨੀ ਪਾਸ ਕਰਨ ਮਗਰੋਂ ਕਿਸੇ ਕਾਰਨ ਉਚੇਰੀ ਪੜ੍ਹਾਈ ਵਿਚ ਦਸ ਸਾਲ ਦੀ ਖੜੋਤ ਆ ਗਈ। ਉਸ ਸਮੇਂ ਦੌਰਾਨ ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਮੰਟੋ, ਮੁਹਿੰਦਰ ਨਾਥ ਆਦਿ ਨੂੰ ਪੜ੍ਹਨ ਦਾ ਮੌਕਾ ਮਿਲ ਗਿਆ। ਉਸ ਸਮੇਂ ਹਿੰਦੀ, ਉਰਦੂ ਵਿਚ ਨਾਵਲ ਜਾਂ ਕਹਾਣੀਆਂ ਦੀ ਜਿਹੜੀ ਵੀ ਚੰਗੀ ਕਿਤਾਬ ਮਿਲ ਜਾਂਦੀ, ਉਹ ਪੜ੍ਹ ਲੈਂਦਾ। ਜਦੋਂ ਉਸਨੇ ਆਪਣੀ ਅਗਲੇਰੀ ਪੜ੍ਹਾਈ ਸ਼ੁਰੂ ਕੀਤੀ ਤਾਂ ਅੰਗ੍ਰੇਜ਼ੀ ਸਾਹਿਤ ਨਾਲ ਵਾਹ ਪੈ ਗਿਆ। ਸਿਲੇਬਸ ਦੇ ਨਾਲ ਨਾਲ, ਜਿਹੜੇ ਪਹਿਲਾਂ ਅੰਗਰੇਜ਼ੀ ਦੇ ਅਨੁਵਾਦਤ ਨਾਵਲ ਪੰਜਾਬੀ ਵਿਚ ਪੜ੍ਹੇ ਸੀ, ਉਹਨਾਂ ਨੂੰ ਅੰਗ੍ਰੇਜ਼ੀ ਵਿਚ ਪੜ੍ਹਿਆ। ਫਿਰ ਤਾਂ ਪੜ੍ਹਨਾ ਇਕ ਰੁਟੀਨ ਹੀ ਬਣ ਗਿਆ। ਵਿਆਹ 26 ਜਨਵਰੀ 1957 ਨੂੰ ਪਿੰਡ ਦੇਹੜਕੇ ਜਿਲ੍ਹਾ ਲੁਧਿਆਣਾ ਦੀ ਇਕ ਸਧਾਰਨ ਘਰੇਲੂ ਅਨਪੜ੍ਹ ਕੁੜੀ ਕੁਲਦੀਪ ਕੌਰ ਨਾਲ ਹੋਇਆ।

**ਸਾਹਿਤਕ ਯੋਗਦਾਨ-**"ਪਹਿਲੇ ਚਾਲੀ ਸਾਲ ਸਾਹਿਤ ਰਚਨਾ ਵੀ ਕੀਤੀ, ਪੁਸਤਕ ਰੂਪ ਵਿਚ ਛਪਵਾਉਣ ਦੀ ਸਮੱਰਥਾ ਹੀ ਨਹੀਂ ਸੀ। ਸਥਾਨਕ ਪੱਧਰ ਉੱਤੇ ਵੱਖ-ਵੱਖ ਸਭਾਵਾਂ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਸੰਗ੍ਰਹਿਆਂ ਵਿੱਚ ਆਪਣੀ ਰਚਨਾ

ਸ਼ਾਮਲ ਹੋਈ ਵੇਖ ਕੇ ਤੇ ਰਸਾਲਿਆਂ ਜਾਂ ਅਖ਼ਬਾਰਾਂ ਵਿੱਚ ਇੱਕੜ-ਦੁੱਕੜ ਰਚਨਾਵਾਂ ਦੇ ਪ੍ਰਕਾਸ਼ਿਤ ਹੋਣ 'ਤੇ ਹੀ ਸੰਤੁਸ਼ਟ ਹੋ ਜਾਈਦਾ ਸੀ। ਕਹਾਣੀ ਸੰਗ੍ਰਹਿ ਦੇ ਰੂਪ ਵਿਚ ਮੇਰੀ ਸਭ ਤੋਂ ਪਹਿਲੀ ਪੁਸਤਕ "ਉਦਾਸੇ ਬੋਲ" ਹੈ, ਜੋ 1993 ਵਿਚ ਛਪੀ ਸੀ। ਹੁਣ ਇਸ ਦੀ ਦੂਜੀ ਐਡੀਸ਼ਨ ਛਪਵਾਉਣ ਦੀ ਸਲਾਹ ਹੈ। ਅਗਸਤ 1994 ਵਿਚ ਕੈਨੇਡਾ ਚਲਾ ਗਿਆ ਸਾਂ, ਉਥੇ ਫ਼ਾਰਮਾਂ ਵਿਚ ਕੰਮ ਕੀਤਾ। ਪਰਵਾਸੀ ਖੇਤ ਕਾਮਿਆਂ ਦੇ ਹੋ ਰਹੇ ਸ਼ੋਸ਼ਣ ਨਾਲ ਸਬੰਧਤ ਆਪਣੇ ਨਿੱਜੀ ਅਨੁਭਵ 'ਤੇ ਆਧਾਰਤ ਇਕ ਨਾਵਲ "ਦੁਨੀਆਂ ਕੈਸੀ ਹੋਈ" ਲਿਖਿਆ, ਜੋ 1997 ਵਿਚ ਪ੍ਰਕਾਸ਼ਿਤ ਹੋਇਆ। ਪੰਜਾਬ ਤੋਂ ਗੈਰ-ਕਾਨੂੰਨੀ ਢੰਗ ਪਰਵਾਸ ਕਰਨ 'ਤੇ ਕੈਨੇਡਾ ਵਿਚ ਸਥਾਪਿਤ ਹੋਣ ਅਤੇ ਫ਼ੈਕਟਰੀ ਕਾਮਿਆਂ ਦੇ ਸ਼ੋਸ਼ਣ ਬਾਰੇ ਦੂਜਾ ਨਾਵਲ "ਭਗੋੜਾ" ਲਿਖਿਆ। ਇਹ ਨਾਵਲ ਪਰਵਾਸ ਨਾਲ ਸਬੰਧਤ ਹੈ, ਜਿਸ ਵਿਚ ਨਾਇਕ ਸੁਖਬੀਰ ਦੇ ਪੰਜਾਬ ਸੰਤਾਪ ਦੌਰਾਨ ਪੈਦਾ ਹੋਏ ਹਾਲਾਤ ਕਾਰਨ ਪਰਵਾਸ ਕਰਨ ਅਤੇ ਇਸ ਦੌਰਾਨ ਕੈਨੇਡਾ ਤੱਕ ਪਹੁੰਚਣ ਤੱਕ ਦੀਆਂ ਮੁਸ਼ਕਲਾਂ, ਉਥੇ ਸਥਾਪਿਤ ਹੋਣ ਲਈ ਨਿੱਜੀ ਸਵਾਰਥ ਹਿੱਤ ਦੂਜਿਆ ਦਾ ਸ਼ੋਸ਼ਣ ਪੇਸ਼ ਕੀਤਾ ਗਿਆ ਹੈ। ਪਹਿਲਾ ਨਾਵਲ "ਦੁਨੀਆਂ ਕੈਸੀ ਹੋਈ" ਖੇਤ ਕਾਮਿਆਂ ਦੇ ਸ਼ੋਸ਼ਣ ਬਾਰੇ ਹੈ ਜਦੋਂ ਕਿ ਦੂਜਾ ਨਾਵਲ ਫ਼ੈਕਟਰੀ ਕਾਮਿਆਂ ਦੇ ਸ਼ੋਸ਼ਣ ਬਾਰੇ ਹੈ। ਮੈਂ ਪਹਿਲਾਂ ਇਸ ਬਾਰੇ ਕਹਾਣੀ ਲਿਖਣਾ ਚਾਹੁੰਦਾ ਸੀ ਪਰ ਨਾਵਲ ਦੀ ਨਾਇਕਾ ਇਕ ਜਰਮਨ ਕੁੜੀ ਨੂੰ ਤਿੰਨ ਚਾਰ ਵਾਰ ਮਿਲਣ ਪਿਛੋਂ ਨਾਵਲ ਲਿਖਣ ਦਾ ਮਨ ਬਣਾਇਆ। ਪਹਿਲੇ ਨਾਵਲ ਨੂੰ ਬਹੁਤ ਚੰਗਾ ਹੁੰਗਾਰਾ ਮਿਲਿਆ। ਇਕ ਕਹਾਣੀ ਸੰਗ੍ਰਹਿ "ਆਪਣਾ ਆਪਣਾ ਸੁਰਗ" ਵੀ ਛਪ ਕੇ ਮਾਰਕੀਟ ਵਿਚ ਆਇਆ ਹੈ। ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਇਕ ਕਹਾਣੀ ਸੰਗ੍ਰਹਿ 'ਮੰਚ ਕਥਾ" ਪ੍ਰਕਾਸ਼ਿਤ ਹੋਇਆ ਹੈ। "[28]

**ਜਰਨੈਲ ਸਿੰਘ ਸੇਖਾ ਦੀਆਂ ਰਚਨਾਵਾਂ**

**ਸਹਿ-ਸੰਪਾਦਿਕ ਪੁਸਤਕਾਂ-**

| | | |
|---|---|---|
| ਮਾਲਵੇ ਦਾ ਪੁੰਗਰਦਾ ਸਾਹਿਤ | ਸਾਹਿਤ (ਕਾਵਿ-ਸੰਗ੍ਰਹਿ) | ਲਿਖਾਰੀ ਸਭਾ ਮੋਗਾ |
| ਢੰਗੂਰ | (ਕਾਵਿ-ਸੰਗ੍ਰਹਿ) | |
| ਤਿੱਤਰ ਖੰਭੀ | (ਕਹਾਣੀ ਸੰਗ੍ਰਹਿ) | ਸਾਹਿਤ ਸਭਾ ਬਾਘਾ ਪੁਰਾਣਾ |
| ਸਾਂਝੀਆਂ ਤੰਦਾਂ | (ਕਹਾਣੀ-ਸੰਗ੍ਰਹਿ) | ਸਾਹਿਤ ਸਭਾ ਬਾਘਾ ਪੁਰਾਣਾ |
| ਮੰਚ ਕਥਾ | (ਕਹਾਣੀ-ਸੰਗ੍ਰਹਿ) | ਪੰਜਾਬੀ ਲੇਖਕ ਮੰਚ ਵੈਨਕੂਵਰ, ਕੈਨੇਡਾ |
| ਮੰਚ ਵਾਰਤਾ | (ਵਾਰਤਕ) | |
| ਰਾਂਗਲੀਆਂ | (ਕਾਵਿ-ਸੰਗ੍ਰਹਿ) | |
| ਅਣੂ | (ਮਿੰਨੀ ਕਹਾਣੀ-ਸੰਗ੍ਰਹਿ) | |
| ਸੁਰ ਸੰਗਮ | (ਮਿੰਨੀ ਕਹਾਣੀ-ਸੰਗ੍ਰਹਿ) | |
| ਉਦਾਸੇ ਬੋਲ | (ਕਹਾਣੀ ਸੰਗ੍ਰਹਿ) | 1993 |
| ਦੁਨੀਆ ਕੈਸੀ ਹੋਈ | (ਨਾਵਲ) | 1996, 2002, 2008 |

| | | |
|---|---|---|
| ਆਪਣਾ ਆਪਣਾ ਸੁਰਗ | (ਕਹਾਣੀ ਸੰਗ੍ਰਹਿ) | 2003 |
| ਭਗੌੜਾ | (ਨਾਵਲ) | 2003, 2008 |
| ਭਗੌੜਾ | (ਹਿੰਦੀ ਵਿੱਚ ਨਾਵਲ) | 2004 |
| ਦੁੱਲੇ ਦੀ ਬਾਰ ਤੱਕ | (ਸਫ਼ਰਨਾਮਾ) | 2005 |
| ਵੈਨਕੂਵਰ ਸੇ ਲਾਇਲਪੁਰ | (ਸਫ਼ਰਨਾਮਾ ਉਰਦੂ ਵਿਚ) | 2008 |
| ਵਿਗੋਚਾ | (ਨਾਵਲ) | 2014 |
| ਬੇਗਾਨੇ | (ਨਾਵਲ) | |

ਜਰਨੈਲ ਸਿੰਘ ਸੇਖਾ ਸਮਕਾਲੀ ਪਰਵਾਸੀ ਪੰਜਾਬੀ ਨਾਵਲ ਜਗਤ ਵਿਚ ਇਕ ਮਹੱਤਵਪੂਰਨ ਗਲਪਕਾਰ ਵੱਜੋਂ ਪਛਾਣਿਆ ਜਾਂਦਾ ਹੈ। ਉਹ ਪੰਜਾਬੀ ਸਾਹਿਤ ਜਗਤ ਵਿਚ ਉਨ੍ਹਾਂ ਗਿਣਵੇਂ ਸਾਹਿਤਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਦੇਰ ਨਾਲ ਨਾਵਲ ਸਿਰਜਣਾ ਦਾ ਆਰੰਭ ਕੀਤਾ ਪਰ ਜਲਦੀ ਹੀ ਨਾਵਲ ਜਗਤ ਵਿਚ ਆਪਣਾ ਸਥਾਨ ਨਿਸ਼ਚਿਤ ਕਰ ਲਿਆ ਹੈ। ਕੋਈ ਵੀ ਸਾਹਿਤਕਾਰ ਸਮਾਜ ਵਿਚੋਂ ਸੇਧ ਲੈ ਕੇ ਹੀ ਆਪਣੀਆਂ ਰਚਨਾਵਾਂ ਨੂੰ ਅਤੇ ਉਹਨਾਂ ਦੇ ਵਿਸ਼ਿਆਂ ਨੂੰ ਪੇਸ਼ ਕਰਦਾ ਹੈ ਇਸ ਲਈ ਜਰਨੈਲ ਸਿੰਘ ਸੇਖਾ ਨੇ ਆਪਣੀ ਪਰਵਾਸੀ ਮਨ ਵਿਚ ਉਥੋ ਦੀਆਂ ਮੁਸ਼ਕਿਲਾਂ ਦੀ ਪੇਸ਼ਕਾਰੀ ਨੂੰ ਪੇਸ਼ ਕਰਦਾ ਹੈ। ਪਰਵਾਸੀ ਸਮਾਜ ਵਿੱਚ ਸਰਮਾਏਦਾਰ ਲੋਕਾਂ ਦੀ ਹਾਲਤ ਨੂੰ ਬਿਆਨ ਕਰਦਾ ਹੋਇਆ ਹੈ ਉਹ ਦੱਸਦਾ ਹੈ ਕਿ ਜੋ ਪੰਜਾਬ ਵਿੱਚ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਹਨ ਅਤੇ ਵਿਦੇਸ਼ ਵਿੱਚ ਜਾ ਕੇ ਉਹ ਮਜ਼ਦੂਰ ਵਾਂਗ ਕੰਮ ਕਰਦੇ ਹਨ ਅਤੇ ਉਹ ਹਰ ਉਹ ਕੰਮ ਕਰਨ ਲਈ ਮਜ਼ਬੂਰ ਹਨ ਜੋ ਇਕ ਮਜ਼ਬੂਰੀ ਵੱਸ ਨਾ ਚਾਹੁੰਦੇ ਵੀ ਕਰਨਾ ਪੈਂਦਾ ਹੈ। ਵਡੇਰੀ ਉਮਰ ਵਿਚ ਨਾਵਲ ਦੇ ਪਿੜ ਵਿਚ ਕੁੱਦਿਆ ਜਰਨੈਲ ਸਿੰਘ ਸੇਖਾ ਹੁਣ ਤੱਕ ਲਿਖੇ ਚਾਰ ਨਾਵਲਾਂ, 'ਦੁਨੀਆ ਕੈਸੀ ਹੋਈ', 'ਭਗੌੜਾ', 'ਵਿਗੋਚਾ' ਅਤੇ 'ਬੇਗਾਨੇ' ਨਾਲ ਬਤੌਰ ਨਾਵਲਕਾਰ ਪੂਰੀ ਤਰ੍ਹਾਂ ਸਥਾਪਤ ਹੋ ਚੁੱਕਾ ਹੈ। ਉਂਜ, ਉਸ ਨੇ ਕਹਾਣੀ, ਸਫਰਨਾਮਾ ਅਤੇ ਸੰਪਾਦਨਾ ਨਾਲ ਵੀ ਹੱਥ-ਅਜ਼ਮਾਈ ਕਰ ਕੇ ਦੇਖੀ ਹੈ। ਉਸ ਕੋਲ ਕੈਨੇਡੀਅਨ ਪੰਜਾਬੀ ਜੀਵਨ ਦਾ ਭਰਪੂਰ ਅਨੁਭਵ ਹੈ ਅਤੇ ਇਸ ਨੂੰ ਗਲਪੀ ਰੰਗ ਦੇਣ ਦੀ ਨਿਵੇਕਲੀ ਜੁਗਤ ਵੀ ਤਾਂ ਹੀ ਇਹ ਨਾਵਲ ਕੈਨੇਡੀਅਨ ਪੰਜਾਬੀ ਜੀਵਨ ਤੇ ਸਭਿਆਚਾਰ ਨੂੰ ਸਮੁੱਚਤਾ ਵਿਚ ਪੇਸ਼ ਕਰਦੇ ਹਨ। ਉਸ ਨੇ ਬਹੁ ਗਿਣਤੀ ਪਰਵਾਸੀ ਪੰਜਾਬੀ ਲੇਖਕਾਂ ਵਾਂਗ ਵਿਦੇਸ਼ ਵਿਚ ਬੈਠ ਕੇ ਦੇਸੀ ਪੰਜਾਬ ਬਾਰੇ ਨਹੀਂ ਲਿਖਿਆ, ਸਗੋਂ ਸਮੁੰਦਰੋਂ ਪਾਰ ਦੇ ਸ਼ੁੱਧ ਕੈਨੈਡੀਅਨ ਸਮਾਜ ਨੂੰ ਆਪਣੀ ਸਮਰੱਥਾ ਅਨੁਸਾਰ ਭਰਪੂਰਤਾ ਵਿਚ ਚਿਤਰਨ ਨੂੰ ਪਹਿਲ ਦਿੱਤੀ ਹੈ। ਆਮ ਤੌਰ 'ਤੇ ਪਰਵਾਸੀ ਪੰਜਾਬੀ ਨਾਵਲਕਾਰ ਆਪਣੇ ਨਾਵਲਾਂ ਵਿਚ ਪਰਵਾਸੀ ਕਥਾ ਨੂੰ ਹੀ ਸਿਰਜਦੇ ਹਨ। ਜਦੋਂ ਕਿਸੇ ਪਰਵਾਸੀ ਨਾਵਲਕਾਰ ਨੂੰ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਨਾਵਲਕਾਰ ਨਾਨਕ ਸਿੰਘ ਵਾਗੂੰ ਇਕ ਹੀ ਨਾਵਲ ਨੂੰ ਬਾਰ-ਬਾਰ ਲਿਖ ਰਹੇ ਹਨ। ਇਉਂ ਬਹੁਤੇ ਪਰਵਾਸੀ ਨਾਵਲਕਾਰਾਂ ਕੋਲ ਕਥਾ ਵੀ ਇਕ ਹੈ ਅਤੇ ਸਰੋਕਾਰ ਵੀ ਇਕ ਹੀ ਹੈ। ਪਰ ਜਦੋਂ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦਾ ਅਧਿਐਨ ਕਰਦੇ ਹਾਂ ਤਾਂ ਸੇਖਾ ਵਿਸ਼ਿਆਂ ਦੇ ਨਾਲ-ਨਾਲ ਨਾਵਲ ਦੇ ਵਿਧੀ-ਵਿਧਾਨ ਬਾਰੇ ਵੀ ਕਾਫ਼ੀ ਸੁਚੇਤ ਨਜ਼ਰ ਆਉਂਦਾ ਹੈ। ਨਾਵਲਕਾਰ ਨੇ ਦੁਨੀਆ ਕੈਸੀ ਹੋਈ ਨਾਵਲ ਦੀ ਵਸਤੂ, ਵਿਧੀ ਅਤੇ ਦ੍ਰਿਸ਼ਟੀ ਬਾਰੇ ਇਸਦੇ ਆਰੰਭ

ਵਿਚ ਹੀ ਸਪੱਸ਼ਟ ਕਰ ਦਿੱਤਾ ਹੈ। 'ਬੀ.ਸੀ. ਅਤੇ ਬੇਰੀਆਂ' ਤੇ 'ਫ਼ਾਰਮ ਠੇਕੇਦਾਰ ਅਤੇ ਕਾਮੇ' ਸਿਰਲੇਖ ਹੇਠ ਨਾਵਲਕਾਰ ਸੇਖਾ ਉਸ ਸਥਿਤੀ ਨੂੰ ਸਪੱਸ਼ਟ ਕਰਦਾ ਹੈ ਜੋ ਇਸ ਨਾਵਲ ਦੀ ਕੇਂਦਰੀ ਵਸਤੂ ਦਾ ਆਧਾਰ ਬਣਦੀ ਹੈ। ਪਰ ਇਹ ਸਭ ਨਾਵਲ ਦੇ ਮੂਲ ਬਿਰਤਾਂਤ ਤੋਂ ਬਾਹਰ ਦਿੱਤਾ ਹੈ ਇਹ ਸੰਖੇਪ ਤੇ ਸਪੱਸ਼ਟ ਹੈ। ਇਸ ਲਈ ਨਾਵਲ ਦੇ ਬਿਰਤਾਂਤ ਵਿੱਚ ਉਸ ਸਥਿਤੀ ਨੂੰ ਸਮਝਾਉਣ ਦੀ ਬਿਰਤਾਂਤਕਾਰ ਨੂੰ ਜ਼ਰੂਰਤ ਮਹਿਸੂਸ ਨਹੀਂ ਹੋਈ। ਇਹ ਸੇਖਾ ਦੀ ਬਿਰਤਾਂਤਕਾਰੀ ਦਾ ਇਕ ਵਿਸ਼ੇਸ਼ ਲੱਛਣ ਕਿਹਾ ਜਾ ਸਕਦਾ ਹੈ।

ਜਰਨੈਲ ਸਿੰਘ ਸੇਖਾ ਦੀ ਜਸਵੰਤ ਸਿੰਘ ਕੰਵਲ ਨਾਲ ਮਿਲਣੀ ਹੋਈ। ਅਜਿਹੀਆਂ ਹੀ ਹੋਰ ਸਖ਼ਸੀਅਤਾਂ ਦੇ ਸੰਗ ਵਿਚਰਦਿਆਂ ਜਰਨੈਲ ਸਿੰਘ ਸੇਖਾ ਦੇ ਮਨ ਵਿਚ ਸੁੱਤੀਆਂ ਸਾਹਿਤਕ ਰੁਚੀਆ ਜਾਗ ਪਈਆ। ਕੈਨੇਡਾ ਆਉਣ ਤੋਂ ਪਹਿਲਾਂ ਜਰਨੈਲ ਸਿੰਘ 60 ਕੁ ਦੇ ਕਰੀਬ ਕਹਾਣੀਆਂ ਲਿਖ ਚੁੱਕਿਆ ਸੀ ਪਰ ਇਕੋ ਕਹਾਣੀਆਂ ਦੀ ਪੁਸਤਕ 'ਉਦਾਸੇ ਬੋਲ' ਛਪੀ ਸੀ। ਬਹੁਤ ਸਾਰੀਆਂ ਸੰਪਾਦਤ ਪੁਸਤਕਾਂ ਵਿਚ ਕਹਾਣੀਆਂ ਅਤੇ ਕਵਿਤਾਵਾਂ ਵੀ ਛਪੀਆਂ ਸਨ। ਜਿਵੇਂ ਆਮ ਲੇਖਕ ਪਹਿਲਾਂ ਕਵਿਤਾ ਤੋਂ ਆਪਣਾ ਸਫਰ ਸ਼ੁਰੂ ਕਰਦਾ ਹੈ, ਉਸ ਨੇ ਵੀ ਆਪਣਾ ਸਫਰ ਕਵਿਤਾ ਤੋਂ ਹੀ ਆਰੰਭ ਕੀਤਾ ਸੀ, ਕੁਝ ਗੀਤ ਵੀ ਲਿਖੇ ਸਨ ਫਿਰ ਜਸਵੰਤ ਸਿੰਘ ਕੰਵਲ ਦੀ ਪ੍ਰੇਰਨਾ ਨਾਲ ਕਹਾਣੀ ਵਾਲੇ ਪਾਸੇ ਤੇ ਹੌਲੀ-ਹੌਲੀ ਨਾਵਲ ਦੇ ਖੇਤਰ ਵਿਚ ਆ ਗਿਆ।

ਜਰਨੈਲ ਸਿੰਘ ਨੇ 1953 ਵਿਚ ਦਸਵੀਂ ਪਾਸ ਕੀਤੀ। ਦਸਵੀਂ ਪਾਸ ਕਰਨ ਤੋਂ ਬਾਅਦ ਅਨਟਰੇਂਡ ਅਧਿਆਪਕ ਵਜੋਂ ਨੌਕਰੀ ਉਤੇ ਲੱਗ ਗਿਆ। ਮਿਸ਼ਨ ਸਕੂਲ ਮੋਗਾ ਤੋਂ ਜੇ.ਬੀ.ਟੀ ਕਰਨ ਉਪਰੰਤ 1955 ਵਿੱਚ ਸਰਕਾਰੀ ਸਕੂਲ ਵਿੱਚ ਆਧਿਆਪਕ ਲੱਗ ਗਿਆ 1956 ਵਿੱਚ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। ਅਧਿਆਪਕ ਦੀ ਨੌਕਰੀ ਕਰਦਿਆਂ ਹੀ ਉਸਨੇ ਐਮ.ਏ. ਤੱਕ ਦੀ ਪੜ੍ਹਾਈ ਕੀਤੀ। 1954 ਵਿੱਚ ਅਸਟੈਰਡ ਪ੍ਰਾਇਮਰੀ ਅਧਿਆਪਕ ਤੋਂ ਸ਼ੁਰੂ ਕਰਕੇ 1993 ਵਿੱਚ ਉਹ ਸੈਕੰਡਰੀ ਸਕੂਲ ਦੇ ਸੀਨੀਅਰ ਅਧਿਆਪਕ ਵੱਜੋਂ ਸੇਵਾ ਮੁਕਤ ਹੋਇਆ ਅਤੇ ਉਸਨੇ ਤਕਰੀਬਨ ਚਾਲੀ ਸਾਲ ਨੌਕਰੀ ਕੀਤੀ।

ਹਥਲੇ ਖੋਜ-ਕਾਰਜ ਵਿਚ ਸੇਖਾ ਦਾ ਚਾਰ ਨਾਵਲਾਂ ਨੂੰ ਅਧਿਐਨ ਦਾ ਖੇਤਰ ਚੁਣਿਆ ਗਿਆ ਹੈ। **'ਦੁਨੀਆ ਕੈਸੀ ਹੋਈ'** ਜਰਨੈਲ ਸਿੰਘ ਸੇਖਾ ਦਾ ਪਹਿਲਾ ਨਾਵਲ ਹੈ ਜਿਹੜਾ ਪੱਛਮੀ ਸਭਿਆਚਾਰ ਦੀ ਆੜ ਵਿੱਚ ਪਏ ਅਜਿਹੇ ਪਾਸਾਰਾਂ ਨੂੰ ਸਾਹਮਣੇ ਲਿਆਉਂਦਾ ਹੈ ਜੋ ਜਮਾਤੀ ਚੇਤਨਾ ਦੇ ਨਾਲ ਨਾਲ ਵਿਅਕਤੀਗਤ ਹਿੱਤਾਂ ਦੀ ਚੇਤਨਾ ਨੂੰ ਵੀ ਅੱਗੇ ਤੋਰਦਾ ਹੈ। ਨਾਵਲ ਦਾ ਮੁੱਖ ਥੀਮ ਤਾਂ ਫਾਰਮਰਾਂ ਅਤੇ ਠੇਕੇਦਾਰਾਂ ਵੱਲੋਂ ਖੇਤ ਕਾਮਿਆਂ ਦਾ ਹੋ ਰਿਹਾ ਸ਼ੋਸ਼ਣ ਦਰਸਾਉਣਾ ਹੈ। ਜਰਨੈਲ ਸਿੰਘ ਸੇਖਾ ਦੀ ਸੋਚ ਸੀ ਕਿ ਵਿਕਸਤ ਮੁਲਕਾਂ ਵਿਚ ਮਾਲਕ ਤੇ ਮਜ਼ਦੂਰ ਦਾ ਰਿਸ਼ਤਾ ਕੁਝ ਵੱਖਰੀ ਤਰ੍ਹਾਂ ਦਾ ਹੋਵੇਗਾ ਪਰ ਏਥੇ ਆ ਕੇ ਖੇਤ ਮਜ਼ਦੂਰੀ ਕਰਨ ਉਪਰੰਤ ਮਹਿਸੂਸ ਕੀਤਾ ਕਿ ਮਾਲਕ ਦਾ ਮਜ਼ਦੂਰ ਪ੍ਰਤੀ ਜਿਹੜਾ ਰਵੱਈਆ ਭਾਰਤ ਵਿਚ ਹੈ, ਉਹੀ ਵਰਤਾਰਾ ਇਥੇ ਹੈ। ਇਹ ਵਰਤਾਰਾ ਵਿਸ਼ਵ ਵਿਆਪੀ ਹੈ। ਜਿੰਨੀ ਦੇਰ ਪੂੰਜੀਵਾਦੀ ਪ੍ਰਬੰਧ ਰਹੇਗਾ ਮਾਲਕ ਵੱਲੋਂ ਮਜ਼ਦੂਰ ਦਾ ਸ਼ੋਸ਼ਣ ਹੁੰਦਾ ਹੀ ਰਹੇਗਾ। ਇਸ ਤੋਂ ਬਿਨਾਂ ਮਾਲਕਾਂ ਤੋਂ ਮਜ਼ਦੂਰ ਬਣੇ ਮਨੁੱਖ ਦੀ ਮਾਨਸਿਕਤਾ ਵਿਚ ਆਏ ਬਦਲਾਅ ਨੂੰ ਰੂਪਮਾਨ ਕਰਕੇ ਜਰਨੈਲ ਸਿੰਘ ਸੇਖਾ ਦੇ ਇਸ ਨਾਵਲ ਨੂੰ ਇੱਕ ਸਫਲ ਨਾਵਲ ਕਿਹਾ ਜਾ ਸਕਦਾ ਹੈ।

**ਵਿਗੋਚਾ** ਜਰਨੈਲ ਸਿੰਘ ਦਾ ਦੂਸਰਾ ਨਾਵਲ ਹੈ। ਵਿਗੋਚਾ ਉਸਦਾ ਅਹਿਮ ਅਤੇ ਮਾਰਮਕ ਨਾਵਲ ਹੈ। ਜਿਸ ਦੀ ਆਪਣੀ ਦਿੱਖ, ਨੁਹਾਰ ਅਤੇ ਅਹਿਮ ਹੈ ਇਸ ਨਾਵਲ ਦੀ ਵਸਤੂ-ਸਥਿਤੀ ਹੀ ਨਹੀਂ ਕਲਾਮਈ ਜੁਗਤਾਂ ਵੀ ਗੌਰਤਲਬ ਹਨ। ਇਹ ਸਮੁੱਚਾ ਨਾਵਲ ਤਿੱਖੇ ਦਵੰਦਾਂ, ਤਣਾਵਾਂ, ਟਕਰਾਵਾਂ ਅਤੇ ਵਿਰੋਧਾਂ ਨਾਲ ਗਤੀਸ਼ੀਲ ਰਹਿੰਦਾ ਅਤੇ ਸੰਪੰਨ ਹੁੰਦਾ ਹੈ। ਇਸ ਨਾਵਲ ਦੀ ਪਿੱਠ ਭੂਮੀ ਕੈਨੇਡਾ ਦੀ ਹੈ। ਇਸ ਨਾਵਲ ਦੇ ਸੰਦਰਭ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਨਾਵਲ ਵਿੱਚ ਨਾਵਲਕਾਰ ਨੇ ਪੰਜਾਬੀਆਂ ਦੇ ਕੈਨੇਡਾ ਵਿਖੇ ਪਰਵਾਸ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਦੀ ਸਥਿਤੀ ਦਾ ਇਕ ਤਰ੍ਹਾਂ ਨਾਲ ਇਤਿਹਾਸਕ ਸਰਵੇਖਣ ਪੇਸ਼ ਕੀਤਾ ਹੈ ਅਤੇ ਵਰਤਮਾਨ ਸਥਿਤੀ ਵਿਚ ਪਰਵਾਸੀਆਂ ਦਾ ਜੋ ਜ਼ੁਰਮ ਦੀ ਦੁਨੀਆਂ ਵਿਚ ਪ੍ਰਵੇਸ਼ ਹੋ ਰਿਹਾ ਹੈ ਉਸਦਾ ਨਾਵਲਕਾਰ ਨੇ ਬੜੀ ਸੰਵੇਦਨਸ਼ੀਲਤਾ ਨਾਲ ਬਿੰਬ ਉਸਾਰਿਆ ਹੈ। ਇਸ ਨਾਵਲ ਵਿੱਚ ਇਕ ਸਦੀਂ ਦਾ ਇਤਿਹਾਸਕ ਬਿਰਤਾਂਤ ਹੈ। ਨਸਲਵਾਦ ਤੇ ਵਿਤਕਰੇ ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਇਸ ਨਾਵਲ ਵਿਚ ਪੇਸ਼ ਕੀਤੀਆਂ ਗਈਆਂ ਹਨ। ਇਸ ਵਿਚ ਕਮਾਗਾਟਾਮਾਰੂ ਕਾਂਡ, ਆਪਣੇ ਵਿਰਸੇ ਤੇ ਸਭਿਆਚਾਰ ਨੂੰ ਬਚਾਉਣ ਅਤੇ ਪੰਜਾਬ ਵਿਚ ਹੋ ਰਹੇ ਘਟਨਾਕ੍ਰਮ, ਆਜ਼ਾਦੀ ਦੀ ਲੜਾਈ ਤੇ ਪ੍ਰਪਾਤੀ, 1984 ਦੀਆਂ ਘਟਨਾਵਾਂ ਦੇ ਪਰਵਾਸੀ ਪੰਜਾਬੀਆਂ ਉਤੇ ਪਏ ਪ੍ਰਭਾਵ ਨੂੰ ਵੀ ਚਿੱਤਰਿਆ ਗਿਆ ਹੈ। ਡਰੱਗ ਮਾਫ਼ੀਆ ਜੋ ਅੰਤਰ-ਰਾਸ਼ਟਰੀ ਪੱਧਰ ’ਤੇ ਆਪਸ ਵਿਚ ਜੁੜਿਆ ਹੋਇਆ ਹੈ ਨੂੰ ਵੀ ਉਘਾੜਿਆ ਗਿਆ ਹੈ। ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਨਾਵਲ ਪਰਵਾਸੀਆਂ ਦੇ ਪਰਵਾਸ ਧਾਰਨ ਦੇ ਇਤਿਹਾਸ ਨੂੰ ਵਿਸ਼ੇਸ਼ ਕਾਲ ਕ੍ਰਮ ਵਿਚ ਪੇਸ਼ ਕਰਦਾ ਹੋਇਆ ਪਾਠਕ ਦੀ ਜਾਣਕਾਰੀ ਵਾਧਾ ਕਰਦਾ ਹੈ। ਪਰਵਾਸ ਦੌਰਾਨ ਨਵੀਂ ਪੀੜ੍ਹੀ ਦੀ ਡੋਲ ਰਹੀ ਦਿਸ਼ਾ ਨੂੰ ਸੁਚੇਤ ਅਗਵਾਈ ਦੇਣ ਲਈ ਪਹਿਲੀ ਪੀੜ੍ਹੀ ਦਾ ਕੁਰਬਾਨੀਆਂ ਭਰੇ ਇਤਿਹਾਸ ਦਾ ਵਰਨਣ ਨਾਵਲ ਦੇ ਜਿਆਦਾਤਰ ਹਿੱਸੇ ਵਿੱਚ ਬਰਕਰਾਰ ਰਹਿੰਦਾ ਹੈ। ਇਸ ਨਾਵਲ ਦੇ ਬਿਰਤਾਂਤ ਵਿੱਚ ਪਰਵਾਸ ਧਾਰਨ ਕਰਨ ਦੀਆਂ ਮਜ਼ਬੂਰੀਆਂ, ਦੁਸ਼ਵਾਰੀਆਂ, ਵੀਹਵੀਂ ਸਦੀਂ ਤੋਂ ਪਹਿਲਾਂ ਹੀ ਪੰਜਾਬ ਵਿਚ ਮੰਦਵਾੜੇ ਦੇ ਹਾਲਾਤ, ਇਸ ਦੌਰਾਨ ਪੰਜਾਬੀ ਨੌਜਵਾਨਾਂ ਦਾ ਅੰਗਰੇਜ਼ ਸਰਕਾਰ ਦੀ ਫੌਜ ਵਿੱਚ ਭਰਤੀ ਹੋਣਾ, ਰੋਜ਼ਗਾਰ ਦੀ ਭਾਲ ਵਿਚ ਚੀਨ, ਜਾਪਾਨ, ਮਲਾਇਆ ਤੋਂ ਬਾਅਦ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਵਿੱਚ ਜਦੋਂ ਜਹਿਦ ਕਰਨੀ (ਇੰਦਰ ਸਿੰਘ, ਕਰਮ ਸਿੰਘ, ਵਰਿਆਮ ਆਦਿ ਦੇ ਸੰਦਰਭ ਵਿਚ), ਵਿਦੇਸ਼ਾਂ ਵਿੱਚ ਆਪਣੀਆ ਬਸਤੀਆਂ ਕਾਇਮ ਕਰਨ ਦੇ ਯਤਨ, ਆਪਣੀ ਨਿੰਜੀ ਜ਼ਿੰਦਗੀ ਦੇ ਚਾਵਾਂ ਨਾਲ ਸਮਝੌਤਾ ਕਰਦੇ ਹੋਏ ਵਿਗੋਚੇ ਦੀ ਪੀੜ੍ਹ ਹੰਢਾਉਣੀ, ਬਰਤਾਨੀਆਂ ਸਰਕਾਰ ਦੀ ਹਜ਼ੂਰੀ ਵਿੱਚ ਔਖੇ ਕੰਮ ਕਰਦੇ ਹੋਏ ਨਸਲਵਾਦੀ ਵਿਵਹਾਰਾਂ ਦਾ ਹਰ ਪਲ ਸਾਹਮਣਾ ਕਰਨਾ, ਉੱਤਰੀ-ਅਮਰੀਕਾ ਦੇ ਪੱਛਮੀ ਪਾਸੇ ਦੇ ਗੋਰੇ ਮਜ਼ਦੂਰਾਂ ਦੀ ਵਿਰੁੱਧ ਜੱਥੇਬੰਦਕ ਰੂਪ ਵਿਚ ਏਸ਼ੀਅਨ ਮਜ਼ਦੂਰਾਂ ਦਾ ਸੰਗਠਿਤ ਹੋ ਕੇ ਮੁਕਾਬਲਾ ਕਰਨਾ, ਹੁਸੈਨ ਰਹੀਮ, ਤਰਕਨਾਥ, ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਦਾ ਭਾਰਤੀ ਕਮਿਊਨੀਟੀ ਦੀ ਆਜ਼ਾਦੀ ਵਿਚ ਅਹਿਮ ਰੋਲ, ਰੌਲਟ ਐਕਟ ਦਾ ਵਿਰੋਧ, ਅੰਮ੍ਰਿਤਸਰ ਵਿਚ ਜਲ੍ਹਿਆ ਵਾਲੇ ਬਾਗ ਦੀ ਅਣ-ਮਨੁਖੀ ਘਟਨਾ, ਇੰਦਰ ਸਿੰਘ ਸ਼ਹੀਦੀ, ਕੈਨੇਡਾ ਵਿਚ ਆਰਥਕ ਮੰਦਵਾੜੇ ਦੌਰਾਨ ਭਾਰਤੀਆਂ ਲਈ ਬੇਰੋਜ਼ਗਾਰੀ ਦੀ ਸਥਿਤੀ, ਖਾਲਸਾ ਦੀਵਾਨ ਸੋਸਾਇਟੀ ਦੀ ਸਥਾਪਨਾ (1939), ਭਾਰਤ ਦੀ ਆਜ਼ਾਦੀ (1947), ਭਾਰਤ-ਪਾਕਿਸਤਾਨ ਬਨਣ ਦੀਆਂ ਸਕੀਮਾਂ, ਫਿਰਕੂ ਨਫ਼ਰਤ/ਦੰਗੇ, ਯੂਨੀਵਰਸਿਟੀਆਂ ਵਿਚ ਭਾਰਤੀ, ਚੀਨੀ, ਜਾਪਾਨੀ ਵਿਦਿਆਰਥੀਆਂ ਨਾਲ ਹੁੰਦਾ ਨਸਲੀ ਵਿਵਹਾਰ ਤੇ ਵਿਤਕਰਾ, ਪਰਵਾਸੀ ਭਾਰਤੀ ਪੰਜਾਬੀਆਂ ਦਾ ਨਸਲੀ

ਗਤੀਵਿਧੀਆਂ ਵਿੱਰੁਧ ਸੰਘਰਸ਼ ਕਰਦੇ ਹੋਏ 2 ਅਕਤੂਬਰ 1947 ਨੂੰ ਵੋਟ ਅਧਿਕਾਰ ਪ੍ਰਾਪਤ ਕਰਨਾ, ਸਾਂਝੇ ਹਿੱਤਾਂ ਲਈ ਭਾਰਤੀ ਤੇ ਗੋਰੇ ਕਾਮਿਆਂ ਦਾ ਸੰਗਠਿਤ ਹੋਣਾ, ਪੰਜਾਬੀਆਂ ਦਾ ਲੰਬੀ ਜੱਦੋ-ਜਹਿਦ ਤੋਂ ਬਾਅਦ ਵਿਦੇਸ਼ ਵਿੱਚ ਆਪਣੀ ਪਛਾਣ ਕਾਇਮ ਕਰਨੀ, ਆਪਣੇ ਧਾਰਮਿਕ ਚਿੰਨ੍ਹਾਂ (ਗੁਰਦੁਆਰੇ) ਦੀ ਸਥਾਪਤੀ ਕਰਨੀ, ਸਿਆਸੀ ਚੋਣਾਂ, ਸੁਚੇਤ ਭਾਰਤੀ ਨੌਜਵਾਨਾਂ (ਦਰਸ਼ਨ ਸਿੰਘ ਤੇ ਦਿਲਾਵਰ ਸਿੰਘ ਦੇ ਬਹੁ-ਸਭਿਆਚਾਰਕ ਵਿਚ) ਦਾ ਮਾਰਕਸੀ ਸੋਚ ਤੋਂ ਪ੍ਰਭਾਵਿਤ ਹੁੰਦੇ ਹੋਏ ਸਮਾਜਵਾਦ  ਦੀ ਸਥਾਪਨਾ ਲਈ ਵਿਚਾਰਸ਼ੀਲ ਬਨਣ ਤੋਂ ਬਾਅਦ ਪਰਵਾਸੀਆਂ ਦੀ ਵੱਧਦੀ ਗਿਣਤੀ ਤੇ ਹਰ ਖੇਤਰ ਵਿਚ ਅੱਗੇ ਵੱਧਣ ਦਾ ਜਜ਼ਬਾ, ਨਸਲਵਾਦ ਵਿਰੋਧੀ ਕਮੇਟੀਆਂ ਦਾ ਗਠਨ, ਇਸ ਦੌਰਾਨ ਕਈ ਗੋਰੇ ਕਰਮਚਾਰੀਆਂ ਦਾ ਸਹਿਯੋਗੀਆਂ ਵਾਲਾ ਵਤੀਰਾ, ਉਭਰਦੇ ਹੋਏ ਪੰਜਾਬੀ ਲੀਡਰਾਂ ਦਾ ਚਾਲਸਾਜ਼ੀ ਨਾਲ ਕਤਲ (ਮੇਹਰ ਸਿੰਘ ਦੇ ਸੰਦਰਭ) ਆਦਿ ਵੇਰਵੇ ਨਾਵਲ ਦੇ ਵਿਸ਼ਾਲ ਕੈਨਵਸ ਉਪਰ ਪ੍ਰਾਪਤ ਹੁੰਦੇ ਹਨ।

**ਭਗੌੜਾ**-ਪਰਵਾਸੀ ਪੰਜਾਬੀ ਗਲਪਕਾਰ ਜਰਨੈਲ ਸਿੰਘ ਸੇਖਾ ਦਾ ਤੀਜਾ ਨਾਵਲ ਹੈ। ਇਸ ਨਾਵਲ ਵਿਚ ਗਲਪਕਾਰ ਨੇ ਵਿਕਸਿਤ ਦੇਸ਼ਾਂ ਵਿਚ ਗ਼ੈਰ ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਦੀ ਵਿਧੀ ਵਰਤਾਰੇ ਦੌਰਾਨ ਵਾਪਰਦੇ ਦਿਲ ਕੰਬਾਊ ਹਾਦਸਿਆਂ ਦੇ ਪ੍ਰਸੰਗ ਨੂੰ ਪੇਸ਼ ਕੀਤਾ ਹੈ। ਨਾਵਲ ਬੇਸ਼ਕ ਗ਼ੈਰ ਕਾਨੂੰਨੀ ਢੰਗ ਨਾਲ ਵਿਕਸਿਤ ਦੇਸ਼ਾਂ ਵਿੱਚ ਦਾਖ਼ਲ ਹੋਣ ਸਮੇਂ ਹੋਣ ਵਾਲੇ ਕੋਝੇ ਤਜਰਬਿਆਂ ਅਤੇ ਤਲਖ਼ ਹਕੀਕਤਾਂ ਦਾ ਬਿਰਤਾਂਤ ਹੈ ਜੋ ਨਿਸ਼ਚਤ ਤੌਰ ’ਤੇ ਪਾਠਕ ਨੂੰ ਅਜਿਹੇ ਤਜਰਬੇ ਤੋਂ ਦੂਰ ਰੱਖਣ ਦੇ ਸਮੱਰਥ ਹੈ ਪਰ ਕਥਾ-ਵਸਤੂ ਵਿਚਲੇ ਪਰਵਾਸ ਦਾ ਕਾਰਨ ਆਮ ਪੰਜਾਬੀ ਮਾਨਸਿਕਤਾ ਵਾਂਗ ਡਾਲਰਾਂ ਦੀ ਚਮਕ ਅਤੇ ਖੁੱਲ੍ਹੇ ਸਮਾਜ ਦੀਆਂ ਰੰਗੀਨੀਆਂ ਦੀ ਭੁੱਖ ਨਹੀਂ ਸਗੋਂ ਨਾਵਲ ਦਾ ਨਾਇਕ ਰਾਜਨੀਤਕ ਪ੍ਰਸਥਿਤੀਆਂ ਤੋਂ ਤੰਗ ਆ ਕੇ ਜਾਨ ਬਚਾਉਣ ਲਈ ਪਰਵਾਸ ਦਾ ਰਸਤਾ ਅਪਣਾਉਂਦਾ ਹੈ। ਨਾਵਲ ਦਾ ਕਥਾਨਕ ਇਕ ਪੰਜਾਬੀ ਮੁੰਡੇ ਸੁਖਬੀਰ ਦੁਆਲੇ ਘੁੰਮਦਾ ਹੈ ਜੋ ਯੂਨੀਵਰਸਿਟੀ ਦਾ ਵਿਦਿਆਰਥੀ ਹੈ। ਪੰਜਾਬ ਵਿਚ 80 ਵਿਆਂ 'ਚ ਉਪਜੀ ਰਾਜਨੀਤਕ ਅਸਥਿਰਤਾ ਸਮੇਂ ਆਮ ਲੋਕ ਦੋ ਪੁੜਾਂ ਵਿੱਚ ਪੀਸੇ ਜਾ ਰਹੇ ਸਨ ਵਿਦੇਸ਼ ਸਪਾਂਸਰਸ ਆਤੰਕਵਾਦ ਅਤੇ ਸਟੇਟ-ਸਪਾਂਸਰਡ ਅੱਤਵਾਦ ਅਤੇ ਸਿੱਟੇ ਵੱਜੋਂ 25, 000 ਤੋਂ ਵੱਧ ਨੌਜਵਾਨ ਗੋਲੀ ਦਾ ਸ਼ਿਕਾਰ ਹੋਏ। ਅਜਿਹੇ ਹੀ ਹਾਲਤ ਵਿਚ ਨਾਵਲ ਦਾ ਮੁੱਖ ਪਾਤਰ ਸੁਖਬੀਰ ਯੂਨੀਵਰਸਿਟੀ ਛੱਡ ਕੇ ਚੈਕੋਸਲਵਾਕੀਆ, ਜਰਮਨੀ ਅਤੇ ਇੰਗਲੈਂਡ ਹੁੰਦਾ ਹੋਇਆ ਅਖ਼ਰਕਾਰ ਕੈਨੇਡਾ ਜਾ ਪਹੁੰਚਦਾ ਹੈ ਜਿੱਥੇ ਉਸਨੂੰ ਸਿਆਸੀ ਸ਼ਰਨ ਪ੍ਰਾਪਤ ਹੋ ਜਾਂਦੀ ਹੈ। ਰਸਤੇ ਵਿਚ ਪੰਜਾਬੀਆਂ ਹੱਥੋਂ ਹੀ ਹੋਈ ਲੁੱਟ, ਵਿਦੇਸ਼ੀ ਸਰਹੱਦੀ ਪੁਲਿਸ, ਬਾਡਰ, ਜੰਗਲੀ, ਬਰਫ਼ਾਨੀ, ਪਹਾੜੀ ਅਤੇ ਦਰਿਆਈ ਰਸਤਿਆਂ ਦੀਆਂ ਸਖ਼ਤੀਆਂ, ਤਨ ਤੇ ਲੋੜੀਂਦੇ ਕੱਪੜਿਆਂ ਤੋਂ ਬਿਨ੍ਹਾਂ, ਭੁੱਖੇ ਢਿੱਡ , ਥਾਂ-ਥਾਂ ਫੜੇ ਜਾਣ ਦਾ ਸਹਿਮ, ਸ਼ੋਸ਼ਣ ਦਾ ਸਹਿਮ ਨਾਵਲ ਦੇ ਅਜਿਹੇ ਬਿਰਤਾਂਤ ਹਨ ਜੋ ਪਾਠਕ ਦੇ ਰੌਂਗਟੇ ਖੜ੍ਹੇ ਕਰ ਦਿੰਦੇ ਹਨ। ਔਕੜਾ ਨਾਲ ਜੂਝਦਾ ਹੋਇਆ ਅਖੀਰ ਉਹ ਨੌਕਰੀ ਪ੍ਰਾਪਤ ਕਰ ਲੈਂਦਾ ਹੈ। ਸੁਖਬੀਰ ਭਾਰਤ  ਵਿੱਚ ਆਪਣੀ ਸਹਿਪਾਠੀ ਸੁਰੇਖਾ (ਉਸਦੀ ਪ੍ਰੇਮਿਕਾ ਹੈ ਅਤੇ ਜੋ ਸੁਖਬੀਰ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ) ਦੇ ਪੁਲਿਸ ਅਫ਼ਸਰ ਪਿਤਾ ਤੋਂ ਜਾਨ ਬਚਾਉਣ ਲਈ ਪਰਵਾਸ ਕਰਦਾ ਹੈ, ਭਿਆਨਕ ਸਥਿਤੀਆਂ ਵਿੱਚੋਂ ਗੁਜ਼ਰਨ ਦੇ ਬਾਵਜੂਦ ਤੇ ਜਰਮਨ ਮੁਟਿਆਰ ਡਰੈਸਲਰ ਦੇ ਨਿਰਸੁਆਰਥ ਮਾਸੂਮ ਪਿਆਰ ਨੂੰ ਪਾ ਕੇ ਵੀ ਸੁਰੇਖਾ ਦਾ ਪਿਆਰ ਉਸਦਾ ਪਿੱਛਾ ਨਹੀਂ ਛੱਡਦਾ। ਕੈਨੇਡਾ ਵਿੱਚ ਉਹ ਬੈਂਕ ਦੀ ਨੌਕਰੀ ਪ੍ਰਾਪਤ ਕਰ ਲੈਂਦਾ ਹੈ। ਸੁਰੇਖਾ ਤੇ ਡਰੈਸਲਰ ਦੀ ਸਿੱਧੀ ਗੱਲਬਾਤ ਹੋ ਜਾਂਦੀ ਹੈ। ਡਰੈਸਲਰ ਤੇ ਸੁਰੇਖਾ ਸੁਖਬੀਰ ਨੂੰ

ਧੋਖੇਬਾਜ਼ ਸਮਝ ਕੇ ਛੱਡ ਦਿੰਦੀਆਂ ਹਨ ਇਹ ਪਿਆਰ ਤਿਕੋਨੀ ਟੱਕਰ ਨਾਲ ਖ਼ਤਮ ਹੋ ਜਾਂਦਾ ਹੈ। 'ਭਗੌੜਾ' ਪਰਵਾਸੀ ਪੰਜਾਬੀ ਗਲਪ ਵਿਚ ਇਕ ਨਿਵੇਕਲਾ ਵਾਧਾ ਹੈ।

**ਬੇਗਾਨੇ–** ਇਸ ਨਾਵਲ ਦਾ ਆਰੰਭ ਹਰਬੰਸ ਨਾਂ ਦੇ ਵਿਅਕਤੀ ਤੇ ਨਸੀਬ ਨਾਂ ਦੀ ਕੁੜੀ ਦੇ ਦੁਆਲੇ ਘੁੰਮਦੀ ਘਟਨਾ ਨਾਲ ਹੁੰਦਾ ਹੈ। ਨਾਵਲ ਵਿਚ ਹਰਬੰਸ ਅਤੇ ਨਸੀਬ ਦੇ ਦੋਹਰੇ ਵਿਆਹ ਕਾਰਨ ਉਪਜੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ ਕਿਵੇਂ ਹਰਬੰਸ ਦਾ ਅਤੀਤ ਉਸ ਨੂੰ ਯਾਦ ਆਉਂਦਾ ਹੈ ਕਿ ਕਿਵੇਂ ਉਸਦੇ ਆਪਣੇ ਚਾਚੇ ਨੇ ਹੀ ਉਸ ਨਾਲ ਧੋਖਾ ਕੀਤਾ। ਨਾਵਲ ਵਿੱਚ ਨਸੀਬ ਦੀ ਭੂਆ ਉਸ ਨੂੰ ਗੋਦ ਲੈ ਲੈਦੀ ਹੈ ਪਰ ਉਹ ਉਸ ਨੂੰ ਆਪਣੀ ਧੀ ਵਾਂਗ ਪਿਆਰ ਨਹੀਂ ਕਰਦੀ ਸਗੋਂ ਇਕ ਨੌਕਰਾਨੀ ਵਾਂਗ ਸਮਝਦੀ ਹੈ ਜੋ ਸਾਰੇ ਘਰ ਦਾ ਕੰਮ ਕਰਦੀ ਹੈ। ਉਸ ਦਾ ਫੁੱਫੜ ਵੀ ਜੋ ਉਸ ਦੇ ਬਾਪ ਦੇ ਸਮਾਨ ਹੈ, ਉਸ ਨਾਲ ਬਲਾਤਕਾਰ ਕਰਦਾ ਹੈ। ਉਸਦੀ ਭੂਆ ਪੰਜਾਬ ਜਾ ਕੇ ਉਸਦਾ ਵਿਆਹ ਬਲਵੰਤ ਨਾਲ ਕਰਵਾ ਦਿੰਦੀ ਹੈ ਤੇ ਉਹ ਵੀ ਵਿਦੇਸ਼ ਵਿਚ ਆ ਜਾਂਦਾ ਹੈ ਪਰ  ਉਹ ਆਪਣੀ ਰਿਸ਼ਤੇ ਵਿਚ ਲੱਗਦੀ ਭੈਣ ਨੂੰ ਆਪਣੀ ਆਰਜ਼ੀ ਪਤਨੀ (ਪੇਪਰ ਮੈਰਿਜ਼) ਬਣਾ ਕੇ ਵਿਦੇਸ਼ ਵਿਚ ਬੁਲਾ ਲੈਂਦਾ ਹੈ ਤੇ ਉਸ ਨਾਲ ਪੱਕਾ ਵਿਆਹ ਕਰਵਾ ਕੇ ਅਲੱਗ ਹੋ ਜਾਂਦਾ ਹੈ ਅਤੇ ਨਸੀਬ ਦੇ ਸਾਰੇ ਪੈਸੇ ਲੈ ਕੇ ਚਲਾ ਜਾਂਦਾ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਬਿਆਨ ਕੀਤਾ ਹੈ ਕਿ ਮੱਨੁਖ ਹਮੇਸ਼ਾ ਹੀ ਬੇਗਾਨਾ ਹੈ, ਆਪਣੇ ਆਪ ਤੋਂ ਵੀ ਤੇ ਸਮਾਜ ਤੋਂ ਵੀ। ਇਸ ਨਾਵਲ ਵਿਚ ਮੱਨੁਖ ਦੇ ਦੁਖਾਂਤ, ਰਿਸ਼ਤਿਆਂ ਦੇ ਸੰਤਾਪ ਦੀ ਪੇਸ਼ਕਾਰੀ ਕੀਤੀ ਹੈ ਗਈ ਹੈ ਕਿ ਕਿਵੇਂ ਮਨੁੱਖ ਆਪਣੇ ਲੋਕਾਂ ਤੋਂ ਹੀ ਧੋਖਾ ਖਾਂਦਾ ਹੈ ਤੇ ਉਹ ਹੀ ਉਸ ਦਾ ਸ਼ੋਸ਼ਣ ਕਰਦੇ ਹਨ। ਇਸ ਨਾਵਲ ਵਿੱਚ ਇਹ ਬਿਆਨ ਕੀਤਾ ਗਿਆ ਹੈ ਕਿ ਪਰਵਾਸ ਵਿੱਚ ਮੱਨੁਖ ਆਪਣੀ ਸੱਭਿਅਤਾ ਤੋਂ ਟੁੱਟਦਾ ਵੀ ਨਹੀਂ ਅਤੇ ਸੱਭਿਆਚਾਰ ਵਿਚ ਮਿਕਸ ਵੀ ਨਹੀਂ ਹੋਂ ਪਾਉਂਦਾ। ਇਸ ਬੇਗਾਨੀ ਦੇ ਸੰਤਾਪ ਵਿੱਚ ਮੱਨੁਖ ਅੰਦਰੋ ਸੰਤਾਪ ਜਾਂਦੇ ਹਨ ਉਹ ਆਪਣੇ ਅੰਦਰ ਵੀ ਹਮੇਸ਼ਾ ਇਸ ਸੰਤਾਪ ਨੂੰ ਹੰਢਾਉਦੇ ਹਨ। ਇਸ ਸੰਤਾਪ ਕਰਕੇ ਉਹਨਾਂ ਦਾ ਮਨ ਵੀ ਉਸ ਤਰ੍ਹਾਂ ਦਾ ਹੋ ਜਾਂਦਾ ਹੈ। ਕੰਮਾਂ ਕਾਰਾਂ ਵਿਚ ਵਿਅਸਤ ਰਹਿਣ ਕਾਰਨ ਉਸ ਕੋਲ ਦੂਜੇ ਦੇ ਦੁੱਖ ਸੁੱਖ ਨੂੰ ਜਾਣਨ ਦਾ ਸਮਾਂ ਹੀ ਨਹੀਂ। ਹਰ ਕੋਈ ਆਪਣੇ ਰੁਝੇਵੇ ਵਿਚ  ਰਹਿੰਦਾ ਹੈ ਅਤੇ ਦੂਜੇ ਦਾ ਹਾਲ ਚਾਲ ਜਾਣਨ ਲਈ ਉਸ ਕੋਲ ਸਮਾਂ ਨਹੀਂ ਜਿਸ ਕਾਰਨ ਵਿਅਕਤੀ ਅੰਦਰ ਬੇਗਾਨੇਪਨ ਤੇ ਵੈਰਾਗ ਪੈਦਾ ਹੁੰਦਾ ਹੈ। ਨਾਵਲਕਾਰ ਜਰਨੈਲ ਸਿੰਘ ਸੇਖਾ ਪਰਵਾਸੀ ਮੁਸ਼ਿਕਲਾਂ, ਸਮੱਸਿਆ ਅਤੇ ਪਰਵਾਸ ਵਿਚ ਰਹਿੰਦੇ ਮਨੁੱਖਾਂ ਦੇ ਦਰਦ ਨੂੰ ਬੜੀ ਸਫਲਤਾ ਨਾਲ ਬਿਆਨ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ:

[1] ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 39

[2] ਉਹੀ, ਪੰਨਾ 39

[3] The scope of Fiction, p. 20

[4] ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 40

[5] ਉਹੀ, ਪੰਨਾ 40

[6] ਉਹੀ, ਪੰਨਾ 41

[7] ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 43

[8] Introduction to the study of literature, p.159 (ਉਧਰਿਤ)

[9] ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 44

[10] An Introduction to the Study Of Literaturepp.146-147 (ਉਧਰਿਤ)

[11] ਉਹੀ, 154

[12] ਉਹੀ, 163

[13] (ਉਧਰਿਤ ), ਡਾ.ਸਵਿੰਦਰ ਸਿੰਘ ਉਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ 30

[14] ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ ਪੰਨਾ 50

[15] (ਉਧਰਿਤ ) (ਡਾ.) ਸਵਿੰਦਰ ਸਿੰਘ (ਉਪਲ ) ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ 18

[16] ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 528

[17] ਪ੍ਰੋ.ਪਿਆਰਾ ਸਿੰਘ, ਪੰਜਾਬੀ ਗਲਪ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ ਪੰਨਾ ਨੰ: 65

[18] ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ ਪੰਨਾ ਨੰ:530-531

[19] ਗੁਰਪਾਲ ਸਿੰਘ , ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਨਾਵਲ ਦਾ ਇਤਿਹਾਸ, , ਪੰਜਾਬੀ ਅਕਾਦਮੀ ਦਿੱਲੀ, 2005

[20] ਪੰਜਾਬੀ ਸਾਹਿਤ ਦਾ ਇਤਿਹਾਸ ਆਧੁਨਿਕ ਕਾਲ-1901-1995, ਡਾ. ਜਸਵਿੰਦਰ ਸਿੰਘ .ਡਾ. ਮਾਨ ਸਿੰਘ ਢੀਂਡਸਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ।

[21] ਰਾਜਿੰਦਰ ਪਾਲ ਸਿੰਘ, ਪਰਵਾਸੀ ਪੰਜਾਬੀ ਸਾਹਿਤ ਦੇ ਅਧਿਆਪਨ ਦੀਆਂ ਸਮੱਸਿਆਵਾਂ, ਖੋਜ ਪਤ੍ਰਿਕਾ ਪਰਵਾਸੀ ਪੰਜਾਬੀ ( ਸਾਹਿਤ ਵਿਸ਼ੇਸ਼ ਅੰਕ , ਪੰਨਾ .143

[22] ਤੇਜਵੰਤ ਸਿੰਘ ਗਿੱਲ, ਅਮਰੀਕੀ ਪੰਜਾਬੀ ਕਵਿਤਾ ਇਕ ਮੁਲਾਂਕਣ, ਖੋਜ ਦਰਪਣ , ਜੂਨ 1996 ਪੰਨਾ 75-76

[23] Gerald Prince, Narratology: The Form And Functioning of Narrative, p.4

[24] Roland Barthes, Image Music Text P.79

[25] Gerald Prince, Narratology: The Form And Functioning of Narrative, p.4

[26] ਜਰਨੈਲ ਸਿੰਘ ਸੇਖਾ-ਨਾਵਲ ਸਰੋਕਾਰ ਅਤੇ ਵਿਧੀ ਵਿਧਾਨ, ਸੰਪਾਦਕ ਹਰਸਿਮਰਨ ਸਿੰਘ ਰੰਧਾਵਾ(ਡਾ.) ਪੰਨਾ ਨੰ 211-212

[27] ਉਹੀ, ਪੰਨਾ, 211

[28] ਉਹੀ, ਪੰਨਾ 213-214

# ਅਧਿਆਇ-ਦੂਜਾ

# ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਪ੍ਰਮੁੱਖ ਸਰੋਕਾਰ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਉਹ ਸਮਾਜ ਵਿਚ ਰਹਿੰਦਾ ਹੈ ਤੇ ਸਮਾਜ ਵਿਚੋਂ ਹੀ ਵਿਸ਼ੇ ਗ੍ਰਹਿਣ ਕਰਦਾ ਹੈ। ਸਮਾਜਕ ਅਨੁਭੂਤੀ ਹੀ ਉਸ ਨੂੰ ਜਾਨਵਰਾਂ ਤੋਂ ਵੱਖਰਾ ਕਰਦੀ ਹੈ। ਇਹ ਹਾਲਾਤ ਸਮਾਜਕ ਪ੍ਰਸਿਥਤੀਆਂ ਅਨੁਸਾਰ ਹੀ ਬਦਲਦੇ ਰਹਿੰਦੇ ਹਨ। ਸਮਾਜ ਦੇ ਬਦਲਨ ਨਾਲ ਕਦਰਾਂ-ਕੀਮਤਾਂ ਵੀ ਬਦਲਦੀਆਂ ਰਹਿੰਦੀਆਂ ਹਨ ਇਸ ਨਾਲ ਮਨੁੱਖੀ ਚੇਤਨਾ ਵਿਚ ਵੀ ਫ਼ਰਕ ਪੈਂਦਾ ਹੈ। ਸਮਾਜ ਵਿਚ ਹੀ ਮਨੁੱਖ ਦੀ ਹੋਣੀ ਉਸਦੇ ਚੰਗੇ-ਮਾੜੇ ਪ੍ਰਭਾਵ ਪੈਂਦੇ ਹਨ। ਸਮਾਜ ਵਿਚ ਹੀ ਉਹ ਰਿਸ਼ਤਾ ਨਾਤਾ ਪ੍ਰਬੰਧ ਨਾਲ ਬੱਝਦਾ ਹੈ। ਮਨੁੱਖ ਸਮਾਜ ਵਿਚ ਰਹਿੰਦਾ ਹੈ ਤੇ ਉਹ ਇੱਕਲਾ ਜੀਵਨ ਬਤੀਤ ਨਹੀਂ ਕਰ ਸਕਦਾ, ਉਸ ਨੂੰ ਦੂਜਿਆਂ ਤੇ ਨਿਰਭਰ ਰਹਿਣਾ ਪੈਂਦਾ ਹੈ। ਸਮਾਜ ਵਿਚ ਰਹਿਣ ਲਈ ਉਸ ਨੂੰ ਕਿਸੇ ਨਾ ਕਿਸੇ ਨਿਯਮ ਦੀ ਹਰ ਵਕਤ ਪਾਲਣਾ ਕਰਨਾ ਪੈਂਦੀ ਹੈ। ਇਨ੍ਹਾਂ ਨਿਯਮਾਂ ਨੂੰ ਹੀ ਅਸੀਂ ਸੱਭਿਆਚਾਰ ਦੀ ਸੰਗਿਆ ਦਿੰਦੇ ਹਾਂ। ਇਸ ਸ਼ਬਦ ਲਈ ਅੰਗਰੇਜ਼ੀ ਭਾਸ਼ਾ ਵਿੱਚ ਸ਼ਬਦ 'Culture' ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸੱਭਿਆਚਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ Culture ਦਾ ਪੰਜਾਬੀ ਪਰਿਆਏਵਾਚੀ ਸ਼ਬਦ ਹੈ। ਸੱਭਿਆਚਾਰ ਮਨੁੱਖ ਦੀ ਇੱਕ ਬੜੀ ਮੁੱਲਵਾਨ ਸਿਰਜਣਾ ਅਤੇ ਅਹਿਮ ਪ੍ਰਾਪਤੀ ਹੈ। ਮਨੁੱਖ ਦੀ ਜੀਵ ਵਿਗਿਆਨਿਕ ਤੇ ਸਰੀਰ ਵਿਗਿਆਨਿਕ ਵਿਲੱਖਣ ਸਮਰੱਥਾ ਦੁਆਰਾ ਉਸਾਰੇ ਵਿਆਪਕ ਸੱਭਿਆਚਾਰ ਪ੍ਰਬੰਧ ਅਤੇ ਚਿੰਨ ਪ੍ਰਬੰਧ ਅਜਿਹੀ ਮਨੁੱਖੀ ਪ੍ਰਤਿਭਾ ਹੈ ਜਿਹੜੀ ਉਸਦੇ ਮਨੁੱਖ ਹੋਣ ਅਤੇ ਉਸਦੇ ਮਨੁੱਖੀ ਹੁੰਗਾਰੇ ਦੀ ਸਿਰਜਕ ਹੈ। ਸੱਭਿਆਚਾਰ ਸ਼ਬਦ ਮੂਲ ਰੂਪ ਵਿੱਚ ਦੋ ਸ਼ਬਦਾਂ ਦਾ ਜੋੜ ਹੈ, ਸੱਭਯ+ਆਚਾਰ, ਸੱਭਿਆਚਾਰ। ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹੁੰਦੇ ਹਨ। ਸੱਭਿਆਚਾਰ ਦੀ ਪਰਿਭਾਸ਼ਾ ਅਤੇ ਸਾਰ ਦਾ ਅਧਿਐਨ ਅਜੇ ਤੱਕ ਵਿਸ਼ੇਸ਼ ਇਲਾਕੇ ਦੇ ਸੱਭਿਆਚਾਰ ਦੇ ਸੰਦਰਭ ਵਿੱਚ ਹੀ ਪ੍ਰਚੱਲਿਤ ਹੈ। ਸੱਭਿਆਚਾਰ ਦੀ ਪਰਿਭਾਸ਼ਾ ਮਾਨਵ-ਵਿਗਿਆਨ (Anthropology) ਅਤੇ ਸੱਭਿਆਚਾਰਕ ਮਾਨਵ-ਵਿਗਿਆਨ (Cultural Anthropology) ਦੇ ਖੇਤਰਾਂ ਵਿੱਚ ਕੀਤੀ ਗਈ ਹੈ।

ਟੀ.ਬੀ ਟਾਇਲਰ ਅਨੁਸਾਰ-"ਸਭਿਆਚਾਰ ਇੱਕ ਅਜਿਹੀ ਜਟਿਲ ਇਕਾਈ ਹੈ ਜਿਸ ਵਿਚ ਗਿਆਨ, ਵਿਸ਼ਾਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ ਰਿਵਾਜ ਅਤੇ ਹੋਰ ਸਮੱਰਥਾਵਾਂ ਤੇ ਆਦਤਾਂ, ਜੋ ਮਨੁੱਖ ਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕੀਤੀਆਂ ਸ਼ਾਮਿਲ ਹਨ। "[1] ਸੱਭਿਆਚਾਰ ਉਹ ਯੰਤਰ ਹੈ ਜਿਸ ਰਾਹੀਂ ਮਨੁੱਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆ ਅਤੇ ਕਾਮ ਤ੍ਰਿਪਤੀ ਉਸਦੀਆਂ ਪ੍ਰਥਮ ਲੋੜਾਂ ਹਨ ਜਿਹਨਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰੰਤ ਹੋਰ ਲੋੜਾਂ ਉਤਪੰਨ ਹੁੰਦੀਆਂ ਹਨ ਕਿਉਂਕਿ ਇਹ ਲੋੜਾਂ ਸਰਵ ਵਿਆਪਕ ਹਨ ਇਸ ਲਈ ਸੱਭਿਆਚਾਰ ਵੀ ਸਰਵ ਵਿਆਪਕ ਹੈ।

ਜਰਨੈਲ ਸਿੰਘ ਦੇ ਨਾਵਲਾਂ 'ਚ ਉਨ੍ਹਾਂ ਸਾਰੇ ਸਰੋਕਾਰਾਂ ਨੂੰ ਥਾਂ ਮਿਲੀ ਹੈ ਜਿਨ੍ਹਾਂ ਨਾਲ ਮੱਨੁਖ ਦਾ ਸਮਾਜ ਵਿਚ ਵਿਚਰਦਿਆਂ ਵਾਹ ਪੈਂਦਾ ਹੈ। ਇਸ ਨਾਲ ਸਮਾਜ ਦੇ ਵਿਚ ਚੱਲ ਰਹੇ ਮਸਲਿਆਂ ਦੀ ਗੱਲ ਕੀਤੀ ਹੈ ਜੋ ਨਾਵਲ ਵਿਚੋਂ ਸਾਨੂੰ ਦਿਸਦੇ

ਹਨ। ਜਰਨੈਲ ਸਿੰਘ ਦੇ ਨਾਵਲਾਂ ਚੋਂ ਉਭਰਦੇ ਸਮਾਜ-ਸੱਭਿਆਚਾਰਕ ਸਰੋਕਾਰਾਂ ਬਾਰੇ ਅਗਲੇ ਪੰਨਿਆ ਵਿਚ ਨਿੱਠ ਕੇ ਚਰਚਾ ਕੀਤੀ ਗਈ ਹੈ-

**ਭੂ-ਹੇਰਵਾ-**

ਬੇਗਾਨੇ ਅਤੇਉਪਰੇ ਸਮਾਜ-ਸੱਭਿਆਚਾਰ ਵਿਚ ਆਪਣੀ ਸਰਾਪੀ ਤੇ ਸੰਤਾਪਤ ਸਥਿਤੀ ਤੋਂ ਉਪਰਾਮ ਹੋ ਕੇ ਪਰਵਾਸੀ ਪੰਜਾਬੀ ਦੀ ਮਾਨਸਿਕਤਾ ਵਿਚ ਪੁਰਾਣੀ ਸਥਿਤੀ ਉਤਪੰਨ ਹੁੰਦੀ ਹੈ। ਉਸਨੂੰ ਆਪਣੇ ਸਮਾਜ ਸੱਭਿਆਚਾਰ ਵਿਚ, ਵਿਚਰਨ ਦੀ ਸਥਿਤੀ ਦਾ ਸੁਖਾਵਾ ਅਨੁਭਵ ਚੇਤੇ ਆਉਂਦਾ ਹੈ। ਉਸਦੇ ਮਨ ਵਿਚ ਇਕਦਮ ਇਹ ਖਿਆਲ ਦੌੜਨ ਲੱਗਦਾ ਹੈ ਕਿ ਉਹ ਨਸਲੀ ਵਿਤਕਰੇ ਭਰਿਆ ਅਤੇ ਮਾਨਸਿਕ ਕਸ਼ਟਦਾਇਕ ਸਮਾਜ ਅਤੇ ਸਭਿਆਚਾਰਕ ਮਾਹੌਲ ਛੱਡ ਦੇਵੇ ਅਤੇ ਦੁਬਾਰਾ ਆਪਣਾ ਮੂਲ ਸੱਭਿਆਚਾਰ ਆਪਣਾ ਲਵੇ। ਉਹ ਬੇਗਾਨਗੀ ਦੇ ਅਹਿਸਾਸ ਉਸਨੂੰ ਪਰਵਾਸੀ ਹੋ ਜਾਣ ਦਾ ਅਹਿਸਾਸ ਕਰਵਾਉਂਦਾ ਹੈ।

> 'ਭੂਹੇਰਵਾ' ਸ਼ਬਦ ਕੇਵਲ ਸ਼ਬਦ ਨਾ ਹੋ ਕੇ ਇਕ ਸੰਕਲਪ ਹੈ, ਅਤੇ ਅੰਗਰੇਜ਼ੀ ਦੇ ਸੰਕਲਪਮਈ ਸ਼ਬਦ NOSTALGIA ਦਾ ਪੰਜਾਬੀ ਰੂਪਾਂਤਰ ਹੈ। ਸ਼ਬਦ 'ਨੌਸਟੈਲਜੀਆ' ਦੋ ਰੂਪਗ੍ਰਾਮਾਂ(Morphemes):NOSTOS + ALGIA ਦਾ ਜਮ੍ਹਾਂ-ਤੋੜ ਹੈ, ਇਨ੍ਹਾਂ ਦੋਹਾਂ ਦੇ ਕ੍ਰਮਵਾਰ ਅਰਥ ਹਨ: ਬੀਤੇ ਦੀ ਵਾਪਸੀ ਅਤੇ ਹੇਰਵਾ। ਇਸੇ ਅਨੁਰੂਪ ਸ਼ਬਦ 'ਭੂ- ਹੇਰਵਾਂ ਦੇ ਵੀ ਦੋ ਰੂਪਗ੍ਰਾਮ ਹਨ: ਭੂਤਕਾਲ ਅਤੇ ਹੇਰਵਾ।"[2]
>
> ਹੇਰਵਾ, ਉਸ ਚੀਜ਼ ਦਾ ਕੀਤਾ ਜਾ ਸਕਦਾ ਹੈ ਜਿਸ ਦੀ ਵਾਪਸੀ ਸੰਭਵ ਹੋਵੇ। ਇਸ ਸੰਦਰਭ ਵਿਚ ਇਕੋ ਇਕ ਬੰਦਿਸ਼ ਮੋਏ ਬੰਦੇ ਦੀ ਹੈ ਹੋਰ ਕੋਈ ਨਹੀਂ, ਉਦਰੇਵਾਂ ਸਤਹੀ ਚੀਜ਼ ਹੈ।"[3]

ਭੂ-ਹੇਰਵੇ ਦੇ ਸੰਕਲਪ ਨੂੰ ਧਿਆਨ ਨਾਲ ਵਿਚਾਰਨ ਤੋਂ ਇਹ ਪਤਾ ਲੱਗਦਾ ਹੈ ਕਿ ਭੂ ਹੇਰਵੇਂ ਨੂੰ ਦੋ ਭਾਗਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਵਕਤ ਅਤੇ ਇਤਿਹਾਸ ਵਿਚ। ਨਾ ਕਦੇ ਵਕਤ ਪਿੱਛੇ ਪਰਤਦਾ ਹੈ ਅਤੇ ਨਾ ਹੀ ਇਤਿਹਾਸ। ਵਤਨ ਦੀ ਤਾਂਘ, ਵਾਪਸ ਪਰਤਣ ਦੀ ਲਾਲਸਾ ਪਰ ਮਜ਼ਬੂਰੀਆਂ ਕਾਰਣ ਵਾਪਸ ਪਰ ਸਕਣ ਦੀ ਅਸਮਰੱਥਤਾ ਕੁਝ ਅਜਿਹੀਆਂ ਹੀ ਸਮੱਸਿਆਵਾਂ ਹਨ ਜਿਨ੍ਹਾਂ ਨਾਲ ਸਾਰੇ ਪੰਜਾਬੀ ਜੂਝ ਰਹੇ ਹਨ। ਇਹਨਾਂ ਦੀ ਸਮੱਸਿਆਂ ਦਾ ਪ੍ਰਮੁੱਖ ਕਾਰਨ ਭੂਗੋਲਿਕ ਵਿੱਥਾ ਦੀ ਹੋਂਦ ਵਿਚ ਸਮਾਇਆ ਹੁੰਦਾ ਹੈ, ਜਿਸ ਅਧੀਨ ਨਵੇਂ ਵਾਤਾਵਰਣ ਵਿਚ ਮਨੁੱਖ ਉਸ ਨੂੰ ਜਲਦੀ ਅਪਣਾ ਨਹੀਂ ਪਾਉਂਦਾ ਉਹਨਾਂ ਨੂੰ ਕਈ ਕਈ ਸਾਲ ਲੱਗ ਜਾਂਦੇ ਹਨ। ਪੁਰਾਣੇ ਸਮਾਜ ਨਾਲ ਉਸਦਾ ਸੰਬੰਧ ਗਹਿਰਾ ਹੁੰਦਾ ਜਾਂਦਾ ਹੈ। ਬਹੁਤ ਵਾਰ ਪਰਵਾਸੀ ਦੀ ਵਤਨ ਵਾਪਸੀ ਦੀ ਇੱਛਾ ਹਮੇਸ਼ਾ ਪਰਵਾਸੀ ਨੂੰ ਭਾਵੁਕਤਾ ਪ੍ਰਦਾਨ ਕਰਦੀ ਹੈ। ਸੰਤੋਖ ਸਿੰਘ ਧੀਰ **ਮੇਰੀ ਇੰਗਲੈਂਡ ਯਾਤਰਾ** ਵਿਚ ਲਿਖਦਾ ਹੈ- ਕਈ ਵਿਚਾਰੇ ਦਸ ਦਸ ਸਾਲ ਸਲਾਹਾਂ ਕਰਦੇ ਰਹਿੰਦੇ ਹਨ ਕਿ ਭਾਰਤ ਫੇਰਾ ਮਾਰਨਾ ਹੈ। ਪਰ ਉਹ ਭਾਗਾਂ ਭਰਿਆ ਦਿਨ, ਰਾਹੀਆਂ ਲਈ ਦੁਮੇਲ ਦੇ ਵਾਂਗੂੰ ਆਉਣ ਵਿਚ ਹੀ ਨਹੀਂ ਆਉਂਦਾ। ਬਾਰਾਂ ਬਾਰਾਂ ਚੌਦਾ ਸਾਲ ਤੱਕ ਹੋ ਜਾਂਦੇ ਹਨ। ਜਦ ਉਹ ਕਦੀ ਆਉਂਦੇ ਹਨ ਤਾਂ ਚਾਰ ਜਾਂ ਛੇਅ ਵੀਕਾਂ ਲਈ ਹੀ ਮੁਸ਼ਕਿਲ ਨਾਲ ਆ ਸਕਦੇ ਹਨ। ਕੋਈ ਹੀ ਕਿਸਮਤ ਵਾਲਾ ਤਿੰਨ ਜਾਂ ਚਾਰ ਜਾਂ ਛੇਅ ਮਹੀਨੇ ਰਹਿੰਦਾ ਹੈ, ਨਹੀਂ ਤਾਂ ਸਿੱਕਾਂ ਸਿਕਦੇ ਆਏ ਨੂੰ ਝੱਟ ਹੀ ਮੁੜਨਾ ਪੈਂਦਾ ਹੈ, ਕਿਉਂਕਿ ਰੋਟੀ ਜਾਂ ਰੋਜ਼ਗਾਰ ਦਾ ਮਸਲਾ ਹੁੰਦਾ ਹੈ।"[4]

ਪਰਵਾਸੀ ਆਪਣੇ ਵਤਨ ਜਦੋਂ ਪੰਦਰਾਂ ਜਾਂ ਵੀਹ ਸਾਲਾਂ ਬਾਅਦ ਜਾਂਦਾ ਹੈ ਤਾਂ ਉਸ ਨੂੰ ਪਰਿਵਰਤਿਤ ਮਾਹੌਲ, ਰਿਸ਼ਤੇਦਾਰਾਂ ਦੀ ਸੋਚ ਤੇ ਰਵੱਈਆ, ਉਨ੍ਹਾਂ ਦੇ ਆਸਾਂ ਦੇ ਪਹਾੜ ਜਦੋਂ ਦਿਖਾਈ ਦਿੰਦੇ ਹਨ ਤਾਂ ਉਸ ਦਾ ਪਰਵਾਸ ਦੇ ਦੌਰਾਨ ਵਤਨ ਦੀ ਤਾਂਘ ਦਾ ਸੁਪਨਾ ਸੱਚ ਨਾਲ ਟਕਰਾ ਕੇ ਟੁੱਟਦਾ ਨਜ਼ਰ ਆਉਂਦਾ ਹੈ। ਅਜਿਹੀ ਮਾਨਸਿਕ ਸਥਿਤੀ ਵਿਚ ਪਰਵਾਸੀ ਆਪਣੇ ਵਤਨ ਵਿਚ ਸਥਾਪਿਤ ਹੋਣ ਦੀ ਥਾਂ ਪਰਵਾਸ ਧਾਰਨ ਨੂੰ ਮੁੜ ਤਰਜੀਹ ਦਿੰਦੇ ਹਨ ਤੇ ਵਤਨ ਦਾ ਪੀੜਤ ਅਹਿਸਾਸ ਲੈ ਕੇ ਮੁੜ ਵਿਦੇਸ਼ ਵਾਪਸ ਪਰਤ ਜਾਂਦੇ ਹਨ। ਇਸ ਪੀੜ ਨਾਲ ਉਹਨਾਂ ਨੂੰ ਅਹਿਸਾਸ ਹੁੰਦਾ ਹੈ ਕਿ ਹਰ ਪਾਸੇ ਸਮਾਜ ਵਿਚ ਤਬਦੀਲੀ ਆਈ ਹੈ ਤੇ ਇਸ ਤਬਦੀਲੀ ਨਾਲ ਰਿਸ਼ਤਿਆਂ ਵਿਚ ਵੀ ਦਿਖਾਈ ਦਿੰਦੀ ਹੈ ਜਿਸ ਨਾਲ ਮਾਨਸਿਕ ਕਸ਼ਟ ਨਾਲ ਮਨੁੱਖ ਨੂੰ ਆਪਣੇ ਨਾਲ ਹੋ ਰਹਿਆਂ ਫਰਕ ਵੀ ਦਿਖਾਈ ਦਿੰਦਾ ਹੈ।

ਦੁਨੀਆ ਕੈਸੀ ਹੋਈ ਨਾਵਲ ਵਿਚ ਮਨੁੱਖ ਜੋ ਆਪਣੀ ਧਰਤੀ ਤੋਂ ਦੂਰ ਰਹਿੰਦੇ ਪੰਜਾਬ ਨੂੰ ਵਾਪਸ ਜਾਣ ਦੀ ਲਾਲਸਾ ਉਹਨਾਂ ਦੇ ਮਨ ਵਿਚ ਹੈ ਕਿ ਉਹ ਕਿਵੇਂ ਆਪਣੀ ਧਰਤੀ ਨੂੰ ਵਾਪਸ ਮੁੜਣ ਉਹਨਾਂ ਦੀ ਇਹ ਇੱਛਾ ਨਾਲ ਉਹਨਾਂ ਦੇ ਮਨ ਵਿਚ ਆਪਣੇ ਦੇਸ਼ ਦੇ ਪ੍ਰਤੀ ਹੋਰ ਵੀ ਮੋਹ ਆਉਂਦਾ ਹੈ ਜਿੱਥੇ ਮਜ਼ਦੂਰ ਆਪਣੀ ਮਿੱਟੀ ਦੇ ਪ੍ਰਤੀ ਮੋਹਤ ਹਨ। ਇੱਥੇ ਪਹਿਲੀ ਪੀੜ੍ਹੀ ਮਜ਼ਬੂਰੀ ਵੱਸ ਇੱਥੇ ਆ ਕੇ ਆਪਣਾ ਸਭ ਕੁਝ ਖੁੱਸਦਾ ਮਹਿਸੂਸ ਕਰਦੀ ਹੈ ਇਸੇ ਹੀ ਕਸ਼ਮਕਸ਼ 'ਚੋ ਉਪਜੀ ਇਕ ਰਚਨਾ ਸੰਘਰਸ਼ਸ਼ੀਲ ਕਾਮਿਆਂ ਦੀ ਗਾਥਾ ਦੇ ਆਪਣਿਆ ਦੇ ਹੱਥੋਂ ਹੀ ਅਪੂਰਣ ਰਹਿਣ ਦਾ ਦੀ ਸੰਕੇਤ ਕਰਦੀ ਹੈ। ਇਹੀ ਕਾਮੇ ਜਿੱਥੇ ਆਪਣੀ ਮਿੱਟੀ ਦੇ ਮੋਹ ਵਿਚ ਬੱਝੇ ਇਕ ਦੂਜੇ ਪ੍ਰਤੀ ਅਪਣੱਤ ਜ਼ਾਹਿਰ ਕਰਦੇ ਹਨ ਉੱਥੇ ਪੂਰਵਲੀ ਸਭਿਆਚਾਰਕ ਸੋਚ ਅਨੁਸਾਰ ਜਮਾਤੀ ਦੁਫੇੜ ਵੀ ਪੈਦਾ ਕਰਦੇ ਹਨ। ਇਸ ਨਾਵਲ ਦਾ ਕੇਂਦਰ ਬਿੰਦੂ ਅਜਿਹੇ ਪਾਤਰ ਬਣਦਾ ਹੈ ਜਿਹੜਾ ਮਜਬੂਰੀ ਵੱਸ ਕੈਨੇਡਾ ਪਹੁੰਚਦਾ ਹੈ ਪਰ ਉਸਦਾ ਮੋਹ ਕਦੇ ਵੀ ਇਸ ਮਿੱਟੀ ਨਾਲ ਨਹੀਂ ਪੈਂਦਾ ਹੈ। ਇਹੀ ਸੰਤਾਪ ਅਜਨਬੀਕਰਨ ਦੀ ਸਮੱਸਿਆ ਨੂੰ ਜਨਮ ਦਿੰਦਾ ਹੈ ਤੇ ਮਨੁੱਖੀ ਹੇਰਵਾ ਉਸ 'ਤੇ ਹਾਵੀ ਹੋ ਜਾਂਦਾ ਹੈ। ਅਜਿਹੇ ਹੇਰਵੇ ਦੀ ਉਪਜ ਹੀ ਇਹ ਨਾਵਲ ਹੈ। ਹਿਜਰਤ ਕਰਨ ਵਾਲੇ ਹਰੇਕ ਮਨੁੱਖ ਲਈ ਪਰਾਈ ਧਰਤੀ ਦਾ ਜੀਵਨ ਜਿਊਣਾ ਸੌਖਾ ਕਾਰਜ ਨਹੀਂ ਪਰ ਲੋੜਾਂ ਦੀ ਪੂਰਤੀ ਹਿੱਤ ਉਹਨਾਂ ਨੂੰ ਮਨ ਮਾਰ ਕੇ ਅਜਿਹੀ ਸਥਿਤੀ ਵਿਚ ਵਿਚਰਨ ਲਈ ਮਜਬੂਰ ਹੋਣਾ ਹੀ ਪੈਂਦਾ ਹੈ। ਕਹਾਣੀਆਂ ਦੀ ਜੁਗਤ ਵਿਚ ਲਿਖਿਆ ਗਿਆ ਇਹ ਨਾਵਲ ਅਜਿਹਾ ਪਾਸਾਰਾ ਹੈ ਜਿਸਦੀ ਹਰੇਕ ਕਹਾਣੀ ਆਪਣਾ ਵੱਖਰਾ ਥੀਮ ਵੀ ਸਿਰਜਦੀ ਹੈ ਅਤੇ ਉਹ ਆਪਣੇ ਪੁੱਤਰਾਂ ਧੀਆਂ ਦੇ ਕਹਿਣ ਤੇ ਪਰਵਾਸ ਜਾਂ ਕਿਸੇ ਮਜਬੂਰੀ ਵੱਸ ਆਏ ਹਨ ਉਹਨਾਂ ਦਾ ਮਨ ਅਜੇ ਵੀ ਆਪਣੇ ਦੇਸ਼ ਲਈ ਧੜਕਦਾ ਹੈ ਉਹ ਅੱਜ ਵੀ ਵਾਪਸ ਜਾਣ ਦੀ ਇੱਛਾ ਰੱਖਦੇ ਹਨ। ਉਹਨਾਂ ਦੀਆ ਗੱਲਾਂ ਵਿਚੋ ਆਪਣੀ ਧਰਤੀ ਦਾ ਮੋਹ ਸਾਫ਼-ਸਾਫ਼ ਝਲਕਦਾ ਹੈ। ਉਹਨਾਂ ਦੀਆਂ ਗੱਲਾਂ ਵਿਚ ਭੂ ਹੇਰਵਾਂ ਦਿਖਾਈ ਦਿੰਦਾ ਹੈ। ਇਹ ਨਾਵਲ ਭਾਵੇਂ ਕੈਨੇਡਾ ਵਿਚ ਕੰਮ ਕਰਦੇ ਖੇਤ ਕਾਮਿਆਂ ਦੀ ਜ਼ਿੰਦਗੀ ਨਾਲ ਸਬੰਧਿਤ ਹੈ ਪਰ ਇਹ ਕਾਮੇ-ਖੇਤੀ ਨਾਲ ਸਬੰਧਿਤ ਹੋਣ ਕਰਕੇ ਇਨ੍ਹਾਂ ਦੀ ਮਾਨਸਿਕਤਾ ਵਿਕਸਿਤ ਸਰਮਾਏਦਾਰੀ ਦੇਸ਼ਾਂ ਵਿਚ ਜਾ ਕੇ ਵੀ ਉਨ੍ਹਾਂ ਸਰੋਕਾਰਾਂ ਨਾਲ ਜੁੜੀ ਰਹਿੰਦੀ ਹੈ ਜੋ ਸਰੋਕਾਰ ਇਥੋਂ ਦੀ ਜੱਟ ਕਿਸਾਨੀ ਨਾਲ ਸਬੰਧਿਤ ਹਨ ਕਿਸਾਨੇ ਤੇ ਮਜ਼ਦੂਰੀ ਕਰਕੇ ਹੋਰ ਜ਼ਮੀਨ ਖ਼੍ਰੀਦਣ ਦੀ ਲਾਲਸਾ ਭਾਰੂ ਹੈ। ਪਰ ਧੀ-ਪੁੱਤਰਾਂ ਦੀ ਲਾਲਸਾ ਕਾਰਨ ਉਹ ਪੰਜਾਬ ਨੂੰ ਜਾਣ ਬਾਰੇ ਸੋਚਦੇ ਹਨ ਪਰ ਉਹਨਾਂ ਦੇ ਬੱਚੇ ਉਹਨਾਂ ਨੂੰ ਜਾਣ ਨਹੀਂ ਦਿੰਦੇ, ਇਸ ਕਾਰਨ ਉਹਨਾਂ ਦੇ ਮਨ ਵਿਚ ਉਦਰੇਵਾਂ ਪੈਂਦਾ ਹੁੰਦਾ ਹੈ।

"ਮੇਰੀ ਤਾਂ ਸਲਾਹ ਸੀ ਕਿ ਦੀਵਾਲੀ ਪੰਜਾਬ ਵਿਚ ਆਪਣੇ ਘਰ ਮਨਾਈਏ ਪਰ ਏਸ ਚੰਦਰੀ ਪਲੇਗ ਨੇ ਈ ਸਾਰਾ ਪ੍ਰੋਗਰਾਮ ਗੜਬੜ ਕਰ ਦਿੱਤਾ। ਮੈਂ ਐਤਕੀ ਯੂ.ਆਈ, ਨਹੀਂ ਲਿਆ ਬਈ ਦੇਸ ਜਾਣੈ। ਮੁੰਡੇ ਨੇ ਟਿਕਟਾਂ ਈ ਕੈਂਸਲ ਕਰਾ ਦਿੱਤੀਆਂ। ਕਹਿੰਦਾ 'ਓਥੇ ਤਾਂ ਲੋਕੀ ਸਿਵਿਆਂ ਨੂੰ ਤੁਰੀ ਜਾਂਦੇ ਐ ਤੇ ਤੁਸੀਂ ਓਧਰ ਨੂੰ ਤੁਰ ਚੱਲੇ ਓ', ਦੀਵਾਲੀ ਮਨਾਉਣ ਦਾ ਚਾਅ ਦਿਲ ਵਿਚ ਹੀ ਰਹਿ ਗਿਆ ਕਿਉਂ ਨਾ ਇਹ ਚਾਅ ਕੱਲ੍ਹ ਨੂੰ ਏਥੇ ਈ ਪੂਰਾ ਕਰੀਏ।"[5]

ਇੰਦਰ ਸਿੰਘ ਹਾਗਕਾਂਗ ਦੀ ਧਰਤੀ ਤੇ ਬੈਠ ਕੇ ਆਪਣੇ ਖੇਤਾਂ ਦੀਆਂ ਗੱਲਾਂ ਕਰਦਾ ਹੈ ਤੇ ਉਹ ਕਲਪਨਾ ਵਿਚ ਹੀ ਹੈ ਉਹ ਆਪਣੇ ਖੇਤਾਂ ਵਿਚ ਘੁੰਮਦਾ ਹੈ ਤੇ ਆਪਣੀ ਧਰਤੀ ਦੀ ਯਾਦ ਉਸ ਨੂੰ ਸਤਾਉਂਦੀ ਹੈ।

"ਇੰਦਰ ਸਿੰਘ ਨੂੰ ਆਪਣੀਆਂ ਅੱਖਾਂ ਅੱਗੇ ਨਿਆਈਂ ਵਾਲੇ ਖੇਤ ਲਹਿ ਲਹਾਉਂਦੇ ਦਿਸ ਰਹੇ ਸਨ। ਉਹ ਕਲਪਨਾ ਵਿਚ ਹੀ ਆਪਣੇ ਖੇਤਾਂ ਦੇ ਬੰਨਿਆਂ ਉੱਪਰ ਤੁਰਨ ਲੱਗ ਪਿਆ ਸੀ।"[6]

ਪਰਵਾਸ ਵਿਚ ਮਨੁੱਖ ਪੈਸੇ ਦੀ ਖਾਤਰ ਜਾਂ ਮੁਸ਼ਿਕਲਾਂ ਦੇ ਕਾਰਨ ਉੱਥੇ ਜਾਂਦਾ ਹੈ ਤੇ ਉਥੇ ਰਹਿ ਕੇ ਵੀ ਉਹ ਆਪਣੀ ਮਿੱਟੀ ਅਤੇ ਉਸਦੇ ਪਿਆਰ ਨਾਲ ਬੱਝਾ ਹੈ ਤੇ ਇਸ ਅਪਣਤ ਦੇ ਕਾਰਨ ਉਸਨੂੰ ਆਪਣੇ ਸੁਪਨਿਆਂ ਤੇ ਹਕੀਕਤ ਵਿਚ ਫਰਕ ਵੀ ਮਹਿਸੂਸ ਨਹੀਂ ਕਰਦਾ ਤੇ ਇਸ ਹਾਲਤ ਵਿਚ ਉਹ ਆਪਣੇ ਦਿਲ ਵਿਚ ਛੁਪੇ ਆਪਣੇ ਖੇਤ ਦਾ ਮੋਹ ਤਿਆਗ ਨਹੀਂ ਪਾਉਂਦਾ ਤੇ ਇਸ ਕਾਰਨ ਉਸ ਦਾ ਆਪਣੀ ਮਿੱਟੀ ਪ੍ਰਤੀ ਹੇਰਵਾਂ ਪੈਦਾ ਹੁੰਦਾ ਹੈ।

**ਪੀੜ੍ਹੀ-ਪਾੜਾ**

ਸਮਾਜ ਵਿਚ ਰਹਿੰਦਿਆ ਮਨੁੱਖ ਦੀਆਂ ਦੋ ਪੀੜ੍ਹੀਆਂ ਵਿਚਕਾਰ ਵਿਚਾਰਧਰਾਈ ਪੱਧਰ ਤੇ ਆਏ ਫ਼ਰਕ ਨੂੰ ਪੀੜ੍ਹੀ-ਪਾੜਾ ਕਿਹਾ ਜਾਂਦਾ ਹੈ ਇਹ ਫ਼ਰਕ ਸੋਚ, ਕਦਰਾਂ-ਕੀਮਤਾਂ ਅਤੇ ਵਿਚਾਰਾਂ ਦਾ ਫ਼ਰਕ ਹੁੰਦਾ ਹੈ। ਪਹਿਲੀ ਪੀੜ੍ਹੀ ਦੇ ਵਿਚਾਰ, ਸੋਚ ਵਿਸ਼ਵਾਸ ਅਤੇ ਨੈਤਿਕ ਮੁੱਲ ਦੂਜੀ ਪੀੜ੍ਹੀ ਨਾਲ ਮੇਲ ਨਹੀਂ ਖਾਂਦੇ ਪਹਿਲੀ ਪੀੜ੍ਹੀ ਦੂਜੀ ਪੀੜ੍ਹੀ ਵਰਤਮਾਨ ਵਿਚ ਵਿਚਰਦੀ ਹੋਈ ਭਵਿੱਖ ਨਾਲ ਸਬੰਧਿਤ ਹੁੰਦੀ ਹੈ। ਇਹ ਫ਼ਰਕ ਪਰੰਪਰਾ ਅਤੇ ਭਵਿਖਮਈ ਪ੍ਰਗਤੀ ਦਾ ਫ਼ਰਕ ਹੁੰਦਾ ਹੈ ਪਹਿਲੀ ਪੀੜ੍ਹੀ ਦੇ ਪੰਜਾਬੀਆਂ ਨੇ ਅੱਧੀ ਉਮਰ ਪੰਜਾਬ ਵਿਚ ਬਤੀਤ ਕੀਤੀ ਹੁੰਦੀ ਹੈ ਅਤੇ ਸਮਾਜ ਅਤੇ ਜਗੀਰੂ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਵਿਚ ਗੁਜ਼ਾਰੀ ਹੁੰਦੀ ਹੈ। ਦੋਹਾਂ ਪੀੜ੍ਹੀਆਂ ਵਿਚ ਪਰਵਾਸ ਧਾਰਨ ਕਰਨ ਨਾਲ ਉਹਨਾਂ ਵਿਚ ਪੀੜ੍ਹੀ ਪਾੜੇ ਦੀ ਸਮੱਸਿਆ ਪੈਦਾ ਹੁੰਦੀ ਹੈ। ਪੱਛਮੀ ਚਕਾ-ਚੋਂਧ ਨਾਲ ਸਮੋਈ ਹੋਈ ਜ਼ਿੰਦਗੀ ਲਈ ਖਿੱਚ ਦਾ ਵੱਡਾ ਕਾਰਨ ਪੰਜਾਬੀਆਂ 'ਚ ਵਿਕਸਿਤ ਹੋ ਰਿਹਾ ਹੈ ਉਪਭੋਗਵਾਦੀ ਨਜ਼ਰੀਆਂ ਹੈ ਅੱਯਾਸ਼ੀ, ਐਸ਼ ਪ੍ਰਸਤੀ ਵਾਲੀ ਜ਼ਿੰਦਗੀ ਪ੍ਰਤੀ ਲੋਕਾਂ ਦੀ ਖਿੱਚ ਦਾ ਕੇਂਦਰ ਹੈ। ਨਾਵਲ ਦੁਨੀਆਂ ਕੈਸੀ ਹੋਈ ਨਾਵਲ ਦੇ ਪਾਤਰਾਂ ਵਿਚ ਇਹ ਪਾੜਾ ਸਪੱਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਜਸਮੇਲ ਕੌਰ ਨੇ ਆਪਣਾ ਅੱਧਾ ਜੀਵਨ ਪੰਜਾਬ ਵਿੱਚ ਬਤੀਤ ਕੀਤਾ। ਉਸਦੀ ਨੂੰਹ ਦੀ ਇਹ ਇੱਛਾ ਕਿ ਉਸਦੀ ਸੱਸ ਸਲਵਾਰ ਕਮੀਜ਼ ਦੀ ਥਾਂ ਪੈਂਟ ਕਮੀਜ਼ ਪਾ ਕੇ ਬਾਹਰ ਜਾਵੇ ਤਾਂ ਜੋ ਉੱਥੋਂ ਦੇ ਸੱਭਿਆਚਾਰ ਅਨੁਸਾਰ ਸਹੀ ਕੱਪੜੇ ਹਨ ਪਰ ਜਸਮੇਲ ਕੌਰ ਨੂੰ ਇਹ ਪਹਿਰਾਵਾ ਚੰਗਾ ਨਾ ਲੱਗਦਾ।

"ਮਾਂ ਜੀ, ਘਰ ਵਿੱਚ ਜਿਵੇਂ ਮਰਜ਼ੀ ਕਰੋ। ਬਾਹਰ ਨਿਕਲਣ ਸਮੇਂ ਇੱਥੋਂ ਦੇ ਸਭਿਆਚਾਰ ਅਨੁਸਾਰ ਕੱਪੜੇ ਪਹਿਨਣੇ ਚਾਹੀਦੇ ਹਨ। ਤੁਹਾਨੂੰ ਆਪਣਾ ਨਹੀਂ ਖਿਆਲ ਤਾਂ ਸਾਡੀ ਇੱਜ਼ਤ ਦਾ ਹੀ ਖਿਆਲ ਕਰ ਲਿਆ ਕਰੋ।"[7]

ਪਰਵਾਸੀਆਂ ਅੰਦਰ ਪੀੜ੍ਹੀ ਪਾੜੇ ਦੇ ਉਪਜਣ ਦਾ ਇਕੋ-ਇਕ ਕਾਰਨ ਬਾਹਰਲੇ ਮੁਲਕਾਂ ਦੀ ਜੰਮਪਲ ਪੀੜ੍ਹੀ ਦੀ ਸੋਚ ਦੀ ਸੁਰ ਦਾ ਟਕਰਾਓਮਈ ਹੋਣਾ ਹੈ। ਸੁਖਦੇਵ ਤੇ ਦਰਸ਼ਨਾ ਦੀ ਲੜਕੀ ਪੰਮ ਆਪਣੇ ਬਚਪਨ ਦੇ ਸਾਥੀ ਅਨੂਪ ਨੂੰ ਪਸੰਦ ਕਰਦੀ ਹੈ। ਉਸ ਨਾਲ ਵਿਆਹ ਕਰਵਾਉਣ ਦੀ ਇੱਛਾ ਵੀ ਰੱਖਦੀ ਹੈ ਪਰ ਭਾਰਤੀ ਮਾਨਸਿਕਤਾ ਨੂੰ ਪ੍ਰਣਾਏ ਮਾਪਿਆਂ ਨੂੰ ਇਹ ਗੱਲ ਹਜ਼ਮ ਨਹੀਂ ਆਉਂਦੀ ਕਿ ਪੰਮ ਕਿਸੇ ਰਵਦਾਸੀਏ ਜਾਤੀ ਦੇ ਮੁੰਡੇ ਨਾਲ ਅਜਿਹਾ ਸੰਬੰਧ ਜੋੜੇ। ਜਦੋਂ ਇਹ ਗੱਲ ਘਰ ਵਿੱਚ ਕਲੇਸ਼ ਦਾ ਕਾਰਨ ਬਣ ਜਾਂਦੀ ਹੈ ਤਾਂ ਕੁਝ ਸਮੇਂ ਬਾਅਦ ਅਨੂਪ ਦਾ ਕਤਲ ਹੋ ਜਾਂਦਾ ਹੈ। ਕਾਤਲਾਂ ਨੇ ਇਸਨੂੰ ਹਾਦਸਾ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਪੰਮ ਨੂੰ ਪੂਰਾ ਯਕੀਨ ਹੈ ਕਿ ਇਹ ਕਾਰਾ ਉਸਦੇ ਮਾਸੀ ਦੇ ਮੁੰਡੇ ਬੌਬੀ ਨੇ ਹੀ ਇਹ ਸਭ ਕੀਤਾ ਹੈ। ਯੂਨੀਵਰਸਿਟੀ ਦੀ ਸ਼ੋਕ ਸਭਾ ਸਮੇਂ ਪੰਮ ਆਪਣੀ ਸਹੇਲੀ ਰਿਚੀ ਨੂੰ ਦਸਦੀ ਹੈ-

"ਤੂੰ ਸਾਡੀ ਜਾਤੀ ਦੇ ਲੋਕਾਂ ਦੀ ਫ਼ਿਤਰਤ ਨੂੰ ਨਹੀਂ ਜਾਣਦੀ ਕਿ ਪਿਆਰ ਦੇ ਮਾਮਲੇ ਵਿੱਚ ਉਨ੍ਹਾਂ ਦੀ ਸੋਚ ਕਿੰਨੀ ਸੌੜੀ ਹੈ। ਤੁਸੀਂ ਆਪਣੇ ਮਿੱਤਰ ਮੁੰਡਿਆਂ ਨਾਲ ਬੇਫ਼ਿਕਰ ਹੋ ਕੇ ਰਹਿ ਸਕਦੀਆਂ ਹੋ ਪਰ ਸਾਡੀ ਜਾਤੀ ਦੇ ਮਾਪੇ ਤਾਂ ਵਿਆਹ ਤੋਂ ਪਹਿਲਾਂ ਕਿਸੇ ਮੁੰਡੇ ਨਾਲ ਗੱਲ ਕਰਨਾ ਵੀ ਸਹਿਣ ਨਹੀਂ ਕਰ ਸਕਦੇ ਤੇ ਉਹ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਨੇ ਕਿ ਉਨ੍ਹਾਂ ਦੀ ਕੁੜੀ ਕਿਸੇ ਨੀਵੀਂ ਜਾਤ ਦੇ ਮੁੰਡੇ ਨਾਲ ਪਿਆਰ ਕਰਨ ਦੀ ਦਲੇਰੀ ਕਰੇ।"[8]

ਪੰਮ ਦੀ ਇਹ ਵਾਰਤਾਲਾਪ ਸਮੁੱਚੀ ਪੰਜਾਬੀ ਕੌਮ ਦੀ ਮਾਨਸਿਕਤਾ ਦੀ ਪੇਸ਼ਕਾਰੀ ਕਰ ਜਾਂਦੀ ਹੈ। ਅੱਜ ਵੀ ਸਾਡੇ ਸਮਾਜ ਵਿਚ ਜਾਤ-ਪਾਤ ਦਾ ਬੋਲਬਾਲਾ ਹੈ ਭਾਵੇਂ ਸਮਾਜ ਜਿਹਨਾਂ ਮਰਜ਼ੀ ਤਰੱਕੀ ਕਰ ਲਵੇ ਉਹਨਾਂ ਦੇ ਅੰਦਰ ਅੱਜ ਵੀ ਨੀਵੀਂ ਜਾਤ ਦੇ ਪ੍ਰਤੀ ਕੋਈ ਚੰਗੀ ਭਾਵਨਾ ਨਹੀਂ ਹੈ।

**ਰਿਸ਼ਤਿਆਂ ਵਿਚ ਤਣਾਓ**

ਪੰਜਾਬ ਦਰਿਆਵਾਂ ਦੀ ਧਰਤੀ ਹੈ ਇੱਥੇ ਰਹਿੰਦੇ ਮਨੁੱਖ ਦੇ ਦਿਲ ਵੀ ਖੁੱਲ੍ਹੇ ਹਨ ਤੇ ਇਸ ਖੁੱਲ੍ਹੇ-ਡੁੱਲ੍ਹੇ ਦਿਲ ਕਾਰਨ ਉਹ ਨਵੀਆਂ ਧਰਤੀਆਂ ਦੀ ਤਾਲਾਸ਼ ਵਿਚ ਰਹਿੰਦੇ ਹਨ ਪੰਜਾਬੀਆਂ ਦਾ ਇਕ ਹਿੱਸਾ ਪਰਵਾਸ ਕਰਕੇ ਵਿਦੇਸ਼ਾਂ ਵਿਚ ਜੀਵਨ ਬਤੀਤ ਕਰਦਾ ਹੈ ਤੇ ਦੂਜੇ ਦੇਸ਼ ਵਿਚ ਜਾ ਕੇ ਆਪਣੀ ਹੋਂਦ ਨੂੰ ਸਥਾਪਿਤ ਕਰਦਾ ਹੈ। ਪੈਸੇ ਦੀ ਦੌੜ ਨਾਲ ਮਨੁੱਖੀ ਰਿਸ਼ਤਿਆਂ ਵਿਚ ਫ਼ਿਕ ਪੈਦਾ ਹੈ ਤੇ ਨਾਲ ਰਿਸ਼ਤਿਆਂ ਵਿਚ ਗਿਰਾਵਟ ਆਉਂਦੀ ਹੈ। ਪਰਵਾਸੀ ਪੰਜਾਬੀ ਸਾਹਿਤ ਵਿਚ ਹੀ ਸਭਿਆਚਾਰ ਤਣਾਉ ਦਾ ਇਕ ਅਹਿਮ ਪਾਸਾਰ ਮਾਨਵੀ ਰਿਸ਼ਤਿਆਂ ਵਿਚ ਆ ਰਿਹਾ ਤਣਾਉ ਹੈ। ਪਤੀ-ਪਤਨੀ, ਮਾਪੇ-ਬੱਚੇ, ਭੈਣ-ਭਰਾ, ਆਦਿ ਦੇ ਰਿਸ਼ਤਿਆਂ ਵਿਚ ਪੰਜਾਬੀ ਭਾਈਚਾਰਕ ਰਿਸ਼ਤਿਆਂ ਵਾਲਾ ਮੋਹ ਅਤੇ ਨਿੱਘ ਨਹੀਂ ਰਹਿ ਗਿਆ। ਪੂੰਜੀਵਾਦ ਵਿਚ ਪੈਸੇ ਦੀ ਅਹਿਮ ਭੂਮਿਕਾ ਹੈ ਤੇ ਪੈਸਾ ਪ੍ਰਮੁੱਖ ਹੈ। ਇਹਨਾਂ ਵਿਚ ਆਪਸੀ ਟਕਰਾਰ ਕਾਰਨ ਰਿਸ਼ਤਿਆਂ ਵਿਚ ਤਣਾਅ ਪੈਦਾ ਹੋ ਜਾਂਦਾ ਹੈ। ਬੇਗਾਨੇ ਨਾਵਲ ਵਿਚ ਜਦੋਂ ਹਰਬੰਸ ਸਿੰਘ ਨਾਂ ਦੇ ਪਾਤਰ ਦੇ ਪਿਤਾ ਦੀ ਮੌਤ ਤੋਂ ਬਾਅਦ ਉਸਦਾ ਚਾਚਾ ਉਹਨਾਂ ਦੀ ਜ਼ਮੀਨ ਨੂੰ ਖੋਹਣ ਦੇ ਲਾਲਚ ਵਿਚ ਆ ਕੇ ਚੰਗੀ ਜ਼ਮੀਨ ਆਪ ਲੈ ਗਿਆ ਪਰ

ਉਸਦੀਆਂ ਚਾਲਾਂ ਨਹੀਂ ਚੱਲੀਆਂ। ਪਰ ਉਹਨਾਂ ਦੇ ਰਿਸ਼ਤੇ ਵਿਚ ਇਕ ਜ਼ਮੀਨ ਦੇ ਟੁੱਕੜੇ ਨਾਲ ਤਣਾਓ ਜਰੂਰ ਪੈਂਦਾ ਹੋ ਗਿਆ।

> "ਪਾਪਾ ਜੀ ਤੋਂ ਮੌਤ ਤੋਂ ਬਾਅਦ ਜਦੋਂ ਅਸੀਂ ਜ਼ਮੀਨ ਦਾ ਇੰਤਕਾਲ ਆਪਣੇ ਨਾਂ ਕਰਵਾ ਲਿਆ ਤਾਂ ਅਸੀਂ ਜ਼ਮੀਨ ਦੀ ਵੰਡ ਵੰਡਾਈ ਦੀ ਦਰਖ਼ਾਸਤ ਵੀ ਦੇ ਦਿੱਤੀ। ਚਾਚਾ ਪਟਵਾਰੀ ਨਾਲ ਮਿਲ ਕੇ ਟਿਊਬਵੈਲ ਵਾਲਾ ਵਧੀਆ ਟੱਕ ਆਪਣੇ ਨਾਮ ਕਰਵਾ ਲਿਆ। ਬਾਹਰ ਫਿਰਨੀ 'ਤੇ ਸਾਂਝੇ ਪਲਾਟ ਉਪਰ ਉਸ ਕਬਜ਼ਾ ਕੀਤਾ ਹੋਇਆ ਸੀ ਪਰ ਜਿਹੜਾ ਚਾਰ ਕਨਾਲਾਂ ਦਾ ਪਲਾਟ ਸਾਡੇ ਪਾਪਾ ਜੀ ਨੇ ਅੱਡ ਹੋਣ ਮਗਰੋਂ ਆਪ ਖਰੀਦਿਆ ਸੀ ਉਸ 'ਤੇ ਵੀ ਕਬਜ਼ਾ ਕਰਨਾ ਚਾਹੁੰਦਾ ਸੀ...............ਫਿਰ ਤਾਂ ਸਾਡਾ ਸਕਾ ਚਾਚਾ ਹੀ ਸਾਡਾ ਵੈਰੀ ਬਣ ਗਿਆ ਤੇ ਸਾਨੂੰ ਮਾਰ ਦੇਣ ਦੀਆਂ ਧਮਕੀਆਂ 'ਤੇ ਉੱਤਰ ਆਇਆ।"[9]

ਬੇਗਾਨੇ ਨਾਵਲ ਵਿਚ ਦੋ ਭਰਾਵਾਂ ਦੇ ਮਨ ਵਿਚ ਉਦੋਂ ਦਰਾਰ ਪੈ ਗਈ ਸੀ ਜਦੋਂ ਹਰਚਰਨ ਨੇ ਆਪਣੇ ਛੋਟੇ ਭਰਾ ਹਰਬੰਸ ਲਈ ਆਪਣੇ ਦੋਸਤ ਦੀ ਭੈਣ ਦਾ ਰਿਸ਼ਤਾ ਪੱਕਾ ਕੀਤਾ ਸੀ ਪਰ ਨਸੀਬ ਨਾਲ ਬਿਨਾਂ ਉਸ ਦੀ ਮਰਜ਼ੀ ਦੇ ਵਿਆਹ ਕਰਨ ਨਾਲ। ਹਰਬੰਸ ਤੇ ਹਰਚਰਨ ਦੇ ਰਿਸ਼ਤੇ ਵਿਚ ਅਸਰ ਪੈ ਗਿਆਹਰਚਰਨ ਨੂੰ ਆਪਣੇ ਦੋਸਤ ਦੇ ਸਾਹਮਣੇ ਸ਼ਰਮਸਾਰ ਹੋਣਾ ਪਿਆ ਸੀ। ਉਹ ਇਸ ਕਰਕੇ ਦੋਵੇ ਭਰਾ ਬਹੁਤੀ ਗੱਲ ਨਹੀਂ ਸੀ ਕਰਦੇ।

**ਸੱਭਿਆਚਾਰਕ ਤਣਾਅ**

ਸੱਭਿਆਚਾਰਕ ਕਿਸੇ ਸਮਾਜ ਦੀ ਜਾਨ ਹੁੰਦਾ ਹੈ। ਹਰ ਸਮੂਹ ਦਾ ਸੱਭਿਆਚਾਰ ਵੱਖ ਹੁੰਦਾ ਹੈ ਜੋ ਉਸ ਨੂੰ ਬਾਕੀਆਂ ਨਾਲੋਂ ਵੱਖ ਕਰਦਾ ਹੈ। ਹਰੇਕ ਸੱਭਿਆਚਾਰ ਦਾ ਆਪਣਾ ਖਾਣ-ਪੀਣ, ਰਹਿਣ-ਸਹਿਣ, ਪਹਿਨਣ, ਭਾਸ਼ਾ, ਰੀਤੀ-ਰਿਵਾਜ, ਧੰਦੇ ਆਦਿ ਦਾ ਵਿਧਾਨ ਹੁੰਦਾ ਹੈ, ਜਦੋਂ ਸੱਭਿਆਚਾਰਾਂ ਵਿਚ ਵੱਖਰਤਾ ਹੁੰਦੀ ਹੈ ਤਾਂ ਇਹਨਾਂ ਵਿਚ ਤਣਾਓ ਵੀਦਿਖਾਈ ਦਿੰਦਾ ਹੈ। ਪਰਵਾਸ ਵਿਚ ਰਹਿ ਰਹੀ ਪਹਿਲੀ ਪੀੜ੍ਹੀ ਪੰਜਾਬ ਦੇ ਸੱਭਿਆਚਾਰ ਨੂੰ ਤਿਆਗਦੀ ਨਹੀਂ ਅਤੇ ਦੂਸਰੀ ਤੀਸਰੀ ਪੀੜ੍ਹੀ ਪੰਜਾਬੀ ਸੱਭਿਆਚਾਰ ਨੂੰ ਅਪਣਾਉਂਦੀ ਨਹੀਂ ਜਿਸ ਕਾਰਨ ਉਹਨਾਂ ਵਿਚ ਓਣਾਓ ਪੈਦਾ ਹੁੰਦਾ ਹੈ। ਜਿਵੇਂ ਜਸਮੇਲ ਕੌਰ ਆਪਣੀ ਪੋਤੀ ਨੂੰ ਪੰਜਾਬ ਨਾਲ ਜੋੜੀ ਰੱਖਣਾ ਚਾਹੁੰਦੀ ਹੈ ਪਰ ਉਹ ਪੱਛਮੀ ਸੱਭਿਆਚਾਰ ਵਿਚ ਰਚ ਮਿਚ ਗਈ ਹੈ। ਕੁੜੀ ਦੇ ਪਹਿਰਾਵੇ ਨੂੰ ਦੇਖ ਕੇ ਜਸਮੇਲ ਕੌਰ ਤੋਂ ਰਹਿ ਨਾ ਹੋਇਆ। ਟੋਕਦੇ ਹੋਏ ਉਹ ਕਹਿਣ ਲੱਗੀ, "ਕੁੜੇ, ਕੋਈ ਚੱਜ ਦੇ ਕੱਪੜੇ ਪਾ ਕੇ ਬਾਹਰ ਜਾਈਦਾ ਐ, ਏਸ ਕਮੀਜ਼ ਨਾਲ ਪੈਂਟ ਪਾ ਲੈਂਦੀ, ਨਹੀਂ ਪੈਂਟ ਪੌਣੀ ਸੀ ਤਾਂ ਕਮੀਜ਼ ਦੀ ਥਾਂ ਸਕਰਟ ਪਾ ਲੈਂਦੀ। ਏਸ ਤਰ੍ਹਾਂ ਬਾਹਰ ਜਾਂਦੇ ਸੁਹਣੇ ਨਹੀਂ ਲਗਦੇ, ਸਾਊ ਘਰਾਂ ਦੇ ਧੀਆਂ ਪੁੱਤ।"[10]

**ਮਾਨਸਿਕ ਤਣਾਉ**

ਦੁਨੀਆ ਕੈਸੀ ਹੋਈ ਨਾਵਲ ਪਰਵਾਸੀ ਜਨਜੀਵਨ ਦਾ ਬਿਆਨ ਕੀਤਾ ਗਿਆ ਹੈ। ਇਸ ਨਾਵਲ ਵਿਚ ਵਿਭਿੰਨ ਪਾਤਰਾਂ ਨੂੰ ਬੇਰੀਆਂ ਤੋੜਨ ਸਮੇਂ ਭਾਵੇ ਸਰੀਰਕ ਔਖਿਆਈ ਜ਼ਿਆਦਾ ਨਹੀਂ ਮਹਿਸੂਸ ਹੁੰਦੀ ਕਿਉਂ ਜੋ ਪੰਜਾਬ ਵਿਚ ਵੀ ਖੇਤੀਬਾੜੀ ਆਧਾਰਿਤ ਅਰਥਚਾਰਾ ਹੋਣ ਕਰਕੇ ਇਨ੍ਹਾਂ ਕੋਲ ਖੇਤਾਂ ਵਿਚ ਸਖ਼ਤ ਸਰੀਰਕ ਮਿਹਨਤ ਕਰਨ ਦਾ ਕਾਫ਼ੀ

ਤਜਰਬਾ ਹੁੰਦਾ ਹੈ ਅਤੇ ਕੈਨੇਡਾ ਵਿਚ ਉਨ੍ਹਾਂ ਨੂੰ ਫ਼ਾਰਮਾਂ ਵਿਚ ਬੇਰੀਆਂ ਤੋੜਨ ਦਾ ਕੰਮ ਮਿਲਦਾ ਹੈ ਤਾਂ ਪੰਜਾਬ ਦੇ ਖੇਤੀ ਦੇ ਕੰਮਾਂ ਦੀ ਤੁਲਨਾ ਵਿਚ ਬੱਚਿਆਂ ਦੀ ਖੇਡ ਜਾਪਦਾ ਹੈ। ਮਾਨਸਿਕ ਪੱਖ ਤੋਂ ਬਹੁਤ ਜ਼ਿਆਦਾ ਪੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਬੇਰੀਆਂ ਤੋੜਨ ਤੇ ਉਹਨਾਂ ਨੂੰ ਨਿਗੁਣੇਪਨ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਉਥੇ ਨਾਲ ਹੀ ਉਹਨਾਂ ਨੂੰ ਅਜਿਹੇ ਕਰਦੇ ਹੋਏ ਆਪਣੀ ਪੰਜਾਬ ਵਿਚ ਪੀੜ੍ਹੀ ਦਰ ਪੀੜ੍ਹੀ ਕਮਾਈ ਉੱਚੀ ਸ਼ਾਨ ਦੇ ਗੁੰਮ ਹੋ ਜਾਣ ਦਾ ਖਦਸ਼ਾ ਪੈਦਾ ਹੋ ਜਾਂਦਾ ਹੈ ਜੋ ਉਹਨਾਂ ਲਈ ਸਹਿਣਾ ਮੁਸ਼ਕਿਲ ਹੈ। ਜਿਸ ਕਰਕੇ ਭਾਵੇਂ ਉਹ ਸਰੀਰਕ ਤੌਰ ’ਤੇ ਬੇਰੀਆਂ ਤੋੜ ਰਹੇ ਹਨ ਪਰ ਮਾਨਸਿਕ ਤੌਰ ’ਤੇ ਟੁੱਟੇ ਹੋਏ ਹਨ। ਦੁਨੀਆ ਕੈਸੀ ਹੋਈ ਨਾਵਲ ਵਿਚ ਚੜਤ ਸਿੰਘ ਤੇ ਜਗਤਾਰ ਸਿੰਘ ਅਜਿਹੇ ਹੀ ਪਾਤਰ ਹਨ, ਪੰਜਾਬ ਵਿਚ ਜ਼ਮੀਨਾਂ ਦੇ ਮਾਲਕ ਹਨ ਅਤੇ ਕੈਨੇਡਾ ਵਿਚ ਆ ਕੇ ਬੇਰੀਆਂ ਤੋੜ ਰਹੇ ਹਨ ਜਿਸ ਕਾਰਨ ਉਹ ਕੈਨੇਡਾ ਵਿਚ ਆ ਕੇ ਮਜ਼ਦੂਰ ਬਣ ਜਾਂਦੇ ਹਨ। ਇਹ ਹੀ ਸਮੱਸਿਆ ਉਹਨਾਂ ਦੀ ਮਾਨਸਿਕ ਪ੍ਰੇਸ਼ਾਨੀ ਦਾ ਕਾਰਣ ਬਣ ਜਾਂਦੀ ਹੈ। ਕੈਨੇਡਾ ਵਰਗੇ ਅਤਿ ਵਿਕਸਤ ਦੇਸ਼ ਵਿਚ ਪੜ੍ਹਾਈ-ਲਿਖਾਈ ਤੋਂ ਵਧੇਰੇ ਹੱਥੀਂ ਕੰਮ ਵਿਚ ਮੁਹਾਰਤ ਹਾਸਲ ਕਰਨ ਵਾਲੇ ਦੀ ਵਧੇਰੇ ਕਦਰ ਪੈਂਦੀ ਹੈ ਪਰ ਜਦੋਂ ਪੜ੍ਹੇ ਲਿਖੇ ਪਾਤਰ ਜਗਤਾਰ ਸਿੰਘ ਦੇ ਸਾਹਮਣੇ ਆਉਂਦੀ ਹੈ ਤਾਂ ਉਹ ਦੁਚਿੱਤੀ ਵਿਚ ਪੈ ਜਾਂਦੇ ਹਨ ਕਿਉਂਕਿ ਪੰਜਾਬ ਵਿਚ ਕੀਤੀ ਪੜ੍ਹਾਈ ਦੇ ਬਲਬੂਤੇ ਉਹ ਕੈਨੇਡਾ ਵਿਚ ਕੋਈ ਚੰਗੀ ਨੌਕਰੀ ਪ੍ਰਾਪਤ ਕਰਨਾ ਚਾਹੁੰਦੇ ਸਨ ਪਰ ਉਹਨਾਂ ਨੂੰ ਵੀ ਦੂਜੇ ਮਜ਼ਦੂਰਾਂ ਵਾਂਗ ਖੇਤਾਂ ਵਿਚ ਬੇਰੀਆਂ ਹੀ ਤੋੜਨੀਆਂ ਪੈਂਦੀਆਂ ਹਨ-“ਦੇਸੋਂ ਬੜੀਆਂ ਆਸਾਂ ਤੇ ਉਮੰਗਾਂ ਲੈ ਕੇ ਤੁਰਿਆ ਸੀ ਕਿ ਕੈਨੇਡਾ ਜਾ ਕੇ ‘ਅਹਿ ਕਰਾਂਗਾ, ਅਹੁ ਕਰਾਂਗਾ’ ਐਮ.ਏ.ਪੜ੍ਹੇ ਨੂੰ ਨੌਕਰੀਆਂ ਦਾ ਕੀ ਘਾਟਾ ਏ? ਇਹ ਆਸ ਲੈ ਕੇ ਤੁਰਿਆ ਸੀ ਕਿ ਜਾਂਦਿਆਂ ਹੀ ਕਿਸੇ ਸਕੂਲ ਵਿਚ ਨੌਕਰੀ ਕਰ ਲਵਾਂਗਾ। ਸੁਣਿਆ ਸੀ ਕਿ ਉਥੇ ਵੀ ਪੰਜਾਬੀਆਂ ਦੇ ਕਈ ਸਕੂਲ ਹਨ। ਜੇ ਫੈਕਟਰੀ ਜਾਂ ਕਿਸੇ ਹੋਰ ਬਿਜ਼ਨਸ ਵਿਚ ਹਿਸਾਬ-ਕਿਤਾਬ ਰੱਖਣ ਤੇ ਹੋ ਜਾਵਾਂਗਾ। ਪਰ ਜ਼ਹਾਜ ਉਤਰਦਿਆਂ ਹੀ ਪਤਾ ਲੱਗ ਗਿਆ ਕਿ ਇੱਥੇ ਡਿਗਰੀਆਂ ਨੂੰ ਕੋਈ ਨਹੀਂ ਪੁੱਛਦਾ। ਤੁਹਾਨੂੰ ਕਿਸੇ ਕੰਮ ਬਾਰੇ ਪ੍ਰੈਕਟੀਕਲ ਜਾਣਕਾਰੀ ਕਿੰਨੀ ਹੈ, ਉਸੇ ਦੀ ਕਦਰ ਹੈ। ਦੂਜੇ, ਬੋਲੀ ਦੀ ਸਮੱਸਿਆ ਆਉਂਦੀ ਹੈ।”[11]

ਸੇਖਾ ਨੇ ਚੜਤ ਸਿੰਘ ਪਾਤਰ ਰਾਹੀਂ ਉਨ੍ਹਾਂ ਪਰਵਾਸੀ ਪੰਜਾਬੀ ਬਜ਼ੁਰਗਾਂ ਦੇ ਦੁਖੀ ਹਿਰਦਿਆਂ ਦੀ ਬਾਤ ਪਾਉਣ ਦਾ ਜਤਨ ਕੀਤਾ ਹੈ ਜਿਹੜੇ ਪੰਜਾਬ ਵਿਚ ਆਪਣੇ ਚੰਗੇ ਸਮਾਜਿਕ ਤੇ ਆਰਥਕ ਰੁਤਬੇ ਕਾਰਨ ਉੱਚ ਪੱਧਰ ਦਾ ਜੀਵਨ ਜਿਉਂਦੇ ਹਨ ਪਰ ਕੈਨੇਡਾ ਵਿਚ ਆ ਕੇ ਆਪਣੇ ਧੀਆਂ ਪੁੱਤਰਾਂ ਹੱਥੋਂ ਚੱਲਦੀ ਫ਼ਿਰਦੀ ਮਸ਼ੀਨ ਬਣਨ ਲਈ ਮਜਬੂਰ ਹੋ ਜਾਂਦੇ ਹਨ। ਉਹ ਆਪਣੀ ਮਾਤ-ਭੂਮੀ ਉੱਤੇ ਹੰਢਾਏ ਠਾਠ-ਬਾਠ ਦੇ ਜੀਵਨ ਦੀ ਤੁਲਨਾ ਉੱਥੋਂ ਨਾਲ ਕਰਦੇ ਹਨ ਤਾਂ ਉਹਨਾਂ ਦਾ ਆਪਣੀ ਧਰਤੀ ਪ੍ਰਤੀ ਉਦਰੇਵੇਂ ਤੋਂ ਬਿਨਾਂ ਕੁਝ ਹੋਰ ਪ੍ਰਾਪਤ ਨਹੀਂ ਹੁੰਦਾ। ਚੜਤ ਸਿੰਘ ਦੀ ਜਿੰਦ-ਜਾਨ ਉਸ ਦੀ ਪੰਜਾਬ ਵਿਚਲੀ ਜੱਦੀ ਜ਼ਮੀਨ ਸੀ ਜਿਸ ਨਾਲ ਉਸ ਅੰਤਾਂ ਦਾ ਮੋਹ ਸੀ, ਜਿਹੜੀ ਹੁਣ ਧੀ-ਜਵਾਈ ਦੀ ਜਿੱਦ ਕਾਰਨ ਵਿੱਕ ਚੁੱਕੀ ਹੈ ਅਤੇ ਚੜਤ ਸਿੰਘ ਇਸ ਕਾਰਨ ਮਾਨਸਿਕ ਤੌਰ ਬੁਰੀ ਤਰ੍ਹਾਂ ਟੁੱਟ ਚੁੱਕਿਆ ਹੈ।

> “ਨਹੀਂ, ਮੇਰੀ ਉਮਰ ਅਜੇ ਪਹਿੰਟ ਸਾਲ ਨਹੀਂ ਹੋਈ। ਊਂ ਸਰੀਰ ਈ ਵਡੇਰਾ ਲਗਦੈ। ਜ਼ਮੀਨ ਵਿਕਣ ਮਗਰੋਂ ਪਤਾ ਨਹੀਂ ਸਰੀਰ ਨੂੰ ਕੀ ਹੋ ਗਿਆ ਬੱਸ ਇਕਦਮ ਰਹਿ ਜੇਹਾ ਗਿਆ। ਬਾਹਲਾ ਈ ਬੁੱਢਾ ਜਿਹਾ ਹੋ ਗਿਐ ਚਿੱਤ। ਮਨ ਨੂੰ ਬੜਾ ਸਮਝਾਈਦੈ ਕਿ ਜੱਦੀ ਜ਼ਮੀਨ ਐ, ਘਰ ਵਿਚ ਈ ਰਹੀ ਐ।

ਪਰ ਫਿਰ ਵੀ ਸੋਚ ਸੋਚ ਕੇ ਉਦਰੇਵਾਂ ਜਿਹਾ ਹੁੰਦੈ। ਏਨੀ ਆਖ ਉਹ ਚੁੱਪ ਹੋ ਗਿਆ ਅਤੇ ਉਸ ਦੀਆਂ ਅੱਖਾਂ ਵਿਚ ਹੰਝੂ ਤਰਨ ਲੱਗੇ।"[12]

ਪਰਵਾਸ ਵਿਚ ਬਜ਼ੁਰਗਾਂ ਨਾਲ ਮਾੜੇ ਵਤੀਰੇ ਦੀ ਇਹ ਸਿਰਫ਼ ਉਦਾਹਰਨ ਮਾਤਰ ਹੀ ਹੈ ਘਰ ਘਰ ਬਜ਼ੁਰਗਾਂ ਦਾ ਇਹੀ ਹਾਲ ਹੈ, ਉਹਨਾਂ ਦੀ ਉਨ੍ਹਾਂ ਚਿਰ ਕੋਈ ਕਦਰ ਨਹੀਂ ਕੀਤੀ ਜਾਂਦੀ ਜਿਨ੍ਹਾਂ ਚਿਰ ਜਾਂ ਤਾਂ ਉਹ ਕੁਝ ਕਮਾ ਕੇ ਘਰ ਨਹੀਂ ਲਿਆਉਂਦੇ ਜਾਂ ਪੈਨਸ਼ਨ ਪੈਣ ਦੇ ਹੱਕਦਾਰ ਨਹੀਂ ਹੁੰਦੇ। ਕਿਸੇ ਵੀ ਕੰਮ ਵਿਚ ਉਹਨਾਂ ਦੀ ਕੋਈ ਵੀ ਸਲਾਹ ਵੀ ਲੈਣੀ ਜਰੂਰੀ ਨਹੀ ਸਮਝੀ ਜਾਂਦੀ ਜਦਕਿ ਪੰਜਾਬ ਰਹਿੰਦਿਆਂ ਅਜਿਹਾ ਨਹੀਂ ਸੀ ਉਨ੍ਹਾਂ ਦੀ ਸਲਾਹ ਤਾਂ ਇੱਕ ਪਾਸੇ ਰਹੀ ਉਨ੍ਹਾਂ ਦੀ ਮਰਜ਼ੀ ਤੋਂ ਬਿਨ੍ਹਾਂ ਘਰ ਵਿਚ ਪੱਤਾ ਵੀ ਨਹੀਂ ਸੀ ਹਿੱਲ ਸਕਦਾ। ਇਸ ਤਰ੍ਹਾਂ ਪਰਵਾਸ ਵਿਚ ਪਹਿਲੀ ਪੀੜ੍ਹੀ ਨੂੰ ਬੇਹੱਦ ਮਾਨਸਿਕ ਤਨਾਅ ਹੰਢਾਉਣਾ ਪੈਦਾ ਹੈ।

ਬੇਗਾਨੇ ਨਾਵਲ ਵਿਚ ਬੱਚਿਆਂ ਦੇ ਮਾਨਸਿਕ ਤਣਾਓ ਨੂੰ ਬਿਆਨ ਕੀਤਾ ਗਿਆ ਹੈ ਕਿ ਕਿਵੇਂ ਉਹ ਆਪਣਾ ਮਾਪਿਆਂ ਦੇ ਦੂਸਰੇ ਵਿਆਹਾਂ ਤੋਂ ਬਾਅਦ ਇੱਕ ਦੂਸਰੇ ਦੇ ਮਾਪਿਆਂ ਨੂੰ ਇੱਕ ਦੂਸਰੇ ਦਾ ਡੈਡੀ ਜਾਂ ਮੰਮੀ ਕਹਿ ਕੇ ਬੁਲਾਉਂਦੇ ਹਨ ਜਿਵੇਂ 'ਸਿੰਮੀ ਦਾ ਡੈਡੀ'। ਇਸ ਨਾਵਲ ਵਿਚ ਨਾਵਲਕਾਰ ਨੇ ਸ਼ਰਾਬ ਕਾਰਨ ਮਨੁੱਖ ਦੀ ਜੋ ਹਾਲਤ ਹੁੰਦੀ ਹੈ ਤੇ ਉਸ ਦਾ ਬਿਆਨ ਕੀਤਾ ਗਿਆ ਹੈ। ਮਨੁੱਖ ਆਪਣੇ ਗਮ ਭੁਲਾਉਣ ਖ਼ਾਤਰ ਸ਼ਰਾਬ ਦਾ ਸਹਾਰਾ ਲੈਂਦਾ ਹੈ ਪਰ ਉਹ ਹੋਰ ਮੁਸ਼ਕਿਲਾਂ ਵਿਚ ਪੈ ਜਾਂਦਾ ਹੈ- "ਸ਼ਰਾਬ ਦੀਆਂ ਬੋਤਲਾਂ ਦੇਖਦਿਆਂ ਹੀ ਉਸ ਦੀਆਂ ਅੱਖਾਂ ਸਾਹਮਣੇ ਉਹਦਾ ਕੁਕਰਮੀ ਫੁੱਫੜ, ਧੋਖੇ ਨਾਲ ਤਲਾਕ ਦਿੰਦਾ ਬੰਤਾ, ਉਸ ਨੂੰ ਚਿਤਾਵਨੀ ਦਿੰਦਾ ਪੁਲੀਸ ਅਫ਼ਸਰ ਅਤੇ ਐਕਸੀਡੈਂਟ ਹੋਣ ਵਾਲੇ ਸਾਰੇ ਦ੍ਰਿਸ਼ ਘੁੰਮ ਗਏ। ਉਸ ਨੂੰ ਸਾਰੇ ਪੁਆੜੇ ਦੀ ਜੜ੍ਹ ਇਹ ਸ਼ਰਾਬ ਹੀ ਦਿਸੀ।"[13]

ਭਗੌੜੇ ਨਾਵਲ ਵਿਚ ਨਾਵਲਕਾਰ ਨੇ ਪੇਸ਼ ਕੀਤਾ ਹੈ ਕਿ ਸੁਖਬੀਰ ਜਦੋਂ ਪਰਵਾਸ ਧਾਰਨ ਕਰਦਾ ਹੈ ਤੇ ਸੁਰੇਖਾ ਦਾ ਪਿਤਾ ਉਸ ਦਾ ਪਤਾ ਕਰਨ ਲਈ ਮੁੰਡਿਆਂ ਨੂੰ ਚੁੱਕ ਕੇ ਲੈ ਜਾਂਦਾ ਹੈ ਉਹਨਾਂ ਵਿਚ ਇਕ ਕਰਨ ਵੀ ਸੀ ਜਿਸ ਨੂੰ ਪੁਲਿਸ ਚੁੱਕ ਕੇ ਲੈਂ ਜਾਂਦੀ ਹੈ ਤੇ ਉਹ ਇਸ ਦਾ ਜ਼ਿੰਮੇਵਾਰ ਆਪਣੇ ਆਪ ਨੂੰ ਠਹਿਰਾਉਂਦਾ ਹੈ ਕਿ ਉਸ ਦੇ ਕਾਰਨ ਹੀ ਪੁਲਿਸ ਕਰਨ ਨੂੰ ਚੁੱਕ ਕੇ ਲੈ ਗਈ ਤੇ ਜਦੋਂ ਪੁਲਿਸ ਕਰਨ ਤੇ ਤਸੀਹੇ ਦੇ ਕੇ ਮੇਰੇ ਪੁੱਛਦੀ ਹੋਵੇਗੀ ਤਾਂ ਉਹ ਮੇਰੇ ਬਾਰੇ ਕੀ ਸੋਚਦਾ ਹੋਵੇਗਾ। ਉਸ ਦੀਆਂ ਅੱਖਾਂ ਸਾਹਮਣੇ ਕਰਨ ਦਾ ਚਿਹਰਾ ਘੁੰਮਦਾ ਹੈ ਜੋ ਉਸ ਬਾਰੇ ਸੋਚ ਕੇ ਬਹੁਤ ਹੀ ਦੁੱਖੀ ਹੁੰਦਾ ਹੈ ਤੇ ਉਸ ਦੇ ਸਾਹਮਣੇ ਕਰਨ ਹਸਪਤਾਲ ਵਿਚ ਪਿਆ ਉਸ ਨੂੰ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਇਕ ਹੋਰ ਬਿਰਤਾਂਤ ਵਿਚ ਸੁਖਬੀਰ ਸੁਰੇਖਾ ਤੇ ਡਰੈਸਲਰ ਨਾਲ ਗੱਲਾਂ ਕਰਕੇ ਉਸ ਨੇ ਸੋਚਿਆਂ ਕਿ ਉਹ ਦੋਵਾਂ ਨੂੰ ਹੀ ਧੋਖਾ ਦੇ ਰਿਹਾ ਹੈ ਪਰ ਸੁਰੇਖਾ ਤੇ ਡਰੈਸਲਰ ਵੱਲੋਂ ਕੀਤੀਆਂ ਕੁਰਬਾਨੀਆਂ ਬਾਰੇ ਵੀ ਯਾਦ ਕਰਦਾ ਹੈ, ਇਸ ਤਰ੍ਹਾਂ ਉਸ ਅੰਦਰ ਮਾਨਸਿਕ ਭਟਕਣਾ ਪੈਂਦਾ ਹੋ ਗਈ।

**ਦੂਜੇ-ਦੂਜੇ ਵਿਆਹ ਕਾਰਨ ਉਪਜਦੀਆਂ ਸਮੱਸਿਆਵਾਂ**

ਨਸੀਬ ਤੇ ਹਰਬੰਸ ਦੋਵਾਂ ਦਾ ਦੂਜਾ ਵਿਆਹ ਹੈ ਇਸ ਕਾਰਨ ਸੰਤਾਪ ਉਪਜਿਆ ਜਿਸ ਦੀ ਪੇਸ਼ਕਾਰੀ ਬੇਗਾਨੇ ਨਾਵਲ ਵਿਚ ਹੋਈ ਹੈ। ਨਸੀਬ ਹਰਬੰਸ ਨਾਲ ਇਕ ਵਿਆਹ ਵਿਚ ਜਾਂਦੀ ਹੈ ਤੇ ਉੱਥੇ ਵਿਆਹ ਵਿਚ ਨਸੀਬ ਦਾ ਪੁੱਤਰ (ਬੱਲੀ ਜੋ ਉਸਦੇ ਪਹਿਲੇ ਪਤੀ ਦਾ ਹੈ ਉਹ ਵੀ ਨਸੀਬ ਕੋਲ ਹੀ ਹੈ) ਉਹ ਵੀ ਨਾਲ ਜਾਂਦਾ ਹੈ ਤੇ ਵਿਆਹ ਦੀ ਰੌਣਕ ਵਿਚ ਕੁੜੀ

ਬੱਲੀ ਨੂੰ ਧੱਕਾ ਮਾਰਦੀ ਹੈ ਤੇ ਬੱਲੀ ਵੀ ਕੁੜੀ ਨੂੰ ਧੱਕਾ ਮਾਰਦਾ ਹੈ ਤੇ ਉੱਥੇ ਖੜ੍ਹੀ ਇਕ ਔਰਤ ਉਸ ਨੂੰ ਕਹਿੰਦੀ ਨੀ ਇਹ ਕਿਵੇਂ ਪਿਛਲੱਗ ਜਿਹਾ ਕੁੜੀ ਨੂੰ ਧੱਕਾ ਦਿੰਦਾ ਹੈ, ਇਹ ਸੁਣ ਕੇ ਨਸੀਬ ਨੂੰ ਗੁੱਸਾ ਆਉਂਦਾ ਹੈ। ਦੂਜੇ ਵਿਆਹ ਕਾਰਨ ਉਨ੍ਹਾਂ ਮਾਂ ਪੁੱਤਾਂ ਨੂੰ ਸਮਾਜ ਵਿਚ ਉਹ ਥਾਂ ਨਹੀਂ ਪ੍ਰਾਪਤ ਨਹੀਂ ਹੁੰਦਾ ਜਿਸਦੇ ਉਹ ਹੱਕਦਾਰ ਹਨ। ਸਮਾਜ ਉਨ੍ਹਾਂ ਨੂੰ ਪੂਰੀ ਤਰ੍ਹਾਂ ਅਪਣਾਉਂਦਾ ਹੀ ਨਹੀਂ। ਇਸ ਪ੍ਰਕਾਰ ਆਪਣੇ ਮਾਂ ਬਾਪ ਦੇ ਦੂਸਰੇ ਵਿਆਹਾਂ ਕਾਰਨ ਬੱਚਿਆਂ ਨੂੰ ਬਹੁਤ ਸੰਤਾਪ ਹੰਢਾਉਂਣਾ ਪੈਂਦਾ ਹੈ ਅਤੇ ਨਵੇਂ ਮਸਲੇ ਪੈਦਾ ਹੁੰਦੇ ਹਨ।

**ਪਾਲਣ ਘਰਾਂ 'ਚ ਪਲ਼ਦੇ ਬੱਚਿਆਂ ਦੀਆਂ ਸਮੱਸਿਆਵਾਂ**

ਨਾਵਲਕਾਰ ਨੇ ਪਰਵਾਸੀ ਜਨ-ਜੀਵਨ ਬਾਰੇ ਜਾਣਕਾਰੀ ਦਿੰਦਿਆ ਉਹਨਾਂ ਬੱਚਿਆਂ ਬਾਰੇ ਵੀ ਬਿਆਨ ਕੀਤਾ ਹੈ ਜਿਹਨਾਂ ਦੇ ਮਾਂ ਬਾਪ ਉਹਨਾਂ ਨੂੰ ਪਾਲ਼ਣ ਘਰਾਂ ਵਿਚ ਛੱਡ ਕੇ ਆਪ ਕੰਮਾਂ ਕਾਰਾਂ ਤੇ ਚਲੇ ਜਾਂਦੇ ਹਨ। ਪਾਲਕ ਉਹਨਾਂ ਬੱਚਿਆਂ ਨਾਲ ਬੁਰਾ ਵਿਵਹਾਰ ਕਰਦੇ ਹਨ। ਉਹਨਾਂ ਨੂੰ ਉੱਥੇ ਨਾਂ ਹੀ ਰੋਟੀ ਵੀ ਬਹੁਤੀ ਚੰਗੀ ਨਹੀਂ ਮਿਲਦੀ ਉਹਨਾ ਦੇ ਦੁੱਖਾਂ-ਸੁੱਖਾਂ ਨੂੰ ਵੀ ਸੁੱਣਨ ਵਾਲਾ ਕੋਈ ਨਹੀਂ ਹੈ ਉਹਨਾ ਨੂੰ ਆਪਣਾ ਜੀਵਨ ਇਸ ਤਰ੍ਹਾਂ ਹੀ ਬਤੀਤ ਕਰਨਾ ਪੈਂਦਾ ਹੈ। ਇਸੇ ਕਾਰਨ ਹੀ ਮਰਫੀ ਨਾਲ ਇਕ ਪੰਦਰਾ ਸਾਲ ਦੇ ਮੁੰਡੇ ਨੇ ਬਲਾਤਕਾਰ ਕੀਤਾ ਜਦੋਂ ਉਸਨੇ ਇਹ ਗੱਲ ਜਦੋਂ ਆਪਣੀ ਪਾਲਕ ਮਾਂ ਨੂੰ ਦੱਸੀ ਤਾਂ ਉਸ ਨੇ ਉਸ ਉੱਪਰ ਯਕੀਨ ਨਹੀਂ ਕੀਤਾ ਸਗੋਂ ਉਸਨੂੰ ਹੀ ਤਿੰਨ ਦਿਨ ਲਈ ਕਮਰੇ ਵਿਚ ਬੰਦ ਕਰਕੇ ਰੱਖਿਆਂ। ਜਿਹਨਾਂ ਬੱਚਿਆਂ ਦਾ ਪਾਲਣ-ਪੋਸ਼ਣ ਯਤੀਮ ਖ਼ਾਨਿਆਂ ਵਿਚ ਹੁੰਦਾ ਹੈ ਉਹਨਾਂ ਵਿਚੋਂ ਵੱਡੇ ਹੋ ਕੇ ਕਈ ਗੁਨਾਹਾਂ ਵਾਲੇ ਪਾਸੇ ਚਲੇ ਜਾਂਦੇ ਹਨ। ਬੇਗਾਨੇ ਨਾਵਲ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਜਿਹੜੇ ਬੱਚੇ ਨੂੰ ਗੋਦ ਜਾਂ ਮਤਰੇਏ ਹੁੰਦੇ ਹਨ ਉਹਨਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਭੂਰੀ ਨਾਂ ਦੀ ਕੁੜੀ ਨਾਲ ਵੀ ਫ਼ਰਕ ਕੀਤਾ ਜਾਂਦਾ ਹੈ ਉਸਨੂੰ ਵੀ ਪੰਜਾਬ ਤੋਂ ਲਿਆਂਦਾ ਹੈ ਉਸ ਤੋਂ ਘਰ ਦਾ ਕੰਮ ਕਰਵਾਇਆ ਜਾਂਦਾ ਹੈ ਪਰ ਭੂਰੀ ਕਿਸੇ ਨਾਲ ਵੀ ਕੋਈ ਗਿਲ੍ਹਾ ਨਹੀ ਕਰਦੀ। ਹਰਬੰਸ ਵੀ ਇਹ ਸਮਝਦਾ ਹੈ ਕਿ ਨਸੀਬ ਬੱਲੀ ਨੂੰ ਬਹੁਤ ਪਿਆਰ ਕਰਦੀ ਹੈ ਤੇ ਸਿੰਮੀ ਨਾਲ ਘੱਟ ਉਹ ਹਮੇਸ਼ਾਂ ਬੱਲੀ ਬਾਰੇ ਹੀ ਗੱਲਾਂ ਕਰਦੀ ਹੈ ਬੱਲੀ ਨੂੰ ਹੀ ਸਕੂਲ ਹੱਥ ਫੜ ਕੇ ਲੈ ਕੇ ਜਾਂਦੀ ਹੈ ਤੇ ਸਿੰਮੀ ਪਿੱਛੇ-ਪਿੱਛੇ ਤੁਰੀ ਜਾਂਦੀ ਹੈ ਉਹ ਬੱਲੀ ਨੂੰ ਬਹੁਤ ਝਿੜਕਦੀ ਹੈ ਤੇ ਸਿੰਮੀ ਨਾਲ ਕਦੇ ਉੱਚਾ ਵੀ ਨਹੀਂ ਬੋਲਦੀ। ਇਸ ਤਰ੍ਹਾਂ ਬੱਚਿਆਂ ਨੂੰ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਜਿਨਸੀ ਸੰਬੰਧ**

ਬੇਗਾਨੇ ਨਾਵਲ ਵਿਚ ਜਰਨੈਲ ਸਿੰਘ ਨੇ ਜਿਨਸੀ ਸਬੰਧਾਂ ਦੀ ਜੋ ਪੇਸ਼ਕਾਰੀ ਕੀਤੀ ਹੈ ਉਸ ਨਾਲ ਸਮਾਜ ਵਿਚ ਮਨੁੱਖ ਦੀ ਜਿਨਸੀ ਭੁੱਖ ਦੀ ਪੇਸ਼ਕਾਰੀ ਦਾ ਬਿਆਨ ਬਹੁਤ ਸਚੁੱਜਤਾ ਨਾਲ ਕੀਤਾ ਹੈ। ਇਸ ਵਿਚ ਨਸੀਬ ਦੀ ਕੁੜੀ ਦੇ ਰਾਹੀਂ ਨਾਵਲਕਾਰ ਨੇ ਬਿਰਤਾਂਤ ਸਿਰਜਿਆਂ ਹੈ। ਨਸੀਬਦੀ ਮਾਂ ਮਰ ਜਾਣ ਤੋਂ ਬਾਅਦ ਉਸਦੀ ਭੂਆ ਉਸ ਨੂੰ ਚੁੱਕ ਕੇ ਲੈ ਆਉਂਦੀ ਹੈ ਤੇ ਉਹ ਉਸ ਨੂੰ ਘਰ ਵਿਚ ਉਸ ਤੋਂ ਹਰ ਕੰਮ ਕਰਵਾਇਆ ਜਾਂਦਾ ਸੀ ਉਸਨੂੰ ਇਕ ਧੀ ਵਾਂਗ ਪਿਆਰ ਨਹੀਂ ਮਿਲਿਆ ਸਗੋਂ ਉਸਨੂੰ ਹਮੇਸ਼ਾ ਇਕ ਨੌਕਰ ਵਾਂਗ ਹੀ ਅਹਿਸਾਸ ਹੋਇਆ। ਇਕ ਦਿਨ ਘਰ ਦੇ ਸਾਰੇ ਪਰਿਵਾਰ ਵਾਲੇ ਪੰਜਾਬ ਗਏ ਹੋਣ ਕਾਰਨ ਉਸਦਾ ਫੁੱਫੜ ਉਸ ਦੀ ਇੱਜ਼ਤ ਲੁੱਟ ਲੈਂਦਾ ਹੈ। ਉਸਦਾ ਪਹਿਲਾ ਮਨ ਕੀਤਾ ਕੀ ਉਹ ਮਰ ਜਾਵੇ ਪਰ ਉਸਦੀ ਬਦਨਸੀਬੀ ਕੀ ਉਹ ਨਾਂ ਆਪ ਮਰ ਸਕੀ ਨਾਂ ਹੀ ਆਪਣੇ ਫੁੱਫੜ ਨੂੰ ਮਾਰ ਸਕੀ। ਉਸ ਨੇ ਇਹ

ਸਾਰਾ ਕੁੱਝ ਆਪਣੀ ਭੂਆ ਨੂੰ ਦੱਸਿਆ ਪਰ ਉਸ ਨੇ ਫੁੱਫੜ ਨੂੰ ਵੀ ਲਾਹਨਤਾਂ ਪਾਈਆਂ ਪਰ ਨਸੀਬ ਨੂੰ ਹਰ ਵਕਤ ਤਾਣੇ ਮਿਹਣੇ ਦਿੰਦੀ ਰਹਿਦੀ। ਭਗੌੜੇ ਨਾਵਲ ਵਿਚ ਜਿਨਸੀ ਸੰਬੰਧਾਂ ਬਾਰੇ ਨਾਵਲਕਾਰ ਨੇ ਜੋ ਪੇਸ਼ ਕੀਤਾ ਹੈ ਕਿ ਕਿਵੇਂ ਪਰਵਾਸ ਦੀਆਂ ਮਜ਼ਬੂਰੀਆਂ ਵਿਚ ਨਾ ਚਾਹੁੰਦੇ ਹੋਏ ਵੀ ਉਸ ਨੂੰ ਆਪਣੇ ਨਾਲ ਦੇ ਬੰਦਿਆਂ ਲਈ ਮੈਡਮ ਮਾਰਾ ਦੇ ਕਹਿਣ ਉਹ ਉਸ ਦੇ ਘਰ ਖਾਣਾ ਖਾਣ ਜਾਂਦਾ ਹੈ ਉਹ ਅੱਗੇ ਉਸ ਅੱਗੇ ਵਾਇਨ ਰੱਖ ਦਿੰਦੀ ਹੈ। ਉਹ ਰੋਟੀ ਖਾ ਕੇ ਵਾਪਸ ਜਾਣ ਲਈ ਤਿਆਰ ਹੁੰਦਾ ਹੈ ਪਰ ਮੈਡਮ ਮਾਰਾ ਦੇ ਕੱਪੜੇ ਵੀ ਉਸ ਨੂੰ ਉਤੇਜਤ ਕਰਨ ਵਾਲੇ ਸਨ ।

> “ ਸੁਖਬੀਰ ਉੱਥੇ ਹੀ ਬੈਠ ਗਿਆ। ਮੈਡਮ ਮਾਰਾ ਨੇ ਵੀ.ਸੀ.ਆਰ. ਵਿਚ ਕੈਸਟ ਪਾ ਟੀ.ਵੀ. ਚਾਲੂ ਕਰ ਦਿੱਤਾ ਅਤੇ ਉਸ ਦੇ ਨਾਲ ਆ ਕੇ ਬੈਠ ਗਈ। ਫ਼ਿਲਮ ਅੰਗ੍ਰੇਜ਼ੀ ਦੀ ਸੀ। ਉਸ ਦਾ ਆਰੰਭ ਬੜਾ ਵੱਧੀਆ ਤੇ ਨਾਟਕੀ ਸੀ ਪਰੰਤੂ ਥੋੜੀ ਦੇਰ ਮਗਰੋਂ ਹੀ ਸੁਖਬੀਰ ਨੂੰ ਪਤਾ ਲੱਗ ਗਿਆ ਕਿ ਇਸ ਫਿਲਮ ਦਾ ਅਸਲ ਮਕਸਦ ਕੀ ਹੈ। ਫਿਲਮਾਂ ਦੇ ਦ੍ਰਿਸ਼ਾਂ ਦੀ ਉਤੇਜਨਾ ਦਾ ਕੀਲਿਆ ਹੋਇਆ ਉਹ ਬੈਠਾ ਰਿਹਾ ਅਤੇ ਮੈਡਮ ਮਾਰਾ ਦੀਆ ਹਰਕਤਾਂ ਵੀ ਉਸ ਦੀ ਬਰਦਾਸ਼ਤ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਸਨ। ਕੁਝ ਦੇਰ ਮਗਰੋਂ ਉਹ ਉਸ ਨੂੰ ਉੱਠਾ ਕੇ ਆਪਣੇ ਕਮਰੇ ਵਿਚ ਲੈ ਗਈ।”[14]

ਦੁਨੀਆ ਕੈਸੀ ਹੋਈ ਵਿਚ ਰੋਆਂ ਵਿਚਲੀ ਘਟਨਾ ਨੂੰ ਬਿਆਨ ਕੀਤਾ ਹੈ। ਕੈਨੇਡੀਅਨ ਸੱਭਿਆਚਾਰ ਵਿਚ ਰੰਗ ਚੁੱਕੀ ਕੁੜੀ ਜੋ ਸਾਰੀਆਂ ਸ਼ਰਮਾਂ ਤੇ ਵਿਰਸੇ ਨੂੰ ਭੁੱਲ ਚੁੱਕੀ ਹੈ ਦੇ ਬਾਰੇ ਪੇਸ਼ ਕੀਤਾ ਹੈ।

> “ਮੁੰਡਾ ਤਾਂ ਉੱਠ ਕੇ ਭੱਜ ਗਿਆ ਪਰ ਕੁੜੀ ਤੋਂ ਭੱਜ ਨਾ ਹੋਇਆ, ਉਹ ਉਵੇਂ ਹੀ ਸਿੱਧੀ ਸਪਾਟ ਲੇਟੀ ਰਹੀ । ਮੈਂ ਕੁੜੀ ਨੂੰ ਹੌਲ਼ੀ ਜਿਹੀ ਦਬਕਾ ਮਾਰ ਕੇ ਪੁੱਛਿਆਂ ਕਿ ਉਹ ਕੌਣ ਸੀ? ਪਤੈ, ਉਹ ਢੀਠ ਕੁੜੀ ਨੇ ਅੱਗੋਂ ਕੀ ਕਿਹਾ? ਕਹਿਣ ਲੱਗੀ, “ਅੰਕਲ, ਤੁਸੀਂ ਕੌਣ ਤੋਂ ਕੀ ਲੈਣਾ। ਤੰਦੂਰ ਗਰਮ ਐ, ਜੇ ਆਪਣੀਆਂ ਦੋ ਗੁੱਲੀਆਂ ਲਾਹੁਣੀਆਂ ਤਾਂ ਲਾਹ ਲਵੋ।”[15]

**ਬਜ਼ੁਰਗਾਂ ਦੀ ਹਾਲਤ**

ਪਰਵਾਸ ਵਿੱਚ ਬਜ਼ੁਰਗਾਂ ਨਾਲ ਹੋ ਰਹੀ ਭੈੜੀ ਹਾਲਤ ਬਾਰੇ ਜਨਰੈਲ ਸਿੰਘ ਸੇਖਾ ਨੇ ਬਹੁਤ ਵਧੀਆਂ ਢੰਗ ਨਾਲ ਬਿਆਨ ਕੀਤਾ ਹੈ। ਉਹ ਮਾਂ-ਪਿਓ ਜੋ ਬੱਚਿਆਂ ਦੀ ਖ਼ਾਤਰ ਕਮਾਈ ਕਰਦੇ ਹਨ ਬਾਅਦ ਵਿੱਚ ਉਹਨਾਂ ਦੇ ਪੁੱਤ-ਨੂੰਹ ਉਹਨਾਂ ਨੂੰ ਪੁੱਛਦੇ ਨਹੀਂ ਅਤੇ ਉਹਨਾਂ ਨੂੰ ਘਰ ਦੇ ਇੱਕ ਕੋਨੇ ਵਿੱਚ ਪਾ ਰੱਖਦੇ ਹਨ ਤੇ ਉਹਨਾਂ ਦੀ ਦੇਖ-ਭਾਲ ਤਾਂ ਇੱਕ ਪਾਸੇ ਉਹਨਾਂ ਨੂੰ ਬੁਲਾਉਣ ਦੀ ਵੀ ਕੋਈ ਲੋੜ ਨਹੀਂ ਸਮਝੀ ਜਾਂਦੀ। ਉਹਨਾਂ ਨੂੰ ਘਰ ਵਿੱਚੋਂ ਇਸ ਤਰ੍ਹਾਂ ਕੱਢਿਆ ਜਾਂਦਾ ਹੈ ਜਿਵੇਂ ਕਿਸੇ ਕੂੜੇ ਦਾਨ ਨੂੰ। ਜਰਨੈਲ ਸਿੰਘ ਦੇ ਨਾਵਲਾਂ ਵਿਚ ਪਰਵਾਸ ਰਹਿੰਦੇ ਬਜ਼ੁਰਗਾਂ ਦੀ ਹਾਲਤ ਦੇ ਬਾਰੇ ਬਿਆਨ ਕੀਤਾ ਹੈ ਕਿ ਉੱਥੇ ਉਹਨਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਉਹਨਾਂ ਨੂੰ ਉਹਨਾਂ ਦਾ ਮਿਲਦਾ ਹੱਕ ਵੀ ਨਹੀਂ ਮਿਲਦਾ ਸਗੋਂ ਉਹਨਾਂ ਉੱਪਰ ਉਨ੍ਹਾਂ ਦੇ ਨੂੰਹ-ਪੁੱਤਰ, ਧੀ-ਜਵਾਈ, ਪੋਤੇ-ਪੋਤਰੀਆਂ ਵੀ ਉਹਨਾਂ ਦੀ ਕਦਰ ਨਹੀਂ ਕਰਦੇ ਉਹਨਾਂ ਨੂੰ ਮਾਨਸਿਕ ਤਣਾਅ ਦੇ ਨਾਲ ਉਹਨਾਂ ਵਿਚ ਆਪਣੇ ਲੋਕਾਂ ਨੂੰ ਯਾਦ ਕਰਕੇ ਉਹਨਾਂ ਵਿਚ ਉਦਰੇਵੇਂ ਦੀ ਭਾਵਨਾ ਪੈਂਦਾ ਹੁੰਦੀ ਹੈ। ਇਸ ਤਰ੍ਹਾਂ ਨਾਵਲਕਾਰ ਨੇ ਬਿਆਨ ਕੀਤਾ ਹੈ ਕਿ ਕਿਵੇਂ ਮਾਂ ਬਾਪ ਬੱਚਿਆਂ ਨੂੰ ਪਾਲਦੇ ਹਨ ਪਰ ਬੱਚੇ ਵੱਡੇ ਹੋ ਕੇ ਉਹਨਾਂ ਦੇ ਕਹਿਣੇ ਵਿਚ ਨਹੀਂ ਰਹਿੰਦੇ ਉਹ ਉਹਨਾਂ ਦੀ ਦੇਖਭਾਲ ਤਾਂ ਕੀ ਉਹਨਾਂ ਕੋਲ ਉਹਨਾਂ ਨੂੰ ਬੁਲਾਉਣ ਸਾ ਸਮਾਂ ਵੀ ਨਹੀਂ ਉਹ ਆਪਣੇ

ਕੰਮਾਂ-ਕਾਰਾਂ ਵਿਚ ਵਿਅਸਤ ਹਨ ਬਜ਼ੁਰਗਾਂ ਵਾਸਤੇ ਉਹਨਾਂ ਕੋਲ ਕੋਈ ਵੀ ਸਮਾਂ ਨਹੀਂ ਸੀ। ਮਾਂ ਜੰਗੀਰ ਕੌਰ ਨੇ ਸਾਰਾ ਘਰ ਸੰਭਾਲਿਆ ਹੋਇਆਂ ਸੀ ਤੇ ਕਿਸੇ ਨੂੰ ਵੀ ਘਰ ਦੀ ਕੋਈ ਫ਼ਿਕਰ ਨਹੀਂ ਸੀ ਹੁੰਦੀ ਸਭ ਆਪਣੇ ਕੰਮਾਂ ਤੇ ਜਾਂਦੇ ਉਹ ਘਰ ਦਾ ਕੰਮ ਵੀ ਕਰਦੀ ਤੇ ਬੱਚਿਆਂ ਦੀ ਦੇਖਭਾਲ ਵੀ ਨਾਲ ਗੁਆਂਢ ਦੇ ਸਾਰੇ ਬੱਚਿਆਂ ਨੂੰ ਵੀ ਸੰਭਾਲਦੀ ਸੀ ਉਸ ਦੇ ਰਹਿੰਦਿਆਂ ਕਿਸੇ ਨੂੰ ਵੀ ਕਿਸੇ ਪ੍ਰਕਾਰ ਦਾ ਕੋਈ ਫਿਕਰ ਨਹੀਂ ਸੀ ਸਭ ਬੇਫਿਕਰ ਹੋ ਕੇ ਆਪਣਾ ਕੰਮ ਕਰਦੇ ਸਨ। ਪਰ ਇਕ ਦਿਨ ਮਾਂ ਜੰਗੀਰ ਕੌਰ ਦੇ ਦਰਦ ਹੋਈ ਤੇ ਟੈਸਟ ਕਰਾਉਣ ਤੇ ਪਤਾ ਲੱਗਾ ਕਿ ਉਸਨੂੰ ਕੈਂਸਰ ਹੈ। ਹਰ ਕੋਈ ਉਸਦੀ ਬਿਮਾਰੀ ਕਾਰਨ ਬਹੁਤ ਦੁੱਖੀ ਸਨ। ਉਹ ਸਾਰੇ ਘਰ ਦਾ ਭਾਰ ਚੁੱਕੀ ਫਿਰਦੀ ਸੀ ਪਰ ਹੁਣ ਉਸ ਨੂੰ ਧਰਵਾਸ ਦੇਣ ਵਾਲਾ ਕੋਈ ਨਹੀਂ ਸੀ ਸਭ ਆਪਣੇ ਕੰਮਾਂ ਵਿਚ ਵਿਅਸਤ ਸਨ ਉਸ ਵੱਲ ਕੋਈ ਵੀ ਧਿਆਨ ਨਹੀਂ ਸੀ ਦਿੰਦਾ ਉਸ ਦੀ ਨੂੰਹਾਂ ਉਸ ਦੀ ਦੇਖਭਾਲ ਜਰੂਰ ਕਰਦੀਆਂ ਸਨ ਪਰ ਉਹਨਾਂ ਨੇ ਘਰ ਦੇ ਕੰਮ ਧੰਦੇ ਨਿਬੇੜਨੇ ਹੁੰਦੇ ਪਰ ਮਾਂ ਕੋਲ ਬੈਠਣ ਦਾ ਉਹਨਾਂ ਕੱਲ ਵੀ ਸਮਾਂ ਨਹੀਂ ਸੀ। ਜੰਗੀਰ ਕੌਰ ਸਾਰਾ ਦਿਨ ਇੱਕਲੀ ਹੀ ਰਹਿੰਦੀ। ਸੁਖਬੀਰ ਵੀ ਕਿਤੇ ਕਿਤੇ ਮਾਂ ਕੋਲ ਮਿਲਣ ਜਾਂਦਾ ਉਸ ਕੋਲ ਵੀ ਸਮਾਂ ਨਹੀਂ ਸੀ। ਦੁਨੀਆਂ ਕੈਸੀ ਹੋਈ ਵਿਚ ਵੀ ਬਜ਼ੁਰਗਾਂ ਦੀ ਹਾਲਤ ਵੀ ਕੁਝ ਇਸ ਤਰ੍ਹਾਂ ਦੀ ਹੈ ਉਥੇ ਵੀ ਬਜ਼ੁਰਗਾਂ ਨੂੰ ਪਹਿਲਾ ਆਪਣਾ ਦੇਸ਼ ਛੱਡ ਕੇ ਪਰਾਏ ਦੇਸ਼ ਵਿਚ ਰਹਿਣਾ ਪੈਦਾ ਹੈ ਉੱਪਰੋਂ ਉਹਨਾਂ ਦੇ ਧੀ-ਪੁੱਤਰ ਉਹਨਾਂ ਨੂੰ ਪੁੱਛਦੇ ਨਹੀਂ ਉਹ ਸੰਤਾਪ ਹੰਢਾਉਂਦੇ ਹਨ ਉਹਨਾਂ ਨੂੰ ਆਪਣਾ ਖਰਚਾ ਕਰਨ ਲਈ ਬੇਰੀਆਂ ਤੋੜਨੀਆਂ ਪੈਦੀਆਂ ਹਨ । ਉੱਥੇ ਉਹਨਾਂ ਨੂੰ ਮੀਹ ਹਨੇਰੀ ਵਿਚ ਕੰਮ ਕਰਨਾ ਪੈਂਦਾ ਹੈ ਤੇ ਕਈ ਵਾਰ ਉਨਾਂ ਦੇ ਸੱਟ ਵੀ ਲੱਗ ਜਾਂਦੀ ਹੈ। ਕਈ ਵਾਰ ਉਹਨਾਂ ਦੀ ਮੌਤ ਵੀ ਹੋ ਜਾਂਦੀ। ਉਹ ਪੰਜਾਬ ਵਿਚ ਖੇਤਾਂ ਦੇ ਮਾਲਕ ਸਨ ਤੇ ਬਾਹਰ ਜਾ ਕੇ ਉਹਨਾਂ ਨੂੰ ਹੀ ਮਜ਼ਦੂਰ ਵਾਂਗ ਕੰਮ ਕਰਨਾ ਪੈਂਦਾ ਸੀ ਉਹ ਸਰੀਰਕ ਕਸ਼ਟ ਦੇ ਨਾਲ-ਨਾਲ ਮਾਨਸਿਕ ਕਸ਼ਟ ਵੀ ਸਹਾਰਦੇ ਹਨ ਉਹਨਾਂ ਦੀ ਹਾਲਤ ਤਰਸਯੋਗ ਹੈ ਕੋਈ ਵੀ ਉਹਨਾਂ ਦੇ ਦੁੱਖਾਂ ਨੂੰ ਸੁੱਨਣ ਦੇ ਸਮਝਣ ਵਾਲਾ ਕੋਈ ਨਹੀਂ ਹੈ। ਕਿਸੇ ਕੋਲ ਐਨਾ ਸਮਾਂ ਨਹੀਂ ਕਿ ਉਹਨਾਂ ਨਾਲ ਦੋ ਪਿਆਰ ਦੇ ਬੋਲ ਬੋਲ ਲੈਣ ਸਭ ਆਪਣੇ-ਆਪਣੇ ਕੰਮਾਂ ਵਿਚ ਮਘਨ ਹਨ।

**ਨਸਲੀ ਵਿਤਕਰਾ**

ਪਰਵਾਸ ਵਿਚ ਨਸਲਵਾਦ ਦੀ ਸੁਰ ਭਾਰੂ ਹੈ, ਪਰ ਆਪਣੇ ਵਜ਼ੂਦ ਤੇ ਹਊਮੈ ਵੱਸ ਮਨੁੱਖਤਾ ਦਾ ਮਨ ਵਿਚ ਕਿਤੇ ਨਾ ਕਿਤੇ ਨਸਲਵਾਦ ਭਾਰੂ ਹੈ। ਉੱਥੇ ਰਹਿੰਦਾ ਮਨੁੱਖ ਨਸਲਵਾਦ ਦਾ ਸ਼ਿਕਾਰ ਹੈ ਪਰ ਇੱਕ ਸਮੱਸਿਆ ਨੇ ਉਨ੍ਹਾਂ ਦਾ ਕਦੇ ਸਾਥ ਨਾ ਛੱਡਿਆ। ਪਰਵਾਸੀ ਮਨੁੱਖ ਨੂੰ ਜਦੋਂ ਨਸਲਵਾਦ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਬੇਗਾਨਗੀ ਦਾ ਸ਼ਿਕਾਰ ਹੁੰਦਾ ਹੈ। ਉਹ ਸਮੱਸਿਆ ਸੀ ਨਸਲਵਾਦ ਦੀ। ਇਸੇ ਲਈ ਨਸਲਵਾਦ ਦਾ ਮੁੱਦਾ ਨਾਵਲ ਦੇ ਆਦਿ ਤੋਂ ਅੰਤ ਤੱਕ ਫੈਲਿਆ ਹੋਇਆ ਹੈ। ਇਹ ਸਮੱਸਿਆ ਪੰਜਾਬੀਆਂ ਦੇ ਪ੍ਰਵਾਸ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਤੇ ਕਿਸੇ ਨਾ ਕਿਸੇ ਰੂਪ ਵਿੱਚ ਸਦਾ ਸਥਿਤ ਰਹਿੰਦੀ ਹੈ। ਸਕੂਲਾਂ ਯੂਨੀਵਰਸਿਟੀਆਂ ਵਿੱਚ ਏਸ਼ੀਅਨ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਨਾਲ ਤੰਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਉਹ ਪੜ੍ਹਾਈ ਛੱਡ ਦੇਣ। ਉਨ੍ਹਾਂ ਦੇ ਸੱਭਿਆਚਾਰਕ ਦਮਨ ਦੀ ਸ਼ੁਰੂਆਤ ਪਹਿਰਾਵੇ ਤੋਂ ਹੀ ਹੋ ਜਾਂਦੀ। ਇੰਦਰ ਸਿੰਘ ਦਾ ਲੜਕਾ ਮੇਹਰ ਸਿੰਘ ਜਦੋਂ ਯੂਨੀਵਰਸਿਟੀ ਵਿੱਚ ਪੜ੍ਹਨ ਜਾਂਦਾ ਹੈ ਤਾਂ ਉਸਨੂੰ ਆਪਣੀ ਪੱਗ ਕਾਰਨ ਨਮੋਸ਼ੀ ਝੱਲਣੀ ਪੈਂਦੀ ਹੈ। ਅੰਤ ਉਹ ਆਪਣੇ ਵਾਲ ਹੀ ਕਟਵਾ ਦਿੰਦਾ ਹੈ। ਜੇ ਕੋਈ ਵਧੀਆ ਖਿਡਾਰੀ ਹੈ ਤਾਂ

ਉਸਨੂੰ ਟੀਮ ਵਿੱਚ ਚੁਣਿਆ ਹੀ ਨਹੀਂ ਜਾਂਦਾ ਸੀ। ਕੰਮ ਸਥਾਨਾਂ 'ਤੇ ਵੀ ਗੋਰੇ-ਮਜ਼ਦੂਰਾਂ ਦੀਆਂ ਨਸਲਵਾਦੀ ਜਥੇਬੰਦੀਆਂ ਨੇ ਉਨ੍ਹਾਂ ਦਾ ਜੀਣਾ ਦੁੱਭਰ ਕਰ ਦਿੱਤਾ ਸੀ। ਏਸ਼ੀਨ ਮਜ਼ਦੂਰਾਂ ਨੂੰ ਪੈਰ ਪੈਰ 'ਤੇ ਨਸਲਵਾਦੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ।

> "ਇਕ ਦਿਨ ਕਿਸੇ ਸ਼ਰਾਰਤੀ ਮੁੰਡੇ ਨੇ ਪਿੱਛੋਂ ਦੀ ਹੋ ਕੇ ਆਹਿਸਤਾ ਜਹੇ ਪੱਗ ਨੂੰ ਉਸ ਦੇ ਸਿਰ ਤੋਂ ਲਾਹ ਲਿਆ ਅਤੇ ਉੱਚੀ ਆਵਾਜ਼ ਵਿਚ ਕਹਿਣ ਲੱਗਾ, "ਅਹਿ ਦੇਖੋ, ਇਸ ਦੀ ਟੋਪੀ ਵਿਚੋਂ ਕਿਹੋ ਜਿਹੀ ਬੋ ਆਉਂਦੀ ਹੈ?

"ਵਾਹ! ਇਸ ਨੇ ਤਾਂ ਸਿਰ ਉੱਪਰ ਵਾਲਾਂ ਦਾ ਜੂੜਾ ਵੀ ਕੀਤਾ ਹੋਇਆ ਹੈ!" ਇਕ ਹੋਰ ਮੁੰਡਾ ਬੋਲਿਆ।

> "ਇਸ ਦੇ ਸਿਰ ਵਿਚ ਜੂਆਂ ਵੀ ਹੋਣਗੀਆਂ। "ਇਸ ਤੋਂ ਪਹਿਲਾਂ ਕਿ ਉਹ ਮੁੰਡਾ ਪੱਗ ਨੂੰ ਠੁਡਾ ਮਾਰ ਕੇ ਦੂਰ ਸੁਟਦਾ ਮੇਹਰ ਸਿੰਘ ਨੇ ਝਪਟ ਮਾਰ ਕੇ ਉਸ ਕੋਲੋਂ ਪੱਗ ਖੋਹ ਲਈ। ਸਿਰ ਤੋਂ ਪੱਗ ਲਾਹੁਣ ਵਾਲੀ ਹਰਕਤ ਤੋਂ ਉਹ ਦੁਖੀ ਤਾਂ ਬਹੁਤ ਹੋਇਆ ਪਰ ਉਹ ਕਰ ਕੁਝ ਨਾ ਸਕਿਆ ਕਿਉਂਕਿ ਉਸ ਦੀ ਸ਼ਿਕਾਇਤ ਕਦੀ ਸੁਣੀ ਨਹੀਂ ਸੀ ਗਈ। ਇਕ ਦਿਨ ਦੁੱਖੀ ਹੋ ਨੇ ਆਪਣਾ ਸਿਰ ਮੁਨਾ ਕੇ ਪੱਗ ਤੋਂ ਹੀ ਖਹਿੜਾ ਛੁਡਾ ਲਿਆ ਪਰ ਸਿਰ ਦੇ ਵਾਲ਼ ਕਟਾਉਣ 'ਤੇ ਉਸ ਦੀ ਭੂਆ ਵੀਰੋ ਨੂੰ ਬਹੁਤਾ ਬੁਰਾ ਲੱਗਾ ਅਤੇ ਉਸ ਨੇ ਗੁੱਸੇ ਵਿਚ ਦੋ ਦਿਨ ਰੋਟੀ ਨਾ ਖਾਧੀ।"[16]

ਭਗੌੜੇ ਨਾਵਲ ਵਿਚ ਦੱਸਿਆ ਹੈ ਕਿ ਡਰੈਸਲਰ ਦਾ ਪਿਤਾ ਉਸਦੇ ਤੇ ਸੁਖਬੀਰ ਦੇ ਰਿਸ਼ਤੇ ਤੋਂ ਖੁਸ਼ ਨਹੀਂ ਸੀ ਉਹ ਕਹਿੰਦਾ ਹੈ ਕਿ ਗੈਰ ਨਸਲ ਦੇ ਬੰਦੇ ਨਾਲ ਰਿਸ਼ਤਾ ਰੱਖਣ ਨੂੰ ਉਹ ਬੁਰਾ ਸਮਝਦਾ ਹੈ। ਉਸ ਦੇ ਪਿਤਾ ਵੱਲੋਂ ਭੇਜੇ ਗਏ ਬੰਦਿਆ ਨੇ ਉਸ ਤੇ ਹਮਲਾ ਕੀਤਾ ਤੇ ਆਪਣੇ ਵੱਲੋਂ, ਉਹ ਅੱਧਮੋਇਆ ਕਰਕੇ ਛੱਡ ਗਏ। ਡਰੈਸਲਰ ਦੇ ਪਿਤਾ ਦੇ ਮਨ ਵਿਚ ਨਸਲੀ ਵਿਤਕਰਾ ਦਿਖਾਈ ਦਿੰਦਾ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਗੈਰਨਸਲ ਦਾ ਬੰਦਾ ਉਸ ਦਾ ਜਵਾਈ ਬਣੇ। ਉਹ ਉਸ ਨੂੰ ਇਕ ਵਾਰ ਫਿਰ ਧਮਕੀ ਵੀ ਦਿੰਦਾ ਹੈ ਤੇ ਦੇਸ਼ ਛੱਡਣ ਲਈ ਕਹਿੰਦਾ ਹੈ।

> "ਇਕ ਦਿਨ ਅਪਣੀ ਪੁਰਾਣੀ ਰਿਹਾਇਸ਼ ਤੋਂ ਰੈਸਟੋਰੈਂਟ ਵੱਲ ਵਾਪਸ ਆਉਂਦਿਆਂ, ਆਥਣ ਦੇ ਘੁਸ ਮੁਸੇ ਵਿਚ ਕੁਝ ਗੋਰੇ ਮੁੰਡਿਆਂ ਨੇ ਸੁਖਬੀਰ ਨੂੰ ਘੇਰ ਲਿਆ ਅਤੇ ਬੇਸਬਾਲ ਦੇ ਬੈਟਾਂ ਨਾਲ ਬਹੁਤ ਕੁਟਿਆ। ਉਸ ਉੱਪਰ ਹਮਲਾ ਇੰਨਾ ਅਚਾਨਕ ਹੋਇਆ ਸੀ ਕਿ ਉਹ ਸੰਭਲ ਹੀ ਨਾ ਸਕਿਆ। ਉਹ ਉਸ ਨੂੰ ਅਦਮੋਇਆ ਕਰਕੇ ਸੁੱਟ ਗਏ ਜਾਂਦੇ ਹੋਏ ਉਸ ਦਾ ਬਟੂਆ ਵੀ ਕੱਢ ਕੇ ਲੈ ਗਏ ਜਿਸ ਵਿਚ ਉਸ ਦੇ ਸੱਠ ਮਾਰਕ ਸਨ। ਬੇਸ਼ੱਕ ਉਸ ਦਾ ਕੋਈ ਅੰਗ ਤਾਂ ਨਾ ਟੁੱਟਿਆ ਪਰ ਉਸ ਨੂੰ ਤਿੰਨ ਦਿਨ ਹਸਪਤਾਲ ਵਿਚ ਰਹਿਣਾ ਪਿਆ।"[17]

ਸੁਖਬੀਰ ਇਕ ਦਿਨ ਆਪਣੀ ਭੂਆ ਦੇ ਪੁੱਤਰ ਦਰਸ਼ਨ ਕੋਲ ਐਡਮੰਟਨ ਜਾਂਦਾ ਹੈ ਦਰਸ਼ਨ ਉਸ ਨੂੰ ਨਾਲ ਗਈ ਡਰੈਸਲਰ ਬਾਰੇ ਪੁੱਛਦਾ ਹੈ ਤੇ ਕਹਿੰਦਾ ਹੈ ਕਿ ਗੋਰੀ ਨੂੰ ਹੁਣੇ ਛੱਡ ਕੇ ਆ ਇਸ ਦੇ ਰਹਿਣ ਨਾਲ ਬੱਚਿਆਂ ਤੇ ਬੁਰਾ ਅਸਰ ਪਵੇਗਾ ਤੇ ਇਹ ਇੱਥੇ ਨਹੀਂ ਰਹਿ ਸਕਦੀ।

ਚੀਨੀ, ਜਾਪਾਨੀ ਤੇ ਹੋਰ ਲੋਕਾਂ ਵਿਚਕਾਰ ਕੰਮ ਕਰਦੇ ਪੰਜਾਬੀ ਆਪਣੇ ਨਿੱਜੀ ਜੀਵਨ ਦੀਆਂ ਯਾਦਾਂ ਵਿਚ ਗੁਆਚੇ ਪਰਵਾਸ ਦੌਰਾਨ ਨਸਲੀ ਵਿਤਕਰਿਆਂ ਤੇ ਵਿਵਹਾਰਾਂ ਦਾ ਸ਼ਿਕਾਰ ਹੁੰਦੇ ਹਨ।

> "ਆਹ ਗੋਰੇ ਮਜ਼ਦੂਰ ਈ ਨੀ ਮਾਣ, ਏਹੀ ਆਪਣੇ 'ਤੇ ਖ਼ਾਰ ਖ਼ਾਦੇ ਐ ਤੇ ਕੱਲੇ-ਦੁਕੱਲੇ ਨੂੰ ਦੇਖ ਕੇ ਗਾਲ੍ਹਾਂ ਕੱਢਦੇ ਐ। ਕਦੇ ਕਦਾਈ ਧੋਲ ਧੱਫ਼ਾ ਵੀ ਕਰ ਜਾਂਦੇ ਐ। ਤੈਨੂੰ ਠੁੱਡਾ ਮਾਰਿਆ ਸੀ ਤੇ ਗਾਲ੍ਹ ਕੱਢ ਕੇ ਭੱਜ ਗਿਆ ਸੀ।"[18]

ਇਸ ਵਿਚ ਗੋਰੇ ਲੋਕਾਂ ਪੰਜਾਬੀਆਂ ਪ੍ਰਤੀ ਨਫ਼ਰਤ ਦਾ ਬਿਆਨ ਕੀਤਾ ਜਾਂਦਾ ਹੈ। ਪੰਜਾਬੀ ਮਜ਼ਬੂਰੀ ਵੱਸ ਪਰਵਾਸ ਧਾਰਨ ਕਰਦੇ ਹਨ ਉਹਨਾਂ ਨੂੰ ਉੱਥੇ ਜਾ ਕੇ ਅਨੇਕਾਂ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਇਹਨਾਂ ਕਸ਼ਟਾਂ ਨੂੰ ਉਹ ਸਹਾਰਦੇ ਹਨ।

ਸੁਖਬੀਰ ਦੀ ਸਵਾਰਥੀ ਬਿਰਤੀ ਦੀ ਮਿਸਾਲ ਉਸ ਸਮੇਂ ਪ੍ਰਾਪਤ ਹੁੰਦੀ ਹੈ ਜਦੋਂ ਉਹ ਆਪਣੀ ਦੁੱਖ-ਸੁੱਖ ਦੀ ਸਾਥੀ ਡਰੈਸਲਰ ਪ੍ਰਤੀ ਨਸਲੀ ਸੋਚ ਦਾ ਇਜ਼ਹਾਰ ਕਰਦਾ ਹੈ:-

> " ਦੇਵ, ਉਹ ਮੈਨੂੰ ਬਹੁਤ ਪਿਆਰ ਕਰਦੀ ਹੈ। ਉਸਨੇ ਮੇਰੇ ਲਈ ਕੁਰਬਾਨੀ ਵੀ ਬੜੀ ਕੀਤੀ ਹੈ, ਪਰ ਸੱਚੀ ਗੱਲ ਦੱਸਾਂ, ਮੈਨੂੰ ਇਨ੍ਹਾਂ ਗੋਰਿਆਂ 'ਤੇ ਇਤਬਾਰ ਕੋਈ ਨਹੀਂ। ਪਤਾ ਨਹੀਂ ਕਦੋਂ ਲੱਤ ਮਾਰ ਜਾਣ।"[19]

ਸੁਖਬੀਰ ਦੀ ਇਹ ਸੋਚ ਉਸਨੂੰ ਅਜਿਹੇ ਰਸਤੇ ਤੇ ਲਿਆ ਕੇ ਖੜ੍ਹਾ ਕਰਦੀ ਹੈ ਜਿੱਥੇ ਸਭ ਰਸਤੇ ਉਸ ਲਈ ਬਹੁਤ ਮੁਸ਼ਿਕਲ ਹੋ ਜਾਂਦੇ ਹਨ ਹਰ ਪਾਸੇ ਉਸਨੂੰ ਹਨੇਰਾ ਦਿਖਾਈ ਦਿੰਦਾ ਹੈ। ਸੁਖਬੀਰ ਦੀ ਇਹ ਸੋਚ ਅੰਤ ਵਿਚ ਉਸਨੂੰ ਜਿੱਥੇ ਸੁਰੇਖਾ, ਡਰੈਸਲਰ, ਮੈਡਮ ਪਾਲ ਕੌਰ ਸਾਰੇ ਹੀ ਉਸਨੂੰ ਨਫ਼ਰਤ ਨਾਲ ਦੇਖਦੇ ਹਨ।

ਵਿਗੋਚੇ ਨਾਵਲ ਵਿਚ ਨਾਵਲਕਾਰ ਨੇ ਪਰਵਾਸ ਦੀ ਇਤਿਹਾਸਕ ਪ੍ਰਕਿਰਿਆ ਵਿਚ ਨਸਲਵਾਦ ਨੂੰ ਪਰਵਾਸੀਆਂ ਦੇ ਜੀਵਨ ਦੇ ਉਸ ਨਾਕਾਰਤਾਮਕ ਅੰਗ ਵੱਜੋਂ ਪੇਸ਼ ਕੀਤਾ ਹੈ। ਇੰਦਰ ਸਿੰਘ ਵਰਗੇ ਲੋਕ ਜੋ ਅਗਾਹ ਵਧੂ ਸੋਚ ਦੇ ਮਾਲਕ ਹਨ ਉਹਨਾਂ ਨੂੰ ਵੀ ਨਸਲੀ ਵਿਦਰੋਹ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਦੇ ਲੋਕਾਂ ਨਾਲ ਉੱਥੇ ਗੁਲਾਮਾਂ ਵਾਲਾ ਵਤੀਰਾ ਕੀਤਾ ਜਾਂਦਾ ਹੈ ਉਹਨਾਂ ਨੇ ਮਜ਼ਦੂਰਾਂ ਉੱਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਹਨਾਂ ਲੋਕਾਂ ਦਾ ਵਿਚਾਰ ਹੈ ਕਿ ਭਾਰਤੀ ਬਹੁਤ ਗੰਦੇ ਲੋਕ ਹੁੰਦੇ ਹਨ, ਸਫ਼ਾਈ ਪਸੰਦ ਨਹੀਂ ਕਰਦੇ, ਪਰਵਾਸੀਆਂ ਨੂੰ ਕਾਲੀਆਂ ਭੇਡਾਂ ਅਤੇ ਕੁੱਤੇ ਕਹਿ ਕੇ ਵੀ ਸੰਬੋਧਨ ਕੀਤਾ ਜਾਂਦਾ ਹੈ ਪਰਵਾਸੀਆਂ ਦੇ ਬੱਚਿਆਂ ਨਾਲ ਸਕੂਲਾਂ ਵਿਚ ਵੀ ਨਸਲੀ ਝਗੜੇ ਆਮ ਹੀ ਹੁੰਦੇ ਰਹਿੰਦੇ ਹਨ।

> "ਅਖੇ, 'ਇਹ ਲੋਕ ਗੰਦੇ ਰਹਿੰਦੇ ਐ, ਸਫਾਈ ਨਹੀਂ ਰੱਖਦੇ, ਬਿਮਾਰੀਆਂ ਫਿਲਾਉਂਦੇ ਐ'। ਪੁੱਛਣ ਵਾਲਾ ਹੋਵੇ, ਸਾਲਿਓ! ਹਫਤਾ ਹਫਤਾ ਤੁਸੀਂ ਨਹੀਂ ਨਹਾਉਂਦੇ ਤੇ ਗੰਦੇ ਸਾਨੂੰ ਕਹਿੰਦੇ ਓ, ਜਿਹੜੇ ਨਿੱਤ ਨਹਾਉਂਦੇ ਤੇ ਧੋਤੇ ਲੀੜੇ ਪਾ ਕੇ ਰੱਖਦੇ ਐ। ਸਾਨੂੰ ਕਦੇ ਕਿਸੇ ਨੂੰ ਹਸਪਤਾਲ ਜਾਂਦੇ ਦੇਖਿਐ, ਥੋਡੇ ਲੋਕਾਂ ਨਾਲ ਈ ਹਸਪਤਾਲ ਭਰੇ ਰਹਿੰਦੇ ਐ।"[20]

ਇਕ ਦਿਨ ਜਲੌਰ ਸਕੂਲ ਵਿਚ ਸੀ ਤਾਂ ਉਸ ਦੇ ਸਕੂਲ ਦੇ ਬੱਚੇ ਉਸਨੂੰ ਛੇੜਦੇ ਤੇ ਉਸ ਉੱਪਰ ਨਸਲੀ ਤਾਅਨੇ ਕੱਸਦੇ ਸਨ।

"ਉਸ ਦੇ ਖਾਣੇ ਨੂੰ ਚੁੱਕ ਕੇ ਬਾਹਰ ਸੁੱਟ ਆਉਂਦੇ ਕਿ ਇਸ ਵਿਚੋਂ ਬੋ ਆਉਂਦੀ ਹੈ। ਕੋਈ ਵੀ ਉਸ ਨੂੰ ਆਪਣੇ ਕੋਲ ਬੈਠਣ ਨਾ ਦਿੰਦਾ। ਕਿਸੇ ਸਾਂਝੀ ਖੇਡ ਵੇਲੇ ਕੋਈ ਉਸ ਨੂੰ ਆਪਣਾ ਆੜੀ ਨਾ ਬਣਾਉਂਦਾ। ਸਕੂਲ ਦੇ ਮੁੰਡੇ ਕੁੜੀਆਂ, ਕੋਈ ਨਾ ਕੋਈ ਬਹਾਨਾ ਬਣਾ ਕੇ ਉਸ ਨੂੰ ਛੇੜਦੇ ਰਹਿੰਦੇ।"[21]

ਜਰਨੈਲ ਸਿੰਘ ਨੇ ਆਪਣੇ ਨਾਵਲਾਂ ਵਿਚ ਪਰਵਾਸੀ ਜੀਵਨ ਦਾ ਬੜਾ ਹੀ ਭਾਵਪੂਰਤ ਬਿਰਤਾਂਤ ਪ੍ਰਸਤੁਤ ਕਰਦਿਆਂ ਇਹ ਦਰਸਾ ਦਿਤਾ ਹੈ ਕਿ ਉਹ ਇੱਕ ਨਿਪੁੰਨ ਨਾਵਲਕਾਰ ਹੈ। ਪਰਵਾਸੀਆਂ ਨੂੰ ਦਰਪੇਸ਼ ਸਮੁੱਚੀਆਂ ਸਮੱਸਿਆਵਾਂ ਅਤੇ ਉਸ ਸਾਰੀਆਂ ਪ੍ਰਸਥਿਤੀਆਂ ਜਿਹੜੀਆਂ ਪਰਵਾਸ ਦੌਰਾਨ ਪੇਸ਼ ਆਉਂਦੀਆਂ ਹਨ ਉਨ੍ਹਾਂ ਦੀ ਪ੍ਰਸਤੁਤੀ ਜਰਨੈਲ ਸਿੰਘ ਦੇ ਨਾਵਲਾਂ ਦਾ ਹਾਸਲ ਹੈ। ਪੰਜਾਬੀਆਂ ਦੇ ਪਰਵਾਸ ਧਾਰਨ ਦਾ ਸਭ ਤੋਂ ਪਹਿਲਾਂ ਅਤੇ ਮੁੱਢਲਾ ਕਾਰਨ ਆਰਥਕ ਤੰਗੀਆਂ ਹੀ ਬਣਦੀਆਂ ਹਨ। 1900 ਈ. ਦੇ ਆਸ ਪਾਸ ਸ਼ੁਰੂ ਹੋਇਆ ਪੰਜਾਬੀਆਂ ਦਾ ਇਤਿਹਾਸਕ ਪਰਵਾਸ ਭਾਵੇਂ ਅੱਜ ਵੀ ਜਾਇਜ਼ ਨਾਜਾਇਜ਼ ਤਰੀਕਿਆਂ ਰਾਹੀਂ ਜਾਰੀ ਹੈ ਪਰ ਅਜੋਕੇ ਪਰਵਾਸ ਦੀ ਦਸ਼ਾ ਅਤੇ ਦਿਸ਼ਾ ਮੱਢਲੇ ਪਰਵਾਸ ਨਾਲੋਂ ਬਹੁਤ ਭਿੰਨ ਹੈ। ਜਿੱਥੇ ਅੰਗਰੇਜ਼ ਸਰਕਾਰ ਦੇ ਟੈਕਸਾਂ ਦੇ ਬੋਝ ਥੱਲੇ ਦੱਬਿਆ ਪੰਜਾਬੀ ਕਿਸਾਨ ਪਰਵਾਸ ਦੇ ਰਾਹ ਪੈਂਦਾ ਹੈ ਉਥੇ ਪੰਜਾਬ ਦੇ ਰਾਜਸੀ ਹਾਲਾਤਾਂ ਅਤੇ ਅਮਨ-ਕਾਨੂੰਨ ਦੀ ਭੈੜੀ ਸਥਿਤੀ ਤੋਂ ਉਪਜਿਆ ਆਤੰਕਵਾਦ ਜਾਂ ਖਾੜਕੂਵਾਦ ਪੰਜਾਬ ਦੇ ਪਰਵਾਸ ਨੂੰ ਇੱਕ ਨਵਾਂ ਮੋੜ ਦਿੰਦਾ ਹੈ। ਬੇਰੁਜ਼ਗਾਰੀ ਅਤੇ ਸਰਕਾਰਾਂ ਦੀ ਮਾੜੀ ਕਾਰਗੁਜ਼ਾਰੀ ਅੱਜ ਵੀ ਪੰਜਾਬੀਆਂ ਨੂੰ ਪਰਵਾਸ ਦੇ ਰਾਹ ਤੁਰਨ ਲਈ ਮਜਬੂਰ ਕਰ ਰਹੀ ਹੈ ਭਾਵੇਂ ਉਸ ਲਈ ਕੋਈ ਵੀ ਰਾਹ ਅਪਣਾਉਣਾ ਪਵੇ- ਅਨਜੋੜ ਵਿਆਹ, ਵੱਟੇ ਦੇ ਵਿਆਹ, ਏਜੰਟਾਂ ਦੀ ਲੁੱਟ-ਖਸੁੱਟ ਅਤੇ ਹੋਰ ਕਈ ਰਸਤਿਆਂ ਰਾਹੀ ਕੀਤਾ ਜਾ ਰਿਹਾ ਪਰਵਾਸ ਨਿੱਤ ਨਵੀਆਂ ਸਮੱਸਿਆਵਾਂ ਨੂੰ ਵੀ ਜਨਮ ਦੇ ਰਿਹਾ ਹੈ। ਜਰਨੈਲ ਸਿੰਘ ਇੱਕ ਪ੍ਰਬੁੱਧ ਨਾਵਲਕਾਰ ਹੈ ਇਸ ਲਈ ਉਸਦੀ ਨਜ਼ਰ ਇਨ੍ਹਾਂ ਸਮੱਸਿਆਵਾਂ ਤੇ ਪੈਣੀ ਵੀ ਲਾਜ਼ਮੀ ਸੀ। ਉਸਨੇ ਆਪਣੇ ਨਾਵਲਾਂ ਰਾਹੀ ਪਰਵਾਸ ਦੀਆਂ ਸਮੁੱਚੀਆਂ ਆਰਥਕ ਅਤੇ ਰਾਜਨੀਤਕ ਸਮੱਸਿਆਵਾਂ ਨੂੰ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਹੈ।

ਦੁਨੀਆ ਕੈਸੀ ਹੋਈ ਵਿਚ ਨਾਵਲਕਾਰ ਨੇ ਵਰਣਨ ਕੀਤਾ ਹੈ ਕਿ ਉਹ ਲੋਕ ਜੋ ਧੀਆਂ ਪੁੱਤਰਾਂ ਦੀ ਖ਼ਾਤਰ ਪਰਵਾਸ ਧਾਰਨ ਲਈ ਮਜਬੂਰ ਹਨ ਉਹਨਾਂ ਨੂੰ ਆਪਣਾ ਦੇਸ਼ ਛੱਡ ਕੇ ਪਰਵਾਸ ਧਾਰਨ ਕਰਨਾ ਪਿਆ ਤੇ ਨਾ ਚਾਹੁੰਦੇ ਹੋਏ ਵੀ ਉਹਨਾਂ ਨੂੰ ਆਪਣੇ ਧੀਆਂ ਪੁੱਤਰਾਂ ਦੇ ਆਖੇ ਲੱਗ ਪਰਾਇਆ ਹੋਣਾ ਪਿਆ। ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਵਿਚ ਉਹਨਾਂ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕੀਤਾ ਹੈ। ਉੱਥੋ ਦੇ ਜੋ ਬਜ਼ੁਰਗ ਹਨ ਆਪਣੀ ਧਰਤੀ ਤੋਂ ਦੂਰ ਹੋ ਕੇ ਜੋ ਉਦਰੇਵਾਂ ਝੱਲਦੇ ਹਨ ਉਹਨਾਂ ਪਾਤਰਾਂ ਤੋਂ ਹੀ ਉਹਨਾਂ ਦੀ ਮਾਨਸਿਕਤਾ ਪ੍ਰਗਟਾਉਂਦਾ ਹੈ। ਇਥੋਂ ਇਹਨਾਂ ਦੇ ਜੋ ਜਾਣਕਾਰ ਸਨ ਉਹ ਵੀ ਉਹਨਾਂ ਦਾ ਸਾਥ ਨਹੀਂ ਦਿੰਦੇ ਸਗੋਂ ਉਹਨਾਂ ਦੇ ਆਪਣੇ ਸੰਗੀ ਸਾਥੀ ਵੀ ਉਹਨਾਂ ਦਾ ਮੁਸ਼ਿਕਲ ਦੀ ਘੜੀ ਵਿਚ ਸਾਥ ਨਹੀਂ ਦਿੰਦੇ। ਇਸ ਨਾਲ ਉਹਨਾਂ ਨੂੰ ਆਪਣੇ ਹਾਲਤ ਨਾਲ ਹੀ ਸਮਝੌਤਾ ਕਰਨਾ ਪੈਦਾ ਹੈ ਉਹਨਾਂ ਨੇ ਜੋ ਪੰਜਾਬ ਵਿਚ ਕੀਤੀ ਆਪਣੀ ਪੜ੍ਹਾਈ ਨੂੰ ਭੁੱਲ ਕੇ ਪਰਵਾਸ ਵਿਚ ਬੇਰੀਆਂ ਤੋੜਨਾ ਦਾ ਕੰਮ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਨਾਵਲਕਾਰ ਨੇ ਨਾਵਲ ਵਿਚ ਬਿਆਨ ਕੀਤਾ ਹੈ ਕਿ ਉਹ ਮੁੰਡੇ ਜੋ ਬੁਰੀ ਸੰਗਤ ਵਿਚ ਪੈ ਗਏ ਸਨ। ਉਹਨਾਂ ਦੀ ਰੱਖਿਆ ਅਤੇ ਉਹਨਾਂ ਨੂੰ ਇਸ ਦਲਦਲ ਵਿਚੋਂ ਬਾਹਰ ਕੱਢਣ ਲਈ ਉਹਨਾਂ ਨੂੰ ਵਿਦੇਸ਼ ਭੇਜਿਆਂ ਜਾਂਦਾ ਹੈ।

"ਸਭ ਦੀ ਇਹੋ ਕਹਾਣੀ ਏ। ਕਿਸੇ ਪੈਸੇ ਦੀ ਲਾਲਚ ਵਿਚ ਮੁੰਡੇ-ਕੁੜੀਆਂ ਨੂੰ ਬਾਹਰ ਭੇਜਿਆ, ਕਿਸੇ ਪੁਲੀਸ ਦੇ ਹੱਥ ਕੰਡਿਆਂ ਤੋਂ ਡਰਦਿਆਂ ਮੁੜਿਆਂ ਨੂੰ ਬਾਹਰ ਤੋਰ ਦਿੱਤਾ, ਕਈਆਂ ਨੂੰ ਪੱਛਮੀ ਸੱਭਿਅਤਾ ਦੇ ਝਲਕਾਰੇ ਨੇ ਚਕਾਚੌਂਧ ਕਰ ਦਿੱਤਾ।"[22]

ਬੇਗਾਨੇ ਨਾਵਲ ਵਿਚ ਦੱਸਿਆ ਹੈ ਕਿ ਮਾਂ-ਬਾਪ ਦੀ ਮਰਜ਼ੀ ਤੋਂ ਬਿਨਾਂ ਮੁੰਡਾ ਪਰਵਾਸ ਧਾਰਣ ਕਰ ਲੈਂਦਾ ਹੈ। ਬਿਨਾਂ ਦੱਸੇ ਹੀ ਵਿਆਹ ਕਰ ਲੈਂਦਾ ਹੈ ਇਸ ਨਾਲ ਉਸ ਮੁੰਡੇ ਹੈਪੀ ਦੇ ਪਿਤਾ ਤੇ ਇਸ ਦਾ ਬਹੁਤ ਅਸਰ ਹੋਇਆ। ਇਸ ਕਾਰਨ ਉਹ ਬਹੁਤ ਹੀ ਉਦਾਸ ਰਹਿਣ ਲੱਗ ਪਏ ਤੇ ਇਸ ਕਾਰਨ ਡਿਪਰੈਸ਼ਨ ਦਾ ਸ਼ਿਕਾਰ ਹੋ ਗਏ ਉਹਨਾਂ ਨੇ ਆਪਣੀ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ ਤੇ ਉਹ ਘਰ ਵਿਚ ਵੀ ਹੀ ਉਦਾਸ ਰਹਿੰਦੇ ਜਿਵੇਂ ਜ਼ਿੰਦਗੀ ਤੋਂ ਹੀ ਉਹਨਾਂ ਦਾ ਮਨ ਉੱਤਰ ਗਿਆ ਹੋਵੇ। ਅਖੀਰ ਉਸ ਦੀ ਮੌਤ ਹੋ ਜਾਂਦੀ ਹੈ ਤੇ ਉਸ ਦੀ ਮੌਤ ਤੋਂ ਬਾਅਦ ਬਿਮਲਾ ਠਾਕੁਰ ਨੂੰ ਮਜ਼ਬੂਰੀ ਵੱਸ ਪਰਵਾਸ ਧਾਰਨ ਕਰਨਾ ਪੈਂਦਾ ਹੈ। ਵਿਦੇਸ਼ ਵਿਚ ਆ ਕੇ ਉਸ ਦੀ ਇਥੇ ਕੋਈ ਪੁੱਛ ਨਹੀਂ ਸੀ ਸਗੋਂ ਉਹ ਆਪਣੀ ਨੂੰਹ ਤੋਂ ਬਹੁਤ ਦੁੱਖੀ ਸੀ। ਉਸ ਦੀ ਨੂੰਹ ਉਸ ਨਾਲ ਬਹੁਤ ਬੁਰਾ ਵਰਤਾ ਕਰਦੀ ਹੈ ਤੇ ਉਸ ਨੂੰ ਘਰ ਵਿਚ ਬੇਸਮੰਟ ਵਿਚ ਰਹਿਣ ਲਈ ਜਗ੍ਹਾਂ ਦਿੱਤੀ ਜਾਂਦੀ ਹੈ ਤੇ ਉਸ ਦੇ ਦੁੱਖਾਂ ਦੀ ਕਿਸੇ ਨੂੰ ਵੀ ਕੋਈ ਪਰਵਾਹ ਨਹੀਂ।

"ਉਸ ਨੂੰ ਪੀਜ਼ੇ, ਪਾਸਤੇ, ਪਾਈਆਂ ਆਦਿ ਚੰਗੇ ਨਹੀਂ ਸੀ ਲੱਗਦੇ ਪਰ ਜੋ ਵੀ ਉਸ ਨੂੰ ਕੱਲ੍ਹ ਰਾਤ ਦਾ ਬਚਿਆ ਪੀਜ਼ਾ ਮਿਲਿਆ ਸੀ, ਜਿਹੜਾ ਉਸ ਨੇ ਆਥਣੇ ਜਿਹੇ ਹੀ ਖਾਧਾ ਸੀ। ਜੋ ਹੋਰ ਕੋਈ ਸਮਾਂ ਹੁੰਦਾ ਤਾਂ ਸ਼ਾਇਦ ਉਹ ਪਾਸਤਾ ਨਾ ਖਾਂਦੀ ਜਾਂ ਠਹਿਰ ਕੇ ਖਾ ਲੈਂਦੀ ਪਰ ਉਹ ਹੁਣ ਭੁੱਖ ਨਾ ਹੋਣ 'ਤੇ ਵੀ ਉਸ ਨੇ ਸਾਰਾ ਪਾਸਤਾ ਚਟਮ ਕਰ ਦਿੱਤਾ ਅਤੇ ਕੱਲ੍ਹ ਤੋਂ ਨਸੀਬ ਦੇ ਬੱਚਿਆਂ ਦੀ ਸੰਭਾਲ ਬਾਰੇ ਸੋਚਦੀ ਹੋਈ ਬਿਸਤਰੇ ਵਿਚ ਲੇਟ ਗਈ।"[23]

**ਆਰਥਕ ਮਜ਼ਬੂਰੀ ਕਾਰਨ ਟੁੱਟਦੇ ਰਿਸ਼ਤੇ–** ਨਾਵਲਕਾਰ ਨੇ ਸਮਾਜ ਵਿੱਚ ਰਹਿੰਦਿਆ ਸਮੱਸਿਆਵਾ ਦਾ ਬਿਆਨ ਬਹੁਤ ਹੀ ਸੁਚੱਜਤਾ ਨਾਲ ਕੀਤਾ ਹੈ ਕਿ ਕਿਵੇਂ ਪੈਸੇ ਦੀ ਭੁੱਖ ਨੇ ਮਨੁੱਖ ਨੂੰ ਐਨਾ ਲਾਚਾਰ ਬਣਾ ਦਿੱਤਾ ਹੈ ਕਿ ਉਹ ਨਾ ਚਾਹੁੰਦੇ ਹੋਏ ਵੀ ਆਪਣੇ ਰਿਸ਼ਤਿਆਂ ਨਾਲੋਂ ਪੈਸੇ ਨੂੰ ਵੱਧ ਮਹੱਤਵ ਦਿੰਦਾ ਹੈ, ਪੈਸੇ ਕਮਾਉਣ ਦੀ ਚਾਹਤ ਵਿੱਚ ਐਨਾ ਗੁਆਚ ਗਿਆ ਹੈ ਕਿ ਉਹ ਆਪਣੀ ਆਰਥਕਤਾ ਨੂੰ ਸੁਧਾਰਨ ਦੀ ਖ਼ਾਤਰ ਜ਼ਿਆਦਾ ਜਾਂ ਦੋਹਰਾ ਕੰਮ ਕਰਦਾ ਹੈ। ਆਰਥਕਤਾ ਦੇ ਕਾਰਨ ਅਨੇਕਾਂ ਮੁਸ਼ਿਕਲਾਂ ਉਪਜਦੀਆਂ ਹਨ। ਪਰਵਾਸ ਵਿੱਚ ਔਰਤ ਮਰਦ ਕੋਲ ਆਪਣੇ ਵਿਆਹੁਤਾ ਜੀਵਨ ਜਿਉਣ ਲਈ ਵੀ ਟਾਇਮ ਨਹੀਂ ਹੈ ਉਹ ਇੱਕ ਦੂਜੇ ਨੂੰ ਕਈ ਵਾਰ ਇੱਕ ਘਰ ਵਿੱਚ ਹੁੰਦੇ ਹੋਏ ਵੀ ਮਿਲ ਨਹੀਂ ਪਾਉਂਦੇ। ਘਰਵਾਲੀ ਆਪਣੇ ਪਤੀ ਦੇ ਪਿਆਰ ਤੋਂ ਸੱਖਣੀ ਹੈ। ਉਹ ਚਾਹੁੰਦੀ ਹੈ ਕਿ ਉਸਦਾ ਪਤੀ ਉਸ ਨਾਲ ਪਿਆਰ ਦੇ ਦੋ ਬੋਲ ਬੋਲੇ ਪਰ ਉਹ ਆਪਣੀਆਂ ਮਜ਼ਬੂਰੀਆਂ ਵਿੱਚ ਵਸੇ ਹੋਣ ਕਾਰਨ ਉਹ ਆਪਣੀ ਪਤਨੀ ਨੂੰ ਵਕਤ ਨਹੀਂ ਦੇ ਪਾਉਂਦਾ। ਪਰ ਉਹ ਦੋਵੇਂ ਆਪਣੀ-ਆਪਣੀ ਜਗ੍ਹਾ ਤੇ ਠੀਕ ਹਨ। ਪਰ ਉਹ ਕੁੜੀ ਚਾਹੁੰਦੀ ਹੈ ਕਿ ਮੁੰਡਾ ਮਕਾਨ ਵੇਚ ਦੇ ਪਰ ਮੁੰਡਾ ਭਾਈਚਾਰੇ ਵਿੱਚ ਆਪਣੀ ਇੱਜ਼ਤ ਗੁਆਉਣਾ ਨਹੀਂ ਚਾਹੁੰਦਾ। ਪਰ ਕੁੜੀ ਐਸ਼ ਨੂੰ ਵੱਧ ਤਰਜੀਹ ਦਿੰਦੀ ਹੈ ਪਰ ਲੋਕ ਪਰਵਾਸ ਦੇ ਚੰਗੇ ਗੁਣਾਂ ਨਾਲੋਂ ਮਾੜੀਆਂ ਗੱਲਾਂ ਦਾ ਵੱਧ ਪ੍ਰਭਾਵ ਕਬੂਲਦੇ ਹਨ।

"ਉਹ ਕੰਮ ਨਾਲੋਂ ਮੀਆਂ ਬੀਵੀ ਦੀ ਐਸ਼ ਨੂੰ ਵੱਧ ਤਰਜੀਹ ਦਿੰਦੀ ਹੈ ਅਤੇ ਮੁੰਡਾ ਵੱਧ ਕਮਾਈ ਕਰਕੇ ਹੋਰ ਉੱਚਾ ਉੱਠਣ ਲਈ ਲੋਚ ਰਿਹਾ ਹੈ ਜਿਸ ਤਰ੍ਹਾਂ ਤੁਸੀਂ ਦੱਸਿਆ ਹੈ, ਇਸ ਹਿਸਾਬ ਕੁੜੀ ਮੁੰਡੇ ਦੀ ਕੋਈ ਰਾਤ ਵੀ ਸਾਂਝੀ ਨਹੀਂ ਲੰਘਦੀ ਹੋਣੀ।"[24]

ਪਰਵਾਸ ਵਿਚ ਜਰਨੈਲ ਸਿੰਘ ਸੇਖਾ ਨੇ ਬਿਆਨ ਕੀਤਾ ਹੈ ਕਿ ਵਿਦੇਸ਼ ਜਾਣ ਦੀ ਹੋੜ ਦੇ ਕਾਰਨ ਲੋਕ ਆਪਣੀਆਂ ਛੋਟੀ ਉਮਰ ਦੀਆਂ ਕੁੜੀਆਂ ਦੇ ਵਿਆਹ ਵੀ ਬੁੱਢਿਆਂ ਨਾਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ ਇਸ ਤਰ੍ਹਾਂ ਸੰਤ ਸਿੰਘ ਦੀ ਘਰਵਾਲੀ ਦੀ ਮੌਤ ਪਿੱਛੋਂ ਉਸਨੇ ਪੰਜਾਬ ਜਾ ਕੇ ਵਿਆਹ ਕਰ ਲਿਆ ਤੇ ਉਸਦੀ ਘਰਵਾਲੀ ਬਾਈ ਤੇਈ ਸਾਲ ਦੀ ਕੁੜੀ ਸੀ ਜੋ ਸਾਲ ਕੁ ਦੇ ਅੰਦਰ ਕੈਨੇਡਾ ਚਲੀ ਗਈ ਅਤੇ ਸਾਲ ਮਗਰੋਂ ਹੀ ਉਸਦੇ ਮਾਪੇ ਵੀ ਆ ਗਏ ਉਹਨਾਂ ਦਾ ਆਉਣ ਤੇ ਕੁੜੀ ਤਾਂ ਪੂਰੀ ਤਰ੍ਹਾਂ ਬਦਲ ਗਈ। ਅਖੀਰ ਇੱਕ ਦਿਨ ਐਸਾ ਆਇਆ ਕਿ ਕੁੜੀ ਦੇ ਭਰਾਵਾਂ ਨੇ ਸੰਤ ਸਿੰਘ ਨੂੰ ਕੁੱਟਿਆ ਤੇ ਪੁਲਿਸ ਨੂੰ ਵੀ ਦੱਸ ਦਿੱਤਾ ਕਿ ਇਹ ਸਾਡੀ ਭੈਣ ਨੂੰ ਤੰਗ ਕਰਦਾ ਹੈ। ਉਸਦੀ ਸਾਂਝੀ ਕਾਪੀ ਹੋਣ ਕਰਕੇ ਉਸਨੇ ਸਾਰਾ ਪੈਸਾ ਕੱਢਵਾ ਲਿਆ।

**ਆਰਥਕਲੁੱਟ-ਖਸੁੱਟ**- ਪੰਜਾਬੀਆਂ ਨੂੰ ਰੇਲਵੇ ਟਰੈਕ ਅਤੇ ਲੱਕੜ ਮਿੱਲਾਂ ਵਿਚ ਤੇ ਉਹ ਵੀ ਬਰਫ਼ੀਲੇ ਮੌਸਮਾਂ ਵਿੱਚ, ਬਹੁਤ ਭਾਰੇ ਕੰਮ ਕਰਨ ਲਈ ਮਜ਼ਬੂਰ ਹੋਣਾ ਪਿਆ। ਉਨ੍ਹਾਂ ਨੂੰ ਰਹਿਣਾ ਵੀ ਜ਼ਿੰਦਗੀ ਦੀਆਂ ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਹੀ ਨਸੀਬ ਹੁੰਦਾ ਹੈ ਨਾਵਲਕਾਰ ਨੇ ਬਿਆਨ ਕੀਤਾ ਹੈ।

"ਜਦੋਂ ਬਰਫ਼ ਪੈਂਦੀ ਤਾਂ ਜਾਂ ਤੰਬੂਆਂ ਅੰਦਰ ਹੀ ਵੜ ਕੇ ਬੈਠਣਾ ਪੈਂਦਾ ਜਾਂ ਉਹੋ ਜਿਹੇ ਮੌਸਮ ਵਿੱਚ ਹੀ ਕੰਮ ਕਰਨਾ ਪੈਂਦਾ, ਜਿਸ ਕਾਰਨ ਹੱਥ ਪੈਰ ਸੁੱਜ ਜਾਂਦੇ ਤੇ ਕਈ ਤਾਂ ਭਿਆਨਕ ਬਿਮਾਰੀਆਂ ਦਾਸ਼ਿਕਾਰ ਵੀ ਹੋ ਜਾਂਦੇ। "

ਪਰ ਪੰਜਾਬੀਆਂ ਨੇ ਮੁਸ਼ਕਲਾਂ ਤੋਂ ਮੂੰਹ ਨਹੀਂ ਮੋੜਿਆ ਤੇ ਉਥੇ ਹੀ ਵਸਣ ਰਸਣ ਦਾ ਪੱਕਾ ਫ਼ੈਸਲਾ ਕਰ ਕੇ ਡਟੇ ਰਹੇ। ਉਨ੍ਹਾਂ ਦੀਆਂ ਮੁਸ਼ਕਲਾਂ ਦੇ ਰੂਪ ਬਦਲਦੇ ਰਹੇ ਪਰ ਉਨ੍ਹਾਂ ਨੇ ਆਪਣੀਆਂ ਜੜ੍ਹਾਂ ਲਾ ਲਈਆ। ਪਰ ਪਰਵਾਸੀਆਂ ਦੀ ਜੋ ਮਿਹਨਤ ਬਣਦੀ ਹੈ ਉਹ ਉਹਨਾਂ ਨੂੰ ਦਿੱਤੀ ਨਹੀਂ ਜਾਂਦੀ ਸਗੋਂ ਉਹਨਾਂ ਦਾ ਸੋਸ਼ਣ ਹੁੰਦਾ ਹੈ। ਇੰਡਿਆ ਤੋਂ ਗਏ ਹੋਏ ਵੀ ਉਹਨਾਂ ਦਾ ਸੋਸ਼ਣ ਕਰਦੇ ਹਨ।

ਉਹ ਆਪਣੀ ਆਰਥਕ ਲੁੱਟ-ਖਸੁੱਟ ਹੁੰਦੀ ਵੇਖ ਕੇ ਵੀ ਚੁੱਪ ਰਹਿੰਦੇ ਹਨ। ਨਾਵਲਕਾਰ ਨੇ ਉਹਨਾਂ ਦੀ ਲੁੱਟ ਦਾ ਵਰਣਨ ਕੀਤਾ ਹੈ। ਖੇਤ ਕਾਮਿਆਂ ਵਲੋਂ ਕੀਤੀ ਮਿਹਨਤ ਦਾ ਸਹੀ ਮੁੱਲ ਨਾ ਮੋੜਨਾ ਸਗੋਂ ਉਹਨਾਂ ਨੂੰ ਬੇਈਮਾਨ ਸ਼ਬਦ ਨਾਲ ਸੰਬੋਧਨ ਕੀਤਾ ਜਾਂਦਾ ਹੈ।

"ਆਹ ਪਿੱਛੇ ਮੁੜ ਕੇ ਦੇਖੋ ਕਿਵੇਂ ਪੱਕੀ ਬੇਰੀ ਛੱਡੀ ਜਾਂਦੇ ਓ। ਥੱਲੇ ਡਿੱਗੀ ਹੋਈ ਬੇਰੀ ਵੀ ਨਹੀਂ ਚੁੱਕਦੇ। ਇਉਂ ਬੇਈਮਾਨੀ ਨਹੀਂ ਕਰਨੀ ਚਾਹੀਦੀ।"[25]

ਉਹ ਪਰਵਾਸ ਵਿਚ ਆਪਣੇ ਹੱਕਾਂ ਬਾਰੇ ਕਿਤੇ-ਕਿਤੇ ਬੋਲਦੇ ਵੀ ਹਨ। ਉਹ ਇਸ ਅਪਮਾਨ ਦਾ ਘੁੱਟ ਭਰਦੇ ਨਹੀਂ ਸਗੋਂ ਉਹਨਾਂ ਨੂੰ ਜਵਾਬ ਦਿੰਦੇ ਹਨ:-

"ਆਂਟੀ, ਇੱਕ ਗੱਲ ਮੈਂ ਵੀ ਪੁੱਛ ਲਵਾਂ। ਭਲਾ ਬੇਈਮਾਨ ਕੌਣ ਹੁੰਦਾ ਏ? ਜੇ ਤੁਹਾਨੂੰ ਨਹੀਂ ਪਤਾ ਤਾਂ ਮੈਂ ਦੱਸ ਦਿੰਦਾ ਹਾਂ। ਬੇਈਮਾਨ ਦੇ ਭਾਵ ਹੈ ਬੇ-ਈਮਾਨ, ਜਿਸ ਦਾ ਕੋਈ ਈਮਾਨ ਨਾ ਹੋਵੇ, ਧਰਮ ਨਾ ਹੋਵੇ, ਜ਼ਮੀਰ ਨਾ ਹੋਵੇ। ਜੇ ਕੋਈ ਭੁੱਲ ਭੁੱਲੇਖੇ ਪਿੱਛੇ ਦਾਣਾ ਰਹਿ ਗਿਆ ਤਾਂ ਅਸੀਂ ਬੇਈਮਾਨ ਕਿਵੇਂ ਹੋ ਗਏ। ਬੇਈਮਾਨ ਤਾਂ ਉਹ ਹੁੰਦੇ ਨੇ ਜਿਹੜੇ ਘੱਟ ਤੋਲਣ, ਮਜ਼ਦੂਰਾਂ ਦੀ ਮਜ਼ਦੂਰੀ ਵਿਚ ਹੇਰਾ ਫੇਰੀ ਕਰਨ। ਪਾੜ੍ਹਾ ਮੁੰਡਾ ਗੁੱਸੇ ਵਿਚ ਭਰਿਆ ਹੋਇਆ ਬੋਲਿਆ।"[26]

**ਪੰਜਾਬ ਸੰਕਟ ਦਾ ਬਿਆਨ-** ਸੰਨ ਚੌਰਾਸੀ ਦੀ ਘਟਨਾ ਨੇ ਸਾਰੇ ਪੰਜਾਬ ਵਿਚ ਰਹਿੰਦੇ ਸਿੱਖੇ ਦੇ ਦਿਲ ਵਿਚ ਇਕ ਵੱਖਰੀ ਤਰ੍ਹਾਂ ਦਾ ਰੋਹ ਪੈਦਾ ਕਰ ਦਿੱਤਾ। ਹਰਮਿੰਦਰ ਸਾਹਿਬ ਤੇ ਹਮਲੇ ਨਾਲ ਹਰ ਇਕ ਸਿੱਖ ਦੇ ਮਨ ਵਿਚ ਗੁੱਸਾ ਭਰ ਦਿੱਤਾ। ਇਸ ਹਮਲੇ ਨਾਲ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਨੇ ਦੋਹਾਂ ਫਿਰਕਿਆਂ ਵਿਚ ਦੂਰੀਆਂ ਵਧਾ ਦਿੱਤੀਆਂ ਸਨ। ਪੰਜਾਬ ਵਿਚ ਖਾੜਕੂਵਾਦ ਦਾ ਵੀ ਕਾਫ਼ੀ ਪ੍ਰਭਾਵ ਦਿਖਾਈ ਦਿੰਦਾ ਸੀ। ਪੰਜਾਬ ਵਿਚ ਜਿਵੇਂ-ਜਿਵੇ ਖਾੜਕੂਵਾਦ ਦਾ ਜ਼ੋਰ ਵੱਧਦਾ ਗਿਆ ਇਸ ਨਾਲ ਜੱਥੇਬੰਦੀਆਂ ਵੀ ਖੂਜੇ ਲੱਗਦੀਆਂ ਗਈਆਂ। ਕਈ ਲੋਕ ਖਾੜਕੂਵਾਦ ਦਾ ਵਿਦਰੋਹ ਕਰਦੇ ਸਨ। ਕਾਲੇ ਦੌਰ ਵਿਚ ਲੱਖਾਂ ਲੋਕਾਂ ਦੀਆਂ ਜਾਨਾਂ ਗਈਆਂ ਲੋਕਾਂ ਨੇ ਆਪਣੇ ਪਿੰਡ ਛੱਡ ਕੇ ਦੂਰ ਚਲੇ ਗਏ। ਇਸ ਨਾਲ ਪੰਜਾਬ ਦੇ ਵਿਚ ਬਦਅਮਨੀ ਦਾ ਮਾਹੌਲ ਪੈਂਦਾ ਕੀਤਾ। ਬਾਹਰ ਦੇ ਦੇਸ਼ਾਂ ਵਿਚ ਵੀ ਖਾੜਕੂਵਾਦ ਦਾ ਅਸਰ ਦਿਖਾਈ ਦਿੰਦਾ ਹੈ ਉੱਥੇ ਗੁਰਦੁਆਰੇ ਵਿਚ ਵੀ ਕੰਧਾਂ ਉੱਤੇ ਪੋਸਟਰ ਲੱਗੇ ਹੋਏ ਸਨ ਜਿਸ ਵਿਚ ਖਾਲਸਤਾਨ ਜਿੰਦਾਬਾਆਦ : ਰਾਜ ਕਰੇਗਾ ਆਦਿ ਲਿਖਿਆ ਸੀ। ਪੰਜਾਬ ਦੀ ਭੈੜੀ ਹਾਲਤ ਬਾਰੇ ਵਿਗੋਚਾ ਵਿਚ ਬਿਆਨ ਕੀਤਾ ਹੈ ਕਿ ਕਿਵੇਂ ਖਾੜਕੂ ਤੇ ਪੁਲਿਸ ਲੋਕਾਂ ਨੂੰ ਤੰਗ ਕਰਦੀ ਹੈ।

"ਪੁਲਿਸ ਤੇ ਖਾੜਕੂਆਂ ਨੇ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ। ਦੋਹਾਂ ਨੇ ਹੀ ਕਾਨੂੰਨ ਨੂੰ ਆਪਣੇ ਹੱਥ ਲਿਆ ਹੋਇਆ ਏ। ਦਿਨੇ ਪੁਲੀਸ ਦਾ ਕਹਿਰ ਹੁੰਦਾ ਹੈ ਤੇ ਰਾਤ ਨੂੰ ਖਾੜਕੂਆਂ ਦਾ। ਲੋਕ ਦੋ ਪੁੜਾਂ ਵਿਚ ਪਿਸ ਰਹੇ ਨੇ। ਮੇਰੇ ਉੱਥੋਂ ਆਉਣ ਦਾ ਕਾਰਨ ਵੀ ਇਹੋ ਹੀ ਹੈ ਕਿਉਂਕਿ ਜਵਾਨ ਮੁੰਡਿਆਂ ਨੂੰ ਦੋਵੇਂ ਧਿਰਾ ਹੀ ਸ਼ਿਕਾਰ ਅੱਖ ਨਾਲ ਦੇਖਦੀਆਂ ਹਨ।"[27]

ਪੰਜਾਬ ਵਿਚ ਚੌਰਾਸੀ ਦੇ ਸਮੇਂ ਪੁਲਿਸ ਅਤੇ ਰਾਜਨੀਤੀ ਵਾਲੇ ਵਿਅਕਤੀਆਂ ਨੇ ਆਪਣੀ ਰੰਜ਼ਸ਼ ਕੱਢਣ ਲਈ ਅਨੇਕਾਂ ਭੋਲੇ-ਭਾਲੇ ਲੋਕਾਂ ਤੇ ਨੌਜਵਾਨਾਂ ਦਾ ਕਤਲੇਆਮ ਕੀਤਾ ਜਿਸ ਵਿਚ ਲੋਕਾਂ ਨੇ ਆਪਣੀਆਂ ਦੁਸ਼ਮਣੀਆ ਨੂੰ ਵੀ ਕੱਢਿਆ ਉਸ ਸਮੇਂ ਪੁਲਿਸ ਦਾ ਰੋਲ ਕੋਈ ਬਹੁਤਾ ਚੰਗਾ ਨਹੀਂ ਸੀ ਉਹ ਵੀ ਆਪਣੀਆਂ ਤੇ ਲੋਕਾਂ ਦੀਆਂ ਰੰਜਸ਼ਾਂ ਨੂੰ ਬਾਹਰ ਕੱਢਣ ਲਈ ਨੌਜਵਾਨਾਂ ਨੂੰ ਝੂਠੇ ਕੇਸਾਂ ਵਿਚ ਫ਼ਸਾ ਕੇ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੁੰਡਿਆਂ ਨੂੰ ਚੁੱਕ ਉਹਨਾਂ ਉੱਪਰ ਝੂਠੇ ਕੇਸ ਪਾ ਕੇ ਉਹਨਾਂ ਨੂੰ ਐਨਕਾਊਟਰ ਕਰ ਕੇ ਮਾਰ ਦਿੱਤੇ ਜਾਂਦੇ ਸਨ ਜਾਂ ਉਹਨਾਂ ਦੇ ਕੇਸ਼ਾਂ ਬਾਰੇ ਕਿਸੇ ਨੂੰ ਕੋਈ ਕਾਣਕਾਰੀ ਨਹੀਂ ਸੀ ਹੁੰਦੀ। ਉੱਥੇ ਬਹੁਤੇ ਮੁਜਰਮ ਤੇ ਖਾੜਕੂ ਪੁਲਿਸ ਤੇ ਰਾਜਨੀਤੀਵਾਨਾ ਦੀ ਸ਼ਰਨ ਵਿਚ ਹੀ ਰਹਿੰਦੇ ਸਨ। ਭਗੌੜੇ ਨਾਵਲ ਵਿਚ ਵੀ ਪੁਲੀਸ ਵੱਲੋਂ ਰਾਜਨੀਤੀ ਦੀ ਸ਼ਰਨ ਵਿਚ ਆ ਕੇ ਪੁਲਿਸ ਆਪਣੇ ਕੰਮ ਕੱਢਦੀ ਸੀ। ਇਸ ਵਿਚ ਪੁਲਿਸ ਨੇ ਕਈ ਵਾਰ ਕੋਸ਼ਿਸ਼ ਕੀਤੀ ਪਰ ਵਾਈਸ ਚਾਂਸਲਰ ਨੇ ਮਨਜ਼ੂਰੀ ਨਹੀ ਦਿੱਤੀ ਪਰ ਹੁਣ ਨਵੇਂ ਬਣੇ ਮੁੱਖ

ਮੰਤਰੀ ਨੇ ਵਾਈਸ ਚਾਂਸਲਰ ਨੂੰ ਕਿਸੇ ਮਿਸ਼ਨ ਉੱਪਰ ਬਾਹਰ ਭੇਜ ਕੇ ਫਿਰ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਮੁੰਡਿਆਂ ਨੂੰ ਚੁੱਕੇ ਜਾਣ ਦੀ ਯੋਜਨਾ ਬਣਾਈ। ਸੁਰੇਖਾ ਤੇ ਸੁਖਬੀਰ ਦੇ ਆਪਸ ਵਿਚ ਸੰਬੰਧ ਹੋਣ ਕਾਰਨ ਉਸ ਦੇ ਪਿਤਾ ਵੱਲੋਂ ਸੁਖਬੀਰ ਨੂੰ ਇਸ ਵਿਚ ਮਾਰ ਕੇ ਆਪਣੇ ਰਾਹ ਦੇ ਕੰਢੇ ਨੂੰ ਸਾਫ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਕਿਸੇ ਨੂੰ ਪਤਾ ਵੀ ਨਹੀਂ ਲੱਗੇ ਇਸ ਬਾਰੇ। ਇਸ ਵਿਚ ਉਸ ਸਮੇਂ ਦੀ ਰਾਜਨੀਤੀ ਦੇ ਬਾਰੇ ਵੀ ਬਿਆਨ ਕੀਤਾ ਹੈ ਕਿਵੇਂ ਕਿਸੇ ਦੇ ਹੱਥ ਵਿਚ ਡੋਰ ਹੋਣ ਕਾਰਨ ਉਹ ਜੋ ਚਾਹੇ ਉਹ ਕਰ ਸਕਦਾ ਹੈ ਤੇ ਕਿਸੇ ਨੂੰ ਪਤਾ ਵੀ ਨਹੀਂ ਲੱਗਦਾ ਤੇ ਇਸ ਤਰ੍ਹਾਂ ਹੀ ਉਹਨਾਂ ਦੇ ਚਿਹਰੇ ਜੋ ਸਮਾਜ ਤੋਂ ਲੁਕੇ ਹੋਏ ਹਨ ਉਹਨਾਂ ਨੂੰ ਵੀ ਨੰਗਿਆ ਕਰਕੇ ਸਮਾਜ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਉਹਨਾਂ ਦੀਆ ਭੈੜੀਆਂ ਚਾਲਾ ਤੇ ਉਹਨਾਂ ਦੇ ਗੁਝੇ ਭੇਦਾਂ ਬਾਰੇ ਬਿਆਨ ਕੀਤਾ ਜਾਂਦਾ ਹੈ। ਉਹਨਾਂ ਦੇ ਚਿਹਰੇ ਨੂੰ ਨੰਗਿਆ ਕਰਕੇ ਲੋਕਾ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ-

> "ਨਵੇਂ ਬਣੇ ਮੁੱਖਮੰਤਰੀ ਵੱਲੋਂ ਵਾਇਸ ਚਾਸਲਰ ਨੂੰ ਕਿਸੇ ਮਿਸ਼ਨ ਉੱਪਰ ਵਿਦੇਸ਼ ਭੇਜਿਆ ਜਾ ਰਿਹਾ ਸੀ। ਉਸ ਤੋਂ ਮਗਰੋਂ ਪੁਲਿਸ ਕੈਂਪਸ ਵਿਚ ਦਾਖ਼ਲ ਹੋ ਜਾਵੇਗੀ ਅਤੇ ਬਹੁਤ ਸਾਰੇ ਮੁੰਡਿਆਂ ਨੂੰ ਚੁੱਕ ਕੇ ਲੈ ਜਾਵੇਗੀ ਜਿਨ੍ਹਾਂ ਵਿਚ ਸੁਖਬੀਰ ਵੀ ਹੋਵੇਗਾ। ਉਸ ਨੂੰ ਖਾੜਕੂਆਂ ਹੱਥੋ ਮਾਰਿਆਂ ਦਿਖਾ ਦਿੱਤਾ ਜਾਵੇਗਾ।"[28]

ਮੁੱਖ ਮੰਤਰੀ ਵੱਲੋਂ ਪੁਲੀਸ ਨੂੰ ਐਨੀ ਖੁੱਲ੍ਹ ਦਿੱਤੀ ਹੈ ਕਿ ਜੋ ਮਰਜ਼ੀ ਕਰਨ ਸਿਆਹ ਸਫ਼ੈਦ ਕਰਨ ਗੰਧਲੀ ਸਿਆਸਤ ਵਿਚ ਕੋਈ ਵੀ ਕਾਨੂੰਨ ਨਹੀਂ ਚੱਲਦੇ ਕਿਉਂਕਿ ਸਾਡੇ ਸਮਾਜ ਦੇ ਜੋ ਠੇਕੇਦਾਰ ਹੈ ਉਹ ਹੀ ਸਮਾਜ ਨੂੰ ਗੰਧਲਾ ਕਰਦੇ ਹਨ ਉਹਨਾਂ ਨੇ ਹੀ ਪੁਲਿਸ ਨੂੰ ਪੂਰੀ ਖੁੱਲ੍ਹ ਦਿੱਤੀ ਹੈ ਜੋ ਚਾਹੇ ਉਹ ਕਰ ਸਕਦੀ ਹੈ ਉਹਨਾਂ ਉੱਪਰ ਕੋਈ ਵੀ ਕਾਨੂੰਨ ਲਾਗੂ ਨਹੀਂ ਹੁੰਦਾ। ਕੋਈ ਵੀ ਦੇਸ਼ ਪ੍ਰੇਮੀ ਜਦੋਂ ਆਪਣੇ ਦੇਸ਼ ਲਈ ਕੁਝ ਕਰਦਾ ਹੈ ਤਾਂ ਉਸ ਦੇ ਨਾਲ ਉਸ ਦੇ ਪਰਿਵਾਰ ਨੂੰ ਵੀ ਮੁਸ਼ਿਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇੰਦਰ ਸਿੰਘ ਜਦੋਂ ਵਾਪਿਸ ਆਉਂਦਾ ਹੈ ਤਾਂ ਉਹ ਤਾਂ ਬਿਨਾਂ ਕਿਸੇ ਨੂੰ ਦੱਸਿਆਂ ਪਿੰਡਛੱਡ ਜਾਂਦਾ ਹੈ ਤਾਂ ਪੁਲਿਸ ਉਸ ਨੂੰ ਫੜ੍ਹਣ ਦੀ ਬਜਾਏ ਉਸ ਦੇ ਪਰਿਵਾਰ ਨੂੰ ਤੰਗ ਕਰਦੀ ਹੈ ਤੇ ਉਹਨਾਂ ਨੂੰ ਬਹੁਤ ਤਕਲੀਫਾ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਸਾਰੇ ਰਿਸ਼ਤੇਦਾਰ ਤੇ ਸਾਕ-ਸਬੰਧੀ ਉਸ ਨਾਲ ਨਾਤਾ ਤੋੜ ਦਿੰਦੇ ਹਨ ਤੇ ਉਹ ਆਪਣੇ ਛੋਟੇ ਜਿਹੇ ਬੱਚੇ ਨਾਲ ਪਿੰਡ ਛੱਡ ਕੇ ਚਲੀ ਜਾਂਦੀ ਹੈ। ਉਹ ਕਹਿੰਦੀ ਹੈ ਕਿ ਇੰਦਰ ਸਿੰਘ ਦੇ ਜਾਣ ਤੋਂ ਬਾਅਦ ਉਹ ਔਖੇ-ਸੋਖੇ ਦਿਨ ਬਤੀਤ ਕਰ ਰਹੇ ਸਨ ਪਰ ਉਸਦੇ ਆ ਜਾਣ ਨਾਲ ਉਹਨਾਂ ਨੂੰ ਬਹੁਤ ਮੁਸ਼ਿਕਲਾ ਦਾ ਸਾਹਮਣਾ ਕਰਦੇ ਹਨ।

> "ਅਸੀਂ ਏਥੇ, ਔਖੇ ਸੌਖੇ, ਸੁਹਣੇ ਦਿਨ ਕੱਢੀ ਜਾਂਦੇ ਸੀ। ਉਹ ਉੱਥੋਂ ਆ ਕੇ ਸਾਡੇ ਦੁੱਖਾਂ ਵਿਚ ਹੋਰ ਵਾਧਾ ਗਿਐ। ਜੇ ਓਸ ਨੇ ਏਥੇ ਆ ਕੇ ਸਾਨੂੰ ਏਸ ਤਰ੍ਹਾਂ ਦੁੱਖੀ ਕਰਨਾ ਸੀ ਤਾਂ ਏਸ ਨਾਲੋਂ ਨਾ ਹੀ ਆਉਂਦਾ। ਇਕ ਆਹ ਛਿੰਗ ਜੇਹੀ ਮੇਰੀ ਝੋਲੀ ਪਾ ਗਿਐ, ਹੁਣ ਮੈਂ ਏਸ ਨੂੰ ਲੈ ਕੇ ਕਿੱਥੇ-ਕਿੱਥੇ ਲੁੱਕਦੀ ਫਿਰਾਂ?"[29]

ਭਗੌੜੇ ਨਾਵਲ ਵਿਚ ਬਿਆਨ ਕੀਤਾ ਹੈ ਕਿ ਪੁਲਿਸ ਵੱਲੋਂ ਸਤਾਏ ਹੋਏ ਨੌਜਵਾਨਾਂ ਨੂੰ ਕਾਲਜਾਂ ਵਿਚੋ ਚੁੱਕ ਕੇ ਉਹਨਾਂ ਨੂੰ ਮਾਰ ਦਿੱਤਾ ਜਾਂਦਾ ਸੀ । ਉਹਨਾਂ ਨੂੰ ਝੂਠੇ ਕੇਸਾਂ ਵਿਚ ਫ਼ਸਾ ਕੇ ਉਹਨਾਂ ਦਾ ਐਨਕਾਉਂਟਰ ਕਰ ਕੇ ਮਾਰ ਦਿੰਦੇ ਸਨ

ਉਹਨਾਂ ਨਾਲ ਅਣਮਨੁੱਖੀ ਵਤੀਰਾ ਕੀਤਾ ਜਾਂਦਾ ਹੈ ਇਸ ਨਾਵਲ ਵਿਚ ਸੁਖਬੀਰ ਤੇ ਸੁਰੇਖਾ ਦੇ ਪਿਆਰ ਬਾਰੇ ਜਦੋਂ ਸੁਰੇਖਾ ਦੇ ਪਿਤਾ ਨੂੰ ਪਤਾ ਲੱਗਦਾ ਹੈ ਉਹ ਉਹਨਾਂ ਨੂੰ ਮਾਰਨ ਦੀ ਯੋਜਨਾ ਬਣਾਉਂਦਾ ਹੈ ਉਸ ਬਾਰੇ ਪਹਿਲਾ ਹੀ ਸੁਰੇਖਾ ਨੂੰ ਪਤਾ ਚੱਲ ਜਾਂਦਾ ਹੈ ਉਹ ਸੁਖਬੀਰ ਨੂੰ ਸੁਨੇਹਾ ਭੇਜ ਕੇ ਉਸ ਨੂੰ ਹੋਸਟਲ ਤੋਂ ਬਹਾਰ ਜਾਣ ਕਹਿੰਦੀ ਹੈ ਉਹ ਉੱਥੋਂ ਭੱਜ ਜਾਂਦਾ ਹੈ ਤੇ ਉਸ ਦੀ ਜਾਨ ਬੱਚ ਜਾਂਦੀ ਹੈ ਪਰ ਪੁਲਿਸ ਦੀ ਕਰਵਾਈ ਵਿਚ ਹੋਰ ਮੁੰਡੇ ਆ ਜਾਂਦੇ ਹਨ ਜਿਸ ਵਿਚ ਸੁਖਬੀਰ ਦਾ ਦੋਸਤ ਕਰਨ ਵੀ ਆ ਜਾਂਦਾ ਹੈ ਤੇ ਪੁਲਿਸ ਨੇ ਉਸਨੂੰ ਇਹਨਾਂ ਕੁਟਦੀ ਹੈ ਕਿ ਉਸ ਦੀਆਂ ਲੱਤ ਤੋੜ ਦਿੰਦੀ ਹੈ। ਸੁਖਬੀਰ ਭੱਜ ਕੇ ਆਪਣੀ ਜਾਨ ਬਚਾ ਕੇ ਆਪਣੇ ਮਾਮੇ ਦੇ ਮਾਧਿਅਮ ਨਾਲ ਚੈਕੋਸਲਵਾਕੀਆ ਚੱਲਾਂ ਜਾਂਦਾ ਹੈ। ਉਥੇ ਜਾ ਕੇ ਉਸਨੂੰ ਪਤਾ ਲੱਗਦਾ ਹੈ ਕਿ ਉਸ ਦੇ ਜਾਣ ਤੋਂ ਬਾਅਦ ਉਸ ਦੇ ਭਰਾ ਤੇ ਉਹਨਾਂ ਦਾ ਟਰੈਕਟਰ ਨੂੰ ਵੀ ਪੁਲੀਸ ਚੱਕ ਕੇ ਲੈ ਜਾਂਦੀ ਹੈ ਤੇ ਉਨਾਂ ਉੱਪਰ ਵੀ ਅੱਤਿਆਚਾਰ ਹੁੰਦੇ ਹਨ ਅਤੇ ਅਖੀਰ ਇਕ ਦਿਨ ਪੁਲੀਸ ਉਹਨਾਂ ਨੂੰ ਛੱਡ ਦਿੰਦੀ ਹੈ ਪਰ ਉਹਨਾਂ ਨੂੰ ਆਪਣੀਆਂ ਦੁਕਾਨਾਂ ਵੇਚਣੀਆਂ ਪੈਂਦੀਆਂ ਹਨ।

ਪੁਲੀਸ ਨੇ ਯੂਨੀਵਰਸਿਟੀ ਦੇ ਤਿੰਨ ਮੁੰਡੇ ਚੁੱਕ ਕੇ ਪੁਲੀਸ ਨੇ ਮਾਰ ਕੇ ਝੂਠੀ ਖ਼ਬਰ ਲੁਆਈ ਕੀ ਖਾੜਕੂਆਂ ਨੇ ਯੂਨੀਵਰਸਿਟੀ ਦੇ ਤਿੰਨ ਮੁੰਡੇ ਮਾਰ ਕੇ ਉਹਨਾਂ ਨੂੰ ਦੀਆਂ ਲਾਸ਼ਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਤਾਂ ਜੋ ਕਿਸੇ ਨੂੰ ਉਹਨਾਂ ਦੀ ਪਛਾਣ ਨਾ ਹੋ ਸਕੇ। ਪੁਲਿਸ ਨੇ ਇਹ ਵੀ ਸ਼ੱਕ ਪ੍ਰਗਟ ਕੀਤਾ ਕਿ ਉਹਨਾਂ ਵਿਚ ਇਕ ਲਾਸ਼ ਸੁਖਬੀਰ ਦੀ ਹੈ। ਇਸ ਤਰ੍ਹਾਂ ਪੁਲੀਸ ਮੁੰਡਿਆਂ ਉਤੇ ਅੰਨਾ ਤੱਸ਼ਦੱਤ ਕਰਦੀ ਹੈ ਉਹਨਾਂ ਆਪਣੇ ਦੇਸ਼ ਵਿਚ ਰਹਿ ਕੇ ਵੀ ਆਪਣੇ ਆਪ ਨੂੰ ਸੁਰਖਿਅਤ ਨਹੀਂ ਸਮਝਦੇ ਉਹ ਸਮੇਂ ਦੇ ਨਾਲ ਪੁਲੀਸ ਦੀਆਂ ਭੈੜੀਆਂ ਚਾਲਾਂ ਤੋਂ ਜਾਣੂ ਹੋ ਜਾਂਦੇ ਹਨ ਉਹਨਾਂ ਨੂੰ ਪਤਾ ਹੈ ਕਿ ਪੁਲਿਸ ਕੋਟ ਦੇ ਚੱਕਰਾਂ ਵਿਚ ਨਹੀਂ ਪੈਦੀਂ ਉਹ ਤਾਂ ਉਹਨਾਂ ਦਾ ਮੁਕਾਬਲਾ ਬਣਾ ਕੇ ਕੇਸ ਹੀ ਖਤਮ ਕਰ ਦਿੰਦੀ ਹੈ ਪੁਲਿਸ ਦੇ ਹੌਸਲੇ ਬਹੁਤ ਵੱਧ ਗਏ ਹਨ ਉਹ ਬਿਨਾਂ ਕਿਸੇ ਡਰ ਦੇ ਰਾਜਨੀਤੀ ਦੀ ਆੜ ਵਿਚ ਸਭ ਕੰਮ ਕਰਦੀ ਹੈ। ਪੁਲਿਸ ਤਾਂ ਇੱਥੋਂ ਤੱਕ ਹੈ ਕਿ ਉਹ ਇਨਸਾਨੀ ਰਿਸ਼ਤੇ ਵੀ ਭੁੱਲ ਚੁੱਕੀ ਹੈ ਉਹ ਮਨੁੱਖ ਨੂੰ ਮਨੁੱਖ ਨਹੀਂ ਸਮਝਦੀ ਉਹ ਇਕ ਭੈੜੀ ਤੇ ਵਿਕਰਾਲ ਰੂਪ ਧਾਰਨ ਕਰ ਗਈ ਹੈ ਉਸ ਵਿਚ ਕੋਈ ਵੀ ਹਮਦਰਦੀ ਦੀ ਭਾਵਨਾ ਤਾਂ ਇਕ ਪਾਸੇ ਉਹ ਬਹੁਤ ਹੀ ਘਟੀਆ ਤੇ ਤਾਨਸ਼ਾਹ ਹੋ ਗਈ ਹੈ। ਉਹ ਕਿਸੇ ਦੀ ਜਾਨ ਲੈਣ ਤੋਂ ਵੀ ਗੁਰੇਜ਼ ਨਹੀਂ ਕਰਦੀ।

> "ਅੰਮ੍ਰਿਤਸਰ ਵਲ ਪੁਲੀਸ ਇੱਕ ਮੁੰਡੇ ਨੂੰ ਮਾਰਿਆ ਦੱਸ ਕੇ ਹਸਪਤਾਲ ਪੋਸਟਮਾਰਟਮ ਲਈ ਲੈ ਆਈ। ਡਾਕਟਰਾਂ ਨੇ ਜਦੋਂ ਦੱਸਿਆ ਕਿ ਇਹ ਤਾਂ ਜਿਊਂਦਾ ਹੈ ਤਾਂ ਉਹ ਉਸ ਮੁੰਡੇ ਨੂੰ ਉੱਥੋਂ ਚੁੱਕ ਕੇ ਲੈ ਗਏ ਤੇ ਮਾਰ ਕੇ ਮੁੜ ਲੈ ਆਏ ਕਿ ਕਰੋ ਪੋਸਟਮਾਰਟਮ। ਏਸ ਤਰ੍ਹਾਂ ਦੇ ਹਾਲਾਤ ਨੇ ਏਥੇ। ਤੂੰ ਆਪਣਾ ਬਚਾਓ ਰੱਖ।"[30]

**ਮਨੁੱਖੀ ਸਮਗਲਿੰਗ–** ਪਰਵਾਸ ਵਿਚ ਮਨੁੱਖ ਸਮਗਲਿੰਗ ਵੀ ਇਕ ਧੰਦਾ ਬਣ ਗਈ ਹੈ ਜਿਸ ਵਿਚ ਏਜੰਟ ਪੰਜਾਬ ਵਿਚੋਂ ਭੋਲੇ-ਭਾਲੇ ਮੁੰਡਿਆਂ ਨੂੰ ਹਸੀਨ ਸੁਪਨੇ ਦਿਖਾਅ ਕੇ ਉਹਨਾਂ ਨੂੰ ਬਾਹਰ ਜਾਣ ਲਈ ਉਤਸ਼ਾਹ ਕਰਦੇ ਹਨ। ਸਰਕਾਰਾਂ ਵੱਲੋਂ ਦੁਖੀ ਕੀਤੇ ਬੰਦਿਆਂ ਨੂੰ ਪਰਵਾਸ ਵਿਚੋਂ ਬਾਹਰ ਕੱਢਣ ਨੂੰ ਉਹਨਾਂ ਇਕ ਧੰਦਾ ਬਣਾ ਲਿਆ ਹੈ ਜਿਸ ਵਿਚ ਅਨੇਕਾਂ ਲੋਕ ਸ਼ਾਮਿਲ ਹਨ ਇਸ ਵਿਚ ਉਹ ਮੁੰਡਿਆਂ ਨੂੰ ਉਹਨਾਂ ਦੇ ਟਿਕਾਣੇ ਤੇ ਪਹੁੰਚਾਉਣ ਲਈ ਉਹਨਾਂ ਤੋਂ ਪੈਸੇ ਲੈਂਦੇ ਹਨ ਤੇ

ਉਹਨਾਂ ਨੂੰ ਪਹੁੰਚਾਉਂਦੇ ਹਨ ਪਰ ਇਸ ਵਿਚ ਕਈ ਮੁਡਿਆਂ ਦੀਆਂ ਜਾਨਾਂ ਵੀ ਚੱਲੀਆਂ ਜਾਂਦੀਆਂ ਹਨ। ਪਰ ਇਸ ਧੰਦੇ ਨੂੰ ਵੀ ਜ਼ਾਇਜ ਠਹਰਾਉਂਦੇ ਹਨ।

> " ਹਾਂ, ਹਾਂ ਸਰਕਾਰਾਂ ਵੱਲੋਂ ਦੁਖੀ ਕੀਤੇ ਬੰਦਿਆਂ ਨੂੰ ਉਹਨਾਂ ਦੇ ਚੁੰਗਲ ਵਿਚੋਂ ਬਾਹਰ ਕੱਢਣਾ ਵੀ ਇੱਕ ਧੰਦਾ ਹੀ ਹੈ। ਤੂੰ ਏਸ ਨੂੰ ਧੰਦਾ ਨਹੀਂ ਸਮਝਿਆਂ? ਜੇ ਅਸੀਂ ਇਹ ਕੰਮ ਨਾ ਕਰਦੇ ਹੁੰਦੇ ਤਾਂ ਤੂੰ ਪਤਾ ਨਹੀਂ ਕਿਹੜੀ ਖੱਡ ਖਾਈ ਵਿਚ ਪਿਆ ਹੁੰਦਾ ਪਰ ਏਥੇ ਨਹੀਂ ਸੀ ਹੋਣਾ। "[31]

ਪਰ ਉਹ ਕਹਿੰਦੇ ਕੀ ਇਸ ਕੰਮ ਵਿਚ ਉਹਨਾਂ ਦੀ ਕੋਈ ਗਾਰੰਟੀ ਨਹੀਂ ਮੁੰਡੇ ਆਪਣੀ ਗਲਤੀ ਨਾਲ ਆਪਣੀਆਂ ਜਾਨਾਂ ਗੁਵਾ ਲੈਂਦੇ ਹਨ। ਉਹਨਾਂ ਅਨੁਸਾਰ ਕਾਨੂੰਨ ਬਹੁਤ ਸਖ਼ਤ ਹਨ ਫਿਰ ਵੀ ਉਹ ਮੁੰਡਿਆਂ ਵਾਸਤੇ ਕੋਈ ਨਾ ਕੋਈ ਰਾਹ ਲੱਭ ਹੀ ਲੈਂਦੇ ਹਨ ਜਿਹਨਾਂ ਨਾਲ ਉਹਨਾਂ ਨੂੰ ਉਹਨਾਂ ਦੀ ਮੰਜ਼ਿਲ ਵੱਲ ਪਹੁੰਚਦਾ ਕਰ ਦਿੱਤਾ ਜਾਂਦਾ ਹੈ ।

> ਯੂ. ਐਨ. ਓ. ਵੱਲੋਂ ਮਾਨਵ ਅੀਧਕਾਰਾਂ ਦੇ ਹਨਣ ਵਿਰੁੱਧ ਮਤਾ ਪਾਸ ਕਰਕੇ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਕਾਨੂੰਨ ਵਿਚ ਸੋਧ ਕਰਕੇ ਮਨੁੱਖੀ ਹੱਕਾਂ ਤੋਂ ਵਾਂਝੇ ਲੋਕਾਂ ਨੂੰ ਆਪਣੇ ਦੇਸ਼ ਵਿਚ ਪਨਾਹ ਲੈਣ ਦੀ ਆਗਿਆ ਦੇ ਦਿੱਤੀ। ਬਹੁਤ ਸਾਰੇ ਗਰੀਬ ਦੇਸ਼ ਦੇ ਲੋਕ ਅਮੀਰ ਦੇਸ਼ਾਂ ਵਿਚ ਆਉਣ ਲਈ ਤਰਲੋ ਮੱਛੀ ਹੋਣ ਲੱਗੇ। ਬਹੁਤ ਸਾਰੇ ਦੇਸ਼ਾਂ ਵਿਚ ਮਨੁੱਖੀ ਸਮੱਗਲਿੰਗ ਦੀਆਂ ਏਜੰਸੀਆ ਵੀ ਖੁੱਲ੍ਹ ਗਈਆਂ। ਸੁਖਬੀਰ ਵੀ ਇਹੋ ਜਿਹੀਆਂ ਏਜੰਸੀਆਂ ਵਿਚੋਂ ਇਕ ਰਾਹੀਂ ਜਰਮਨੀ ਅੰਦਰ ਦਾਖਲ ਹੋਇਆ। "[32]

ਮਨੁੱਖੀ ਸਮਗਲਿੰਗ ਦਾ ਧੰਦਾ ਉਹਨਾਂ ਲਈ ਇਕ ਕਾਰੋਬਾਰ ਹੈ ਤੇ ਉਹ ਭੋਲੇ-ਭਾਲੇ ਮੁਡਿਆਂ ਨੂੰ ਇਸ ਦਾ ਸ਼ਿਕਾਰ ਬਣਨਾ ਪੈਂਦਾ ਹੈ ਤੇ ਉਹਨਾਂ ਦਾ ਪੈਸਾ ਤੇ ਸਮਾਂ ਬਰਬਾਦ ਹੁੰਦਾ ਹੈ।

**ਗੁਰਦੁਅਰਿਆ ਤੇ ਰਾਜਨੀਤਕ ਪ੍ਰਭਾਵ-** ਵਿਦੇਸ਼ ਵਿਚ ਗੁਰਦੁਆਰਾ ਸਾਹਿਬ ਉੱਤੇ ਵੀ ਲੋਕ ਰਾਜਨੀਤੀ ਕਰਨ ਤੋਂ ਨਹੀਂ ਹਟਦੇ ਹਰ ਕੋਈ ਚਾਹੁੰਦਾ ਹੈ ਕਿ ਉੱਥੋਂ ਦਾ ਸਾਰਾ ਕੰਮ ਉਸ ਦੇ ਹੱਥਾਂ ਵਿਚ ਆ ਜਾਵੇ ਹਰ ਕੋਈ ਉੱਥੋ ਦੀ ਕਮਾਈ ਤੇ ਨਿਗ੍ਹਾਂ ਰੱਖਦਾ ਹੈ। ਇਸ ਕਾਰਨ ਗੁਰਦੁਆਰੇ ਵਿਚ ਰਾਜਨੀਤੀ ਕਰਨ ਤੇ ਉਤਾਰੂ ਹੋ ਜਾਦੇ ਹਨ।

> "ਗੁਰਦੁਆਰਿਆ ਵਿਚ ਦੋ ਧੜੇ ਸਨ ਇਕ ਧੜਾ ਮੂਲਵਾਦੀ ਤੇ ਦੂਸਰਾ ਉਦਾਰਵਾਦੀ ਬਣ ਗਏ। ਉਹਨਾਂ ਨੇ ਗੁਰਦੁਆਰੇ ਵਿਚ ਝਗੜਾ ਚੱਲਦਾ ਸੀ ਇਕ ਦਿਨ ਜਦੋਂ ਡਰੈਸਲਰ ਤੇ ਕਿੰਮੀ ਤਿਆਰ ਹੋ ਕੇ ਜਾਣ ਲਈ ਤਿਆਰ ਹੋ ਗਏ। ਜਦੋਂ ਉਹ ਗਏ ਤੇ ਮੱਥਾਂ ਟੇਕਣ ਤੋਂ ਬਾਅਦ ਉਹ ਲੰਗਰ ਹਾਲ ਵਿਚ ਗਏ ਉਹਨਾਂ ਨੂੰ ਗੁਰਦੁਆਰੇ ਦਾ ਮਾਹੌਲ ਕੁਝ ਸਹੀ ਨਹੀਂ ਲੱਗਾ ਜਦੋਂ ਉਹ ਬਾਹਰ ਆਏ ਤਾਂ ਅੰਦਰ ਝਗੜਾ ਹੋ ਗਿਆ ਤੇ ਝਗੜੇ ਵਿਚ ਕ੍ਰਿਪਾਨਾਂ ਨਿਕਲ ਆਈਆਂ ਗੁਰਦਵਾਰੇ ਦੀ ਪ੍ਰਧਾਨ ਦੀ ਕੁੜੀ ਦਾ ਸਿਰ ਪਾਟ ਗਿਆ ਕਿਸੇ ਦੀ ਬਾਂਹ ਕੱਟੀ ਗਈ। ਸਿੱਖਾਂ ਦੀਆਂ ਪੱਗਾਂ ਪੈਰਾ ਵਿਚ ਰੁਲ ਰਹੀਆਂ ਸਨ, ਲਲਕਾਰੇ ਵਜ ਰਹੇ ਸਨ। "[33]

ਗੁਰਦੁਆਰੇ ਵਿਚ ਫਾਇਰ ਬ੍ਰਗੇਡ ਦੀਆਂ ਗੱਡੀਆਂ ਆ ਗਈਆਂ ਪੁਲਿਸ ਵਾਲਿਆ ਨੇ ਦਗੜ-ਦਗੜ ਕਰ ਕੇ ਸਾਰੀ ਮਰਿਆਦਾ ਭੰਗ ਕਰ ਕੇ ਜੁਤੀਆਂ ਸਣੇ ਦਰਬਾਰ ਹਾਲ ਵਿਚ ਫਿਰ ਰਹੇ ਸਨ। ਇਸ ਘਟਨਾਂ ਨਾਲ ਡਰੈਸਲਰ ਦੇ ਮਨ ਵਿਚ ਜੋ ਸਿੱਖ ਧਰਮ ਬਾਰੇ ਜੋ ਮਾਣ ਤੇ ਸਤਿਕਾਰ ਸੀ ਉਹ ਉਸ ਦੇ ਮਨ ਵਿਚੋਂ ਨਿਕਲ ਗਿਆ ।

ਉਪਰੋਕਤ ਤੋਂ ਇਲਾਵਾ ਨਾਵਲਕਾਰ ਨੇ ਆਪਣੇ ਨਾਵਲ ਵਿਗੋਚਾ ਵਿਚ ਪੰਜਾਬੀਆਂ ਦੇ ਪਰਵਾਸ ਦੇ ਇਤਿਹਾਸ ਦੀ ਪੇਸ਼ਕਾਰੀ ਵੀ ਕੀਤੀ ਹੈ ਉਸ ਨੇ ਆਪਣੇ ਨਾਵਲ ਵਿਚ ਨਸਲਵਾਦੀ ਅੰਗਰੇਜ਼ਾਂ ਦੀ ਕੁਟਿਲ ਨੀਤੀ ਨੂੰ ਵੀ ਬਿਆਨ ਕੀਤਾ ਹੈ। ਨਾਵਲਕਾਰ ਨੇ ਇਸ ਨਾਵਲ ਵਿਚ ਹੁਸੈਨ ਰਹੀਮ, ਤਾਰਕਨਾਥ, ਭਾਈ ਭਾਗ ਸਿੰਘ ਤੇ ਬਲਵੰਤ ਸਿੰਘ ਵਰਗੇ ਮੋਹਰੀ ਬੰਦਿਆਂ ਦੇ ਹੱਥੋਂ ਇਸ ਨਸਲੀ ਦੁਸ਼-ਪਰਚਾਰ ਦਾ ਬੜੇ ਜ਼ੋਰ ਨਾਲ ਵਿਰੋਧ ਕਰਦੇ ਹਨ। ਕੈਨੇਡਾ ਸਰਕਾਰ ਦੀਆਂ ਦੋਗਲੀਆਂ ਨੀਤੀਆਂ ਬਾਰੇ ਬਿਆਨ ਹੈ , ਇਹਨਾਂ ਨੀਤੀਆਂ ਵਿਚ ਸਖਤੀ ਕਾਰਨ ਭਾਰਤੀਆਂ ਦਾ ਕੈਨੇਡਾ ਪਰਵਾਸ ਲਗਭਗ ਬੰਦ ਕਰ ਦਿੱਤਾ ਜਾਂਦਾ ਹੈ। ਇਹਨਾਂ ਨੀਤੀਆਂ ਕਰਕੇ ਹੀ ਕਾਮਾਗਾਟਾਮਾਰੂ ਜਹਾਜ਼ ਨੂੰ ਬੰਦਰਗਾਹ ਉੱਪਰ ਹੀ ਰੋਕ ਲਿਆ ਗਿਆ। ਕੈਨੇਡਾ ਸਰਕਾਰ ਦੇ ਇਸ ਅਮਨੁੱਖੀ ਵਰਤਾਰੇ ਦਾ ਵੈਨਕੂਵਰ ਦੇ ਪੰਜਾਬੀਆਂ ਨੇ ਸਖ਼ਤ ਵਿਰੋਧ ਕੀਤਾ ਅਤੇ ਅਦਾਲਤੀ ਲੜਾਈ ਵੀ ਲੜੀ। ਪਰ ਫੈਸਲਾ ਉਨ੍ਹਾਂ ਦੇ ਵਿਰੋਧ ਵਿਚ ਹੀ ਹੋਇਆ ਅੰਤ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਭਾਰਤ ਮੋੜ ਦਿੱਤਾ ਗਿਆ ਹੈ। ਇਸ ਨਾਲ ਪਰਾਵਸ ਵਿਚ ਰਹਿੰਦੇ ਪੰਜਾਬੀਆਂ ਨੂੰ ਬਹੁਤ ਵੱਡਾ ਧੱਕਾ ਲੱਗਾ। ਅਮਰੀਕਾ ਵਿਚ ਗਦਰ ਲਹਿਰ ਦਾ ਕਾਫੀ ਪ੍ਰਭਾਵ ਪੈਂਦਾ ਹੈ ਇਸ ਲਹਿਰ ਦਾ ਇਕੋ ਇਕ ਉਦੇਸ਼ ਭਾਰਤ ਨੂੰ ਗੁਲਾਮੀ ਤੋਂ ਆਜ਼ਾਦ ਕਰਾਉਣਾ ਸੀ ਪਹਿਲੀ ਵਿਸ਼ਵ ਜੰਗ ਦਾ ਆਰੰਭ ਗਦਰੀਆਂ ਲਈ ਵਰਦਾਨ ਸਾਬਤ ਹੁੰਦਾ ਹੈ। ਗਦਰ ਪਾਰਟੀ ਦੇ ਮੋਹਰੀ ਬੰਦਿਆ ਨੇ ਇਸ ਨੂੰ ਇਨਕਲਾਬ ਵਿਚ ਬਦਲਣ ਦੀ ਨੀਤੀ ਤਿਆਰ ਕੀਤੀ। ਇਸ ਵਿਚ ਲੱਖਾਂ ਲੋਕਾਂ ਦਾ ਯੋਗਦਾਨ ਸੀ ਲੱਖਾਂ ਲੋਕ ਭਾਰਤ ਦੀ ਆਜ਼ਾਦੀ ਵਿਚ ਆਪਣਾ ਯੋਗਦਾਨ ਦੇਣ ਲਈ ਪਰਵਾਸ ਤੋਂ ਭਾਰਤ ਆ ਜਾਂਦੇ ਹਨ। ਨਾਵਲਕਾਰ ਨੇ ਨਾਵਲ ਵਿਚ ਵਿਚ ਪਾਤਰ ਕਰਮ ਸਿੰਘ, ਮੰਗਲ ਸਿੰਘ, ਇੰਦਰ ਸਿੰਘ, ਦੇ ਰਾਹੀਂ ਨਾਵਲ ਦਾ ਵਿਸਤਾਰ ਹੁੰਦਾ ਹੈ ਤੇ ਇਹਨਾਂ ਦੇ ਰਾਹੀਂ ਆਜ਼ਾਦੀ ਦੇ ਸੰਗਰਾਮ ਵਿਚ ਆਮ ਲੋਕਾਂ ਦੇ ਵਿਸ਼ੇਸ਼ ਯੋਗਦਾਨ ਨੂੰ ਪੇਸ਼ ਕੀਤਾ ਹੈ। ਭਾਰਤ ਵਿਚ ਵੀ ਗਦਰੀਆਂ ਨੂੰ ਅਮਨੁੱਖੀ ਵਿਵਹਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਭਾਰਤ ਵਿਚ ਵੀ ਗਦਰੀਆਂ ਨੂੰ ਕਾਲੇ ਪਾਣੀ ਦੀ ਸਜਾਵਾਂ ਦਿੱਤੀਆਂ ਗਈਆ। ਇਸ ਦੌਰਾਨ ਬੇਕਸੂਰ ਲੋਕਾਂ ਦੇ ਪੂਰੇ ਪਰਿਵਾਰ ਜਿਵੇਂ ਇੰਦਰ ਸਿੰਘ ਦੇ ਪੂਰੇ ਪਰਿਵਾਰ ਨੂੰ ਤਬਾਹ ਕਰ ਦਿੱਤਾ ਜਾਂਦਾ ਹੈ। ਅੰਗਰੇਜ਼ ਸਰਕਾਰ ਦੁਆਰਾ ਗਦਰ ਲਹਿਰ ਨੂੰ ਬੜੀ ਹੀ ਸਖਤੀ ਨਾਲ ਕੁਚਲ ਦਿਤਾ ਜਾਂਦਾ, ਜਿਹੜੇ ਬਾਕੀ ਰਹਿ ਗਏ ਸੁਤੰਤਰਤਾ ਸੰਗਰਾਮੀਆਂ ਨੇ ਇਕੱਠੇ ਹੋ ਕੇ ਮੁੱੜ ਸੰਘਰਸ਼ ਕੀਤਾ ਉਸ ਸਮੇ ਅੰਗਰੇਜ਼ੀ ਹਕੂਮਤ ਦੀਆ ਕੁਟਿਲ ਨੀਤੀਆ ਦਾ ਵਿਸ਼ਾਲ ਪਧੱਰ ਉਤੇ ਵਿਰੋਧ ਸ਼ੁਰੂ ਕਰ ਦਿਤਾ।

> "ਜਲ੍ਹਿਆਂ ਵਾਲੇ ਬਾਗ ਵਿਚ ਬਹੁਤ ਭਾਰੀ ਇਕੱਠ ਉੱਪਰ ਜਰਨਲ ਡਾਇਰ ਨੇ ਅੰਨ੍ਹੇ ਵਾਹ ਗੋਲੀਆਂ ਚਲਾ ਕੇ ਸੈਂਕੜੇ ਪੰਜਾਬੀ ਸ਼ਹੀਦ ਕਰ ਦਿੱਤੇ ਤਾਂ ਕਹਿੰਦੇ ਨੇ ਕਿ ਇਹਨਾਂ ਸ਼ਹੀਦਾਂ ਵਿਚ ਇੰਦਰ ਸਿੰਘ ਦਾ ਨਾਮ ਵੀ ਸੀ।"[34]

ਇਸ ਨਾਵਲ ਵਿਚ ਨਾਵਲਕਾਰ ਨੇ ਭਾਰਤ ਦੀ ਗੱਲ ਕੀਤੀ ਹੈ ਤੇ ਕਾਮਾਗਾਟਾਮਾਰੂ ਜਹਾਜ਼ ਦੇ ਬਾਰੇ ਬਿਰਤਾਂਤ ਸਿਰਜਿਆਂ ਹੈ ਤੇ ਆਪਣੇ ਪਾਠਕਾਂ ਨੂੰ ਨਾਵਲ ਦੇ ਮਾਧਿਅਮ ਨਾਲ ਸਾਹਿਤ ਤੋਂ ਜਾਣੂ ਕਰਵਾਇਆਂ ਹੈ ਤੇ ਉਹਨਾਂ ਦੀ ਆਪਣੇ ਇਤਿਹਾਸ ਦੀ ਡੂੰਘੀ ਸੋਚ ਦਾ ਵਰਣਨ ਵੀ ਕੀਤਾ ਹੈ। ਨਾਵਲ ਵਿਚ ਨਾਵਲਕਾਰ ਨੇ ਇਤਿਹਾਸ ਤੋਂ ਜਾਣੂ ਕਰਵਾਇਆ ਹੈ ਤੇ ਉਹਨਾਂ ਦੇ ਦਿਲਾਂ ਵਿਚ ਇਕ ਵੱਖਰੀ ਥਾਂ ਬਣਾਈ ਹੈ। ਨਾਵਲ ਇਕ ਸਦੀ ਦੇ ਪਰਵਾਸੀ ਜੀਵਨ ਦੀ ਪੇਸ਼ਕਾਰੀ ਕਰਦਾ ਹੈ। ਉਨੀਂਵੀ ਸਦੀ ਦੇ ਅੰਤਲੇ ਵਰ੍ਹਿਆਂ'ਚ ਪੰਜਾਬ ਆਰਥਕਤਾ ਨਾਲ ਜੂਝ ਰਿਹਾ ਸੀ ਤੇ ਲੋਕਾਂ ਨੇ ਰੋਜ਼ਗਾਰ ਲਈ ਵਿਭਿੰਨ

ਦੇਸ਼ਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ ਤੇ ਪਰ ਪਰਵਾਸ ਦਾ ਆਰੰਭ ਉਨੀਂਵੀ ਸਦੀ ਦੇ ਸ਼ੁਰੂ ਵਿਚ ਹੀ ਸ਼ੁਰੂ ਹੋ ਗਿਆ ਸੀ । ਪਰ ਪਰਵਾਸ ਤਾਂ ਮਨੁੱਖ ਦੇ ਨਾਲ ਹੀ ਸ਼ੁਰੂ ਹੋ ਗਿਆ ਸੀ ਇਹ ਇਕ ਕੁਦਰਤੀ ਵਰਤਾਰਾ ਹੈ ਜੋ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋਇਆ ਸੀ।

ਇਸ ਪ੍ਰਕਾਰ ਨਾਵਲਕਾਰ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਵਿਚ ਪਰਵਾਸੀਆਂ ਦੇ ਸਮਾਜ ਸੱਭਿਆਚਾਰਕ ਸਰੋਕਾਰਾਂ ਦੀ ਗੱਲ ਬੜੀ ਭਾਵਪੂਰਤਾ ਨਾਲ ਕੀਤੀ ਹੈ। ਇਕੱਲੇ-ਇਕੱਲੇ ਪੱਖ ਤੋਂ ਨਾਵਲਕਾਰ ਨੇ ਆਪਣੇ ਸਮੁੱਚੇ ਤਜ਼ਰਬਿਆਂ ਅਨੁਭਵਾਂ ਦੇ ਆਧਾਰ 'ਤੇ ਪਰਵਾਸ ਦੀਆਂ ਸਮੁੱਚੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਿਆਂ ਇਹ ਦਰਸਾ ਦਿੱਤਾ ਹੈ ਕਿ ਸਾਹਿਤਕ ਵਿਧਾ ਨਾਵਲ ਰਾਹੀਂ ਸਮੁੱਚੇ ਜੀਵਨ ਬਿਰਤਾਂਤ ਨੂੰ ਬਾਖੂਬੀ ਬਿਆਨ ਕੀਤਾ ਜਾ ਸਕਦਾ ਹੈ ਬਸ਼ਰਤੇ ਨਾਵਲਕਾਰ ਕੋਲ ਡੂੰਘਾ ਜੀਵਨ ਅਨੁਭਵ ਅਤੇ ਕਲਾਤਮਕਤਾ ਹੋਵੇ।

## ਹਵਾਲੇ ਤੇ ਟਿੱਪਣੀਆਂ:

[1] (ਪ੍ਰੋ) ਬਲਬੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ, ਪੰਨਾ-12-13(ਉਧਰਿਤ) ((2, 3, 4)ਪਰਵਾਸੀ ਪੰਜਾਬੀ ਗਲਪ:ਨਵੇਂ ਪਾਸਾਰ ਅਕਾਲ ਅੰਮ੍ਰਿਤ ਕੌਰ), ਪੰਨਾ 47

[2] (ਉਧਰਿਤ) ਸਵਰਨ ਚੰਦਨ , ਸੰਵੇਦਨਾ ਤੇ ਸਾਹਿਤ, ਪੰਨਾ 87

[3] ਉਹੀ , ਪੰਨਾ 95

[4] (ਉਧਰਿਤ) ਕੁਲਦੀਪ ਕੌਰ ਬਾਠ, 'ਸਵਰਨ ਚੰਦਨ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ ' ( ਐਮ. ਫਿਲ. ਖੋਜ ਨਿਬੰਧ), ਪੰਨਾ 38

[5] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ , ਪੰਨਾ ਨੰ 29

[6] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 17

[7] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 96

[8] ਦੁਨੀਆ ਕੈਸੀ ਹੋਈ , ਵਿਗੋਚਾ, ਪੰਨਾ 31

[9] ਉਹੀ, ਪੰਨਾ 18-19

[10] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 100-101

[11] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 22-23

[12] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 42

[13] ਜਰਨੈਲ ਸਿੰਘ ਸੇਖਾ, ਬੇਗਾਨੇ, ਪੰਨਾ 139

[14] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 35

[15] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ-138

[16] ਜਰਨੈਲ ਸਿੰਘ, ਵਿਗੋਚਾ, ਪੰਨਾ 51

[17] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 61

[18] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 15

[19] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 158

[20] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 21

[21] ਉਹੀ, ਪੰਨਾ- 69

[22] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ - 32

[23] ਜਰਨੈਲ ਸਿੰਘ ਸੇਖਾ, ਬੇਗਾਨੇ, ਪੰਨਾ- 115

[24] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ - 80

[25] ਉਹੀ, ਪੰਨਾ– 76
[26] ਉਹੀ ਪੰਨਾ –77
[27] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ – 33
[28] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ – 21
[29] ਜਰਨੈਲ ਸਿੰਘ, ਵਿਗੋਚਾ, ਪੰਨਾ – 43
[30] ਜਰਨੈਲ ਸਿੰਘ, ਵਿਗੋਚਾ, ਪੰਨਾ , ਪੰਨਾ– 29
[31] ਉਹੀ, ਪੰਨਾ- 26
[32] ਉਹੀ, ਪੰਨਾ –41
[33] ਉਹੀ , ਪੰਨਾ–139-140
[34] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 29

# ਅਧਿਆਇ ਤੀਜਾ

# ਜਰਨੈਲ ਸਿੰਘ ਦੇ ਨਾਵਲਾਂ ਦੇ ਕਲਾਤਮਕ ਸਰੋਕਾਰ

ਜਰਨੈਲ ਸਿੰਘ ਸੇਖਾ ਦੇ ਨਾਵਲਾਂ ਨੂੰ ਸਮਝਣ ਲਈ ਜਰਨੈਲ ਸਿੰਘ ਸੇਖਾ ਦੇ ਸਾਹਿਤਕ ਪਿਛੋਕੜ, ਜੀਵਨ ਅਨੁਭਵ ਦੇ ਨਾਲ ਪਰਵਾਸੀ ਮਨੁੱਖ ਦੇ ਜੀਵਨ ਬਾਰੇ ਬਿਆਨ ਕੀਤਾ ਹੈ। ਉਹਨਾਂ ਨੇ ਵਿਦੇਸ਼ ਦੇ ਮਸਲਿਆਂ ਦੀ ਪੇਸ਼ਕਾਰੀ ਕੀਤੀ ਹੈ। ਨਾਵਲਾਂ ਵਿਚ ਉਹਨਾਂ ਨੇ ਵੱਖ-ਵੱਖ ਪੱਖਾਂ ਦੀ ਪੇਸ਼ਕਾਰੀ ਕੀਤੀ ਹੈ। ਨਾਵਲਾਂ ਵਿਚ ਉਹਨਾਂ ਨੇ ਹੇਠ ਲਿਖੇ ਤੱਤਾਂ ਰਾਹੀਂ ਉਸ ਨੂੰ ਸਾਰਥਕ ਤੇ ਵਧੀਆ ਬਣਾਉਣ ਵਿਚ ਵਿਸ਼ੇਸ਼ ਮਹੱਤਵ ਪੇਸ਼ ਕੀਤਾ ਹੈ।

## ਵਿਸ਼ਾ-ਵਸਤੂ

ਨਾਵਲ ਵਿਚ ਵਿਸ਼ਾ ਰਚਨਾ ਦਾ ਕੇਂਦਰੀ ਤੱਤ ਹੁੰਦਾ ਜਾਂ ਕਥਾ ਦਾ ਮੂਲ ਆਖਿਆ ਜਾਂਦਾ ਹੈ ਇਹ ਕਥਾਨਕ, ਪਾਤਰ, ਵਾਤਾਵਰਣ, ਬਿੰਬ, ਅਤੇ ਬਾਕੀ ਤੱਤਾਂ, ਜਿਨ੍ਹਾਂ ਰਾਹੀ ਬਿਰਤਾਂਤ ਬਣਦਾ ਹੈ ਉਸ ਵਿਚੋਂ ਉਭਰਿਆ ਸਮੁੱਚਾ ਪ੍ਰਭਾਵ ਹੁੰਦਾ ਹੈ।

> "ਵਿਸ਼ਾ-ਵਸਤੂ ਨਾਵਲ ਵਿਚ ਵਿਸ਼ੇ ਅਤੇ ਰੂਪ ਦੀ ਸੰਭਾਵਨਾ ਬਾਰੇ ਜ਼ਿਕਰ ਕਰਦਾ ਹੋਇਆ ਪ੍ਰੋ. ਤਸਨੀਮ ਬਿਲਕੁਲ ਠੀਕ ਕਹਿੰਦਾ ਹੈ ਕਿ ਕੋਈ ਨਾਵਲਕਾਰ ਜਦੋਂ ਆਪਣੇ ਵਿਸ਼ੇ ਦੀ ਸੇਧ ਨੂੰ ਛੱਡ ਕੇ ਲਾਂਭੇ ਚਲਾ ਜਾਂਦਾ ਹੈ ਤਾਂ ਨਾਵਲ ਦੇ ਰੂਪ ਨੂੰ ਨੁਕਸਾਨ ਪਹੁੰਚਦਾ ਹੈ।"[1]

ਜਰਨੈਲ ਸਿੰਘ ਦੇ ਨਾਵਲਾਂ ਵਿਚ ਵਿਸ਼ਾ ਵਸਤੂ ਦੀ ਪੇਸ਼ਕਾਰੀ ਬਹੁਤ ਵਧੀਆਂ ਤਰੀਕੇ ਨਾਲ ਕੀਤੀ ਹੈ ਉਹਨਾਂ ਨੇ ਆਪਣੇ ਨਾਵਲਾਂ ਵਿਚ ਜਿਹੜੇ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਹੈ ਉਹਨਾਂ ਵਿਚ ਪਰਵਾਸ ਦੇ ਮਸਲੇ, ਪੀੜ੍ਹੀ-ਪਾੜ੍ਹਾਂ, ਨਸਲੀ ਵਿਤਕਰਾ, ਰਿਸ਼ਤਿਆਂ ਵਿਚ ਤਣਾਓ, ਬਜ਼ੁਰਗਾਂ ਦੀ ਹਾਲਤ, ਜਿਨਸੀ ਸਬੰਧਾਂ ਦੀ ਪੇਸ਼ਕਾਰੀ, ਸੱਭਿਆਚਾਰਕ ਤਣਾਅ, ਭੂ-ਹੇਰਵਾਂ, ਆਦਿ ਨੂੰ ਪੇਸ਼ ਕੀਤਾ ਹੈ ਉਹਨਾਂ ਨੇ ਆਪਣੇ ਨਾਵਲਾਂ ਵਿਚ ਜੋ ਵੀ ਵਿਸ਼ੇ ਲਏ ਹਨ ਉਹਨਾਂ ਦੀ ਪੇਸ਼ਕਾਰੀ ਬਹੁਤ ਵਧੀਆਂ ਤਰੀਕੇ ਨਾਲ ਕੀਤੀ ਹੈ। ਜਰਨੈਲ ਸਿੰਘ ਸੇਖਾ ਦੇ ਨਾਵਲ ਵਿਚ ਪੰਜਾਬ ਤੋਂ ਕੈਨੇਡਾ ਵਿਚ ਆਏ ਨਵੇਂ ਲੋਕ ਜੋ ਆਪਣੀ ਆਰਥਕਤਾ ਨੂੰ ਸਵਾਰਨ ਲਈ ਮਜ਼ਬੂਰੀ ਵੱਸ ਜਾਂ ਕਿਸੇ ਹੋਰ ਕਾਰਨ ਵੀ ਪਰਵਾਸ ਧਾਰਨ ਕਰਦੇ ਹਨ ਪਰ ਉਹਨਾਂ ਵਿਚ ਜਿਆਦਾ ਲੋਕ ਆਪਣੀ ਆਰਥਕਤਾ ਨੂੰ ਹੋਰ ਮਜਬੂਤ ਜਾਂ ਆਪਣੇ ਬੱਚਿਆਂ ਦੇ ਕਾਰਨ ਪਰਵਾਸ ਧਾਰਨ ਕਰਦੇ ਹਨ। ਇਹਨਾਂ ਵਿਚ ਬਹੁਤੇ ਲੋਕਾਂ ਨੂੰ ਲੰਮੇ ਸਮੇਂ ਲਈ ਖੇਤ ਕਾਮਿਆਂ ਵਜੋਂ ਕੰਮ ਕਰਨਾ ਪੈਂਦਾ ਹੈ। ਸੇਖਾ ਨੇ ਇਹਨਾਂ ਖੇਤ ਕਾਮਿਆ ਨੂੰ ਬਹੁਤ ਨੇੜੇ ਤੇ ਸੂਖਮ ਦ੍ਰਿਸ਼ਟੀ ਤੋਂ ਵਾਚਿਆਂ ਹੈ ਇਹਨਾਂ ਅਨੁਭਵਾਂ ਕਰਕੇ ਹੀ ਨਾਵਲ ਦਾ ਵਿਸ਼ਾ ਵਸਤੂ ਬਣਾਇਆ ਹੈ। ਨਾਵਲ ਵਿਚਲੇ ਪਾਤਰ ਇਕ ਹੀ ਜਮਾਤ ਨਾਲ ਸੰਬੰਧਤ ਦੇ ਹੋਣ ਦੇ ਕਾਰਨ ਵੀ ਵੱਖਰੀਆਂ ਗੱਲਾਂ ਕਰਦੇ ਹਨ। ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲ ਵਿਚ ਵਿਭਿੰਨ ਪਾਸਾਰਾਂ ਨੂੰ ਪੇਸ਼ ਕੀਤਾ ਹੈ। ਬੇਰੀ ਤੋੜਦੇ ਇਕ ਦੂਜੇ ਤੋਂ ਅੱਗੇ ਨਿਕਲਣਾ, ਰੋਆਂ ਮੱਲਣਾਂ, ਮਜ਼ਦੂਰ ਕਾਮਿਆਂ ਦੀ ਜ਼ਿੰਦਗੀ ਨੂੰ ਹੋਰ ਵੀ ਵਿਧਾਵਾਂ ਵਿਚ ਪੇਸ਼ ਕੀਤਾ ਹੈ ਪਰ ਜਰਨੈਲ ਸਿੰਘ ਨੇ ਨਾਵਲਾਂ ਰਾਹੀ ਪੇਸ਼ ਕੀਤੀ ਹੈ ਜੋ ਉੱਤਮ ਪ੍ਰਾਪਤੀ ਹੈ। ਜਰਨੈਲ ਸਿੰਘ ਦੇ ਨਾਵਲਾਂ ਵਿਚ ਵਿਸ਼ਾ-ਵਸਤੂ

ਦੀ ਮੌਲਿਕਤਾ ਅਤੇ ਸੱਜਰੇਪਨ ਉਸਦੀ ਕਲਾ ਯੁਗਤ ਵੀ ਕਮਾਲ ਦੀ ਹੈ। ਉਹਨਾਂ ਨੇ ਆਪਣੇ ਨਾਵਲ ਦੁਨੀਆ ਕੈਸੀ ਹੋਈ ਵਿਚ ਨਵੇਂ ਤਜਰਬੇ ਵੀ ਕੀਤੇ ਹਨ। ਉਹਨਾਂ ਨੇ ਨਾਵਲ ਦੇ ਵਿਚ ਵੱਖ-ਵੱਖ ਕਾਂਡ ਪੇਸ਼ ਕੀਤੇ ਹਨ ਤੇ ਹਰ ਕਾਂਡ ਦਾ ਨਾਂ ਵੀ ਵੱਖੋ-ਵੱਖਰਾ ਹੈ ਪਰ ਸਾਰੇ ਕਾਂਡ ਨਾਵਲ ਦਾ ਅਹਿਮ ਹਿੱਸਾ ਹਨ। ਇਹਨਾਂ ਦੀ ਕਹਾਣੀ ਇਕ ਦੂਜੇ ਨਾਲ ਸੰਬੰਧਤ ਹੈ ਜੋ ਨਾਵਲ ਨੂੰ ਰੌਚਿਕਤਾ ਪ੍ਰਦਾਨ ਕਰਦੀ ਹੈ। ਉਹਨਾਂ ਨੇ ਆਪਣੇ ਨਾਵਲ ਭਗੌੜਾ ਵਿਚ ਸੁਖਬੀਰ ਨਾਂ ਦੇ ਪਾਤਰ ਰਾਹੀਂ ਘਟਨਾ ਦਾ ਬਿਆਨ ਕੀਤਾ ਹੈ ਜੋ ਮਜ਼ਬੂਰੀ ਵੱਸ ਪਰਵਾਸ ਧਾਰਨ ਕਰਦਾ ਹੈ ਪਰ ਜਰਨੈਲ ਸਿੰਘ ਨੇ ਇਸ ਨਾਲ ਪਰਵਾਸ ਦੀ ਚਾਹਤ ਰੱਖਣ ਵਾਲੇ ਨੌਜਵਾਨਾਂ ਦੇ ਜੀਵਨ ਦੀ ਪੇਸ਼ਕਾਰੀ ਕੀਤੀ ਹੈ ਜੋ ਜਾਅਲੀ ਢੰਗ ਨਾਲ ਵਿਦੇਸ਼ਾ ਵਿਚ ਜਾ ਕੇ ਵਸਣ ਲਈ ਏਜੰਟਾਂ ਦੇ ਸ਼ੋਸ਼ਨ ਦਾ ਸ਼ਿਕਾਰ ਹੁੰਦੇ ਹਨ ਉੱਥੋਂ ਦੇ ਮਾਲਿਕਾਂ ਹੱਥੋਂ ਵੀ ਲੁੱਟ ਸਹਿਣੀ ਪੈਂਦੀ ਹੈ। ਵਿਦੇਸ਼ ਵਿਚ ਗਏ ਨਵੇਂ ਬੰਦੇ ਨੂੰ ਕਿਵੇਂ ਪਰਵਾਸ ਵਿਚ ਕੇ ਹੱਢ-ਭੰਨਵੀ ਮਿਹਨਤ ਕਰਨੀ ਪੈਂਦੀ ਹੈ। ਇਸ ਨਾਵਲ ਦਾ ਵਿਸ਼ਾ ਵਸਤੂ ਵੀ ਕਮਾਲ ਦਾ ਹੈ ਕਿਤੇ ਵੀ ਇਹ ਨਹੀਂ ਲੱਗਦਾ ਕਿ ਕਹਾਣੀ ਧੱਕੇ ਨਾਲ ਜੋੜੀ ਗਈ ਹੈ। ਨਾਵਲ ਦੇ ਸਾਰੇ ਵੇਰਵੇ ਬਹੁਤ ਹੀ ਵਧੀਆਂ ਤਰੀਕੇ ਨਾਲ ਪੇਸ਼ ਕੀਤੇ ਗਏ ਹਨ ਜਿਹਨਾਂ ਕਰਕੇ ਉਹ ਨਾਵਲ ਨੂੰ ਹੋਰ ਵੀ ਵਧੀਆ ਬਣਾਉਂਦੇ ਹਨ। ਨਾਵਲ ਵਿਚ ਚੰਗੇ ਪੈਸੇ ਦੇਣ ਤੇ ਪੂਰਬੀ ਯੂਰਪ ਦੇਸ਼ਾ ਵਿਚ ਉਹਨਾਂ ਨੂੰ ਟਰੱਕਾਂ ਵਿਚ ਲੱਦ ਕੇ ਲਿਜਾਂਦੇ ਹਨ। ਕਈ ਮੁੰਡੇ ਦਰਿਆ ਵਿਚ ਰੁੜ ਜਾਂਦੇ ਹਨ, ਠੰਢ ਨਾਲ ਮਰ ਜਾਂਦੇ ਹਨ ਜਾਂ ਕਿੱਧਰੇ ਗੁੰਮ ਹੋ ਜਾਂਦੇ ਹਨ ਪਰ ਉਹਨਾਂ ਵੱਲ ਕੋਈ ਵੀ ਧਿਆਨ ਨਹੀਂ ਦਿੰਦਾ। ਇਸ ਵਿਚ ਪੰਜਾਬ ਦੇ ਸੰਤਾਪ ਨੂੰ ਵੀ ਪੇਸ਼ ਕੀਤਾ ਹੈ ਕਿ ਕਿਵੇਂ ਪੁਲਿਸ ਨਿਰਦੋਸ਼ ਲੋਕਾਂ ਉੱਤੇ ਜ਼ੁਲਮ ਕਰਦੀ ਹੈ। ਜਰਨੈਲ ਸਿੰਘ ਸੇਖਾ ਨੇ ਨਾਵਲ ਦੇ ਮਾਧਿਅਮ ਨਾਲ ਇਹ ਵੀ ਪੇਸ਼ ਕੀਤਾ ਹੈ ਕਿ ਸਾਰੇ ਗੋਰੇ ਮਾੜੇ ਨਹੀਂ ਹੁੰਦੇ ਤੇ ਨਾ ਹੀ ਸਾਰੇ ਪੰਜਾਬੀ ਸੱਚ ਪੁੱਤਰ ਹਨ ਉਹਨਾਂ ਨੇ ਨਿੱਕੀ ਤੋਂ ਨਿੱਕੀ ਘਟਨਾ ਦਾ ਬਿਆਨ ਬਾਖੂਬੀ ਕੀਤਾ ਹੈ ਉਹਨਾਂ ਨੇ ਆਪਣੇ ਨਾਵਲ ਬੇਗਾਨੇ ਵਿਚ ਵੀ ਬੇਗਾਨਗੀ ਤੇ ਇੱਕਲਪੇ ਦੀ ਸਮੱਸਿਆ ਦਾ ਜ਼ਿਕਰ ਕੀਤਾ ਹੈ ਉਹਨਾਂ ਨੇ ਬੋਬੀ ਪਾਤਰ ਰਾਹੀਂ ਪਰਵਾਸ ਵਿਚ ਜੋ ਅਜੋਕੀ ਪੀੜ੍ਹੀ ਹੈ ਜੋ ਗਲਤ ਰਸਤੇ ਤੇ ਪੈ ਜਾਂਦੀ ਹੈ ਉਸ ਦਾ ਵਰਣਨ ਕੀਤਾ ਹੈ ਕਿਵੇਂ ਉਹ ਨਸ਼ੇ ਦੇ ਧੰਦੇ ਵਿਚ ਪੈ ਕੇ ਆਪਣਾ ਤੇ ਆਪਣੇ ਮਾਂ-ਬਾਪ ਦਾ ਜੀਵਨ ਖਰਾਬ ਕਰਦੇ ਹਨ ਨਸਲੀ ਸੋਚ ਦੀ ਪੇਸ਼ਕਾਰੀ ਵੀ ਕੀਤੀ ਹੈ। ਜਰਨੈਲ ਸਿੰਘ ਸੇਖਾਂ ਨੇ ਆਪਣੇ ਨਾਵਲਾਂ ਵਿਚ ਵਿਸ਼ੇ ਦੀ ਪੇਸ਼ਕਾਰੀ ਬਹੁਤ ਵਧੀਆ ਤਰੀਕੇ ਦੀ ਕੀਤੀ ਹੈ। ਉਹਨਾਂ ਦੇ ਹਰ ਨਾਵਲ ਦਾ ਨਾਂ ਵੀ ਉਸ ਨਾਵਲ ਵਿਚਲੀ ਕਥਾ ਨੂੰ ਪ੍ਰਭਾਸ਼ਿਤ ਕਰਦਾ ਹੈ ਉਹਨਾਂ ਨੇ ਨਾਵਲ ਵਿਚਲੀ ਕਹਾਣੀ ਬੜੇ ਸੁਚੇਤ ਪੱਧਰ ਤੇ ਪੇਸ਼ ਕੀਤੀ ਹੈ ਕੋਈ ਵੀ ਕਹਾਣੀ ਅਜਿਹੀ ਨਹੀਂ ਜੋ ਨਾਵਲ ਵਿਚਲੀ ਰੌਚਕਤਾ ਨੂੰ ਭੰਗ ਕਰੇ ਸਾਰੇ ਨਾਵਲ ਦੀ ਕਹਾਣੀ ਇਸ ਤਰ੍ਹਾਂ ਜਾਪਦੀ ਹੈ ਕੀ ਜਿਵੇਂ ਸਾਰੀਆਂ ਘਟਨਾਵਾਂ ਨਿਰੰਤਰ ਚੱਲਦੀਆਂ ਹੋਣ ਕੋਈ ਵੀ ਘਟਨਾ ਵਾਧੂ ਜਾਂ ਬੇਲੋੜੀ ਪ੍ਰਤੀਤ ਨਹੀਂ ਹੁੰਦੀ। ਨਾਵਲਾਂ ਦਾ ਵਿਸ਼ਾ-ਵਸਤੂ ਵਧੀਆਂ ਤੇ ਰੋਚਿਕਤਾ ਭਰਪੂਰ ਹੈ।

ਜਰਨੈਲ ਸਿੰਘ ਸੇਖਾ ਦੇ ਨਾਵਲਾਂ ਵਿਚ ਕੋਈ ਵੀ ਵਿਸ਼ੇ ਦਾ ਦੁਹਰਾ ਨਹੀਂ ਹੁੰਦਾ, ਹਰ ਨਾਵਲ ਦੇ ਵਿਸ਼ੇ ਵੱਖੋ-ਵੱਖ ਹਨ। ਹਰ ਨਾਵਲ ਦੇ ਵਿਸ਼ੇ ਦੀ ਆਪਣੀ ਸਾਰਥਕਤਾ ਹੈ ਉਹ ਕਿਤੇ ਵੀ ਉਹਨਾਂ ਵਿਚ ਕੋਈ ਵੀ ਵਿਸ਼ਾ ਮਿਲਦਾ ਨਹੀਂ। ਜਿਵੇਂ ਉਹਨਾਂ ਦੇ ਨਾਵਲ ਦੁਨੀਆ ਕੈਸੀ ਹੋਈ, ਪਰਵਾਸੀ ਮਜ਼ਦੂਰਾਂ ਦਾ ਯਥਾਰਥ ਚਿਤਰਨ ਹੈ ਤੇ ਇਸ ਵਿਚ ਉਹਨਾਂ ਦੀ ਮਾਨਸਿਕ ਹਾਲਤ ਦਾ ਬਿਆਨ ਕੀਤਾ ਜਾਂਦਾ ਹੈ। ਉਹਨਾਂ ਦੀਆਂ ਸਮੱਸਿਆਵਾ ਜਿਵੇਂ- ਕੈਨੇਡਾ ਵਿਚ ਪੰਜਾਬੀਆਂ ਵੱਲੋਂ ਫਾਰਮਾਂ ਤੇ ਜਾਂ ਬੇਰੀਆਂ ਤੋੜਣਾ, ਉਨ੍ਹਾਂ ਦੀ ਅਰਥਿਕ ਲੁੱਟ-ਖਸੁੱਟ, ਪੰਜਾਬੀ ਪਾਤਰਾਂ ਵੱਲੋਂ ਇਸ ਸਬੰਧੀ ਚੁੱਪ ਧਾਰਨ

ਕਰੀ ਰੱਖਣਾ, ਪਰਵਾਸੀ ਬਜ਼ੁਰਗਾਂ ਵੱਲੋਂ ਨਾ ਚਾਹੁੰਦੇ ਹੋਏ ਵੀ ਫਾਰਮਾਂ ਵਿਚ ਕੰਮ ਕਰਨਾ ਆਦਿ। ਇਕ ਨਾਵਲ ਵਿਚ ਉਹਨਾਂ ਨੇ ਨਾਵਲ ਵਿਚ ਬੇਗਾਨਗੀ ਦੇ ਸੰਤਾਪ ਦੀ ਪੇਸ਼ਕਾਰੀ ਕੀਤੀ ਹੈ ਇਸ ਵਿਚ ਉਹਨਾਂ ਨੇ ਪਰਵਾਸ ਵਿਚ ਮਨੁੱਖ ਦੀ ਹੋਣੀ ਦੀ ਗਾਥਾ ਬਿਆਨ ਕੀਤੀ ਹੈ ਕਿਵੇਂ ਆਪਣੇ ਹੀ ਆਪਣੇ ਨੂੰ ਹੀ ਲੁੱਟਦੇ ਹਨ। ਜਿਵੇਂ ਨਸੀਬ ਨਾਂ ਦੀ ਪਾਤਰ ਹੈ ਜਿਸ ਨੂੰ ਉਸਦਾ ਪਿਓ ਵਰਗਾ ਫੁੱਫੜ ਹੀ ਉਸ ਦਾ ਸ਼ੋਸ਼ਣ ਕਰਦਾ ਹੈ ਤੇ ਉਸਦਾ ਪਤੀ ਬਲਵੰਤ ਵੀ ਉਸ ਨੂੰ ਛੱਡ ਕੇ ਆਪਣੇ ਰਿਸ਼ਤੇ ਵਿਚ ਲੱਗਦੀ ਭੈਣ ਨਾਲ ਵਿਆਹ ਕਰਵਾ ਲੈਂਦਾ ਹੈ। ਹਰਬੰਸ ਤੇ ਹਰਚਰਨ ਦਾ ਤਾਇਆ ਵੀ ਉਹਨਾਂ ਨਾਲ ਧੋਖਾ ਕਰਦਾ ਹੈ ਇਸ ਵਿਚ ਰਿਸ਼ਤਿਆਂ ਦੀ ਵਿਚ ਆ ਰਹੀ ਬਦਲਾਵ ਨੂੰ ਵੀ ਬਿਆਨ ਕੀਤਾ ਹੈ। ਵਿਗੋਚਾ ਨਾਵਲ ਵਿਚ ਨਾਵਲਕਾਰ ਨੇ ਇਸ ਨੂੰ ਅਰਧ-ਇਤਿਹਾਸਕ ਨਾਵਲ ਕਿਹਾ ਹੈ ਕਿਉਂਕਿ ਇਸ ਵਿਚ ਉਹਨਾਂ ਨੇ ਇਸ ਵਿਚ ਕਮਾਗਾਟਾਮਾਰੂ, ਪੰਜਾਬ ਦੀ ਵੰਡ, ਜਦੋਂ ਜਹਾਜ਼ ਨੂੰ ਵਾਪਸ ਮੋੜ ਦਿੱਤਾ ਸੀ, ਪੰਜਾਬ ਸੰਕਟ ਆਦਿ ਦੀ ਪੇਸ਼ਕਾਰੀ ਕੀਤੀ ਹੈ ਤੇ ਪਾਠਕਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ ਹੈ ਤੇ ਇਸ ਨਾਵਲ ਦਾ ਵਿਸ਼ਾ ਪਰਵਾਸ ਵਿਚ ਚੱਲ ਰਹੇ ਡਰੱਗਜ਼ ਦੇ ਧੰਦੇ ਬਾਰੇ ਬਿਆਨ ਕੀਤਾ ਹੈ ਕਿ ਕਿਵੇਂ ਪੰਜਾਬ ਦੇ ਵੱਡੇ ਵੱਡੇਰੇ ਅਪਣੀ ਕੌਮ ਲਈ ਕੁਰਬਾਨੀਆਂ ਕਰਦੇ ਹਨ ਤੇ ਉਹਨਾਂ ਦੀਆਂ ਅੱਗੇ ਵਾਲੀਆਂ ਪੀੜ੍ਹੀਆਂ ਕਿਵੇਂ ਪਰਵਾਸ ਵਿਚ ਜਾ ਕੇ ਆਪਣੇ ਵੱਡਿਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਗਈ ਹੈ ਦਾ ਵਿਸਥਾਰ ਸਾਹਿਤ ਵਰਣਨ ਕੀਤਾ ਹੈ। ਉਹਨਾਂ ਦੇ ਸਾਰੇ ਨਾਵਲ ਵਿਚ ਵਿਸ਼ਾ ਵਸਤੂ ਬਹੁਤ ਰੋਚਿਕ ਤੇ ਗਿਆਨ ਦੇਣ ਵਾਲਾ ਹੈ ਤੇ ਇਤਿਹਾਸ ਦੇ ਨਾਲ ਸਮਾਜ ਦੇ ਸਰੋਕਾਰਾਂ ਨੂੰ ਵੀ ਬਿਆਨ ਕਰਦਾ ਹੈ।

## ਕਥਾ-ਵਸਤੂ

ਜਰਨੈਲ ਸਿੰਘ ਦੇ ਨਾਵਲਾਂ ਵਿਚ ਕਥਾ-ਵਸਤੂ ਬਹੁਤ ਕਮਾਲ ਦਾ ਹਰ ਨਾਵਲ ਵਿਚ ਕਹਾਣੀ ਬਹੁਤ ਕਮਾਲ ਦੀ ਹੈ। ਉਹਨਾਂ ਨੇ ਆਪਣੇ ਨਾਵਲਾਂ ਵਿਚ ਜੋ ਵੀ ਕਹਾਣੀ ਬਿਆਨ ਕੀਤੀ ਹੈ ਉਹ ਯਥਾਰਥ ਦੇ ਨੇੜੇ ਦਿਖਾਈ ਦਿੰਦੀ ਹੈ ਜਾਂ ਹੂ-ਬਹੂ ਯਥਾਰਥ ਲੱਗਦੀ ਹੈ। ਜਿਵੇਂ ਦੁਨੀਆ ਕੈਸੀ ਹੋਈ, ਭਗੌੜਾ ਵਿਚ ਉਹਨਾਂ ਨੇ ਮਜਦੂਰਾਂ ਦੇ ਚਿਤਰਨ ਨੂੰ ਪੇਸ਼ ਕੀਤਾ ਹੈ ਉਹਨਾਂ ਦੀ ਮਾਨਸਿਕ ਹਾਲਤ ਨੂੰ ਜੋ ਉਹ ਉੱਥੇ ਰਹਿਕ ਕੇ ਹੰਢਾ ਰਹੇ ਹਨ ਉਨ੍ਹਾਂ ਦੀ ਪੇਸ਼ਕਾਰੀ ਕੀਤੀ ਹੈ ਉਹ ਪੰਜਾਬ ਵਿਚ ਉੱਚੇ ਰੋਭ ਵਾਲੇ ਮਨੁੱਖ ਹੋ ਕੇ ਪਰਾਵਸ ਵਿਚ ਇਕ ਮਜ਼ਦੂਰ ਵਾਲਾ ਜੀਵਨ ਬਤੀਤ ਕਰਨ ਲਈ ਉਹ ਮਜਬੂਰ ਹਨ। ਉਹਨਾਂ ਨੇ ਪਰਵਾਸ ਦੀ ਹਰ ਮੁਸ਼ਕਿਲ ਨੂੰ ਬਾਖੂਬੀ ਪੇਸ਼ ਕੀਤਾ ਹੈ। ਉਹਨਾਂ ਦੇ ਨਾਵਲਾਂ ਵਿਚ ਜੋ ਕਥਾ ਹੈ ਉਹ ਇਕ ਪਰਵਾਹ ਵਿਚ ਚੱਲਦੀ ਹੈ ਕਿਤੇ ਵੀ ਕੋਈ ਵੀ ਘਟਨਾ ਇਵੇਂ ਨਹੀਂ ਲੱਗਦੀ ਕੀ ਇਹ ਥਾਂ ਭਰਦੀ ਹੈ ਸਾਰੀਆ ਘਟਨਾਵਾਂ ਨਾਵਲਾਂ ਵਿਚ ਸੰਯੋਗ ਪੈਂਦਾ ਕਰਦੀਆਂ ਹਨ ਕੋਈ ਵੀ ਨਾਵਲ ਵਿਚ ਕਥਾ ਬੇਲੋੜਾ ਵਿਸਥਾਰ ਵੀ ਨਹੀਂ ਦਿੰਦੀ ਸਾਰੇ ਨਾਵਲ ਵਿਚ ਕਥਾ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਫੈਲੀ ਹੋਈ ਹੈ ਜੋ ਨਾਵਲ ਵਿਚ ਇਕ ਸਮਾਂ ਬੰਨਦੀ ਹੈ। ਨਾਵਲ ਵਿਚਲੀ ਕਥਾ ਵਿਚ ਕੋਈ ਵੀ ਘਟਨਾ ਅਜਿਹੀ ਨਹੀਂ ਜੋ ਪਾਤਰਾਂ ਨੇ ਨਾ ਘਟਾਈ ਹੋਵੇ। ਉਹਨਾਂ ਨੇ ਹਰ ਗੱਲ ਦਾ ਪ੍ਰਗਟਾ ਬਾਖੂਬੀ ਕੀਤਾ ਹੈ। ਉਹਨਾਂ ਦੇ ਨਾਵਲਾਂ ਵਿਚ ਕਥਾ ਬਿਨਾਂ ਕਿਸੇ ਵੀ ਰੋਕ ਤੋਂ ਘਟਦੀ ਹੈ ਇਸ ਤਰ੍ਹਾ ਮਹਿਸੂਸ ਹੁੰਦਾ ਹੈ ਕਿ ਸਾਰੀ ਘਟਨਾ ਅੱਖਾਂ ਅੱਗੇ ਘਟਦੀ ਹੈ ਕਿਤੇ ਵੀ ਕੋਈ ਦੁਹਰਾ ਨਹੀਂ ਆਉਂਦਾ। ਉਹਨਾਂ ਦੇ ਨਾਵਲ ਵਿਚ ਕਥਾ ਇਕ ਵੇਗ ਵਿਚ ਚੱਲਦੀ ਹੈ। ਵਿਗੋਚਾ ਨਾਵਲ ਵਿਚ ਉਹਨਾਂ ਨੇ ਇਤਿਹਾਸ ਦੀ ਪੇਸ਼ਕਾਰੀ ਕਰਕੇ ਇਸ ਵਿਚ ਉਹਨਾਂ ਨੇ ਪਾਠਕਾਂ ਨੇ ਇਤਿਹਾਸ ਤੋਂ ਜਾਣੂ ਕਰਵਾ ਕੇ ਅਜਿਹੀ ਪ੍ਰਾਪਤੀ ਹੈ ਜੋ ਇਤਿਹਾਸ ਦੀ ਜਾਣਕਾਰੀ ਦੇ ਕੇ ਨਵੀ ਪੀੜ੍ਹੀ ਨੂੰ ਯਾਦ ਕਰਵਾਇਆ ਹੈ।

ਉਹਨਾਂ ਦੀ ਕਥਾ ਦਾ ਵਿਸਤਾਰ ਬਹੁਤ ਵਧੀਆ ਢੰਗ ਨਾਲ ਬਿਆਨ ਕਰਦਾ ਹੈ ਤੇ ਉਹਨਾਂ ਦੇ ਨਾਵਲਾਂ ਨੂੰ ਇਕ ਵੱਖਰੀ ਰੂਪ ਰੇਖਾ ਪ੍ਰਦਾਨ ਕਰਦੇ ਹਨ।

## ਪਾਤਰ-ਚਿਤ੍ਰਣ

ਨਾਵਲ ਦੇ ਵਿਚ ਪਾਤਰ ਦਾ ਹੋਣਾ ਬਹੁਤ ਜ਼ਰੂਰੀ ਹੈ ਜੇ ਕਿਸੇ ਨਾਵਲ ਵਿਚ ਪਾਤਰ ਹੀ ਨਹੀਂ ਹੋਣਗੇ ਤਾਂ ਉਹ ਕਥਾਂ ਕਿਵੇਂ ਅੱਗੇ ਤੁਰੇਗੀ ਇਸ ਲਈ ਹਰ ਵਿਧਾ ਵਿਚ ਪਾਤਰ ਹੀ ਹੈ ਜੋ ਉਸ ਨੂੰ ਮਹਾਨ ਤੇ ਵਧੀਆਂ ਬਣਾਉਂਦੇ ਹਨ। ਨਾਵਲ ਦਾ ਦੂਜਾ ਮੁੱਖ ਧੁਰਾ ਹੈ- ਇਸ ਦੇ ਪਾਤਰ ਅਤੇ ਉਨ੍ਹਾਂ ਦੀ ਸੁਭਾ ਉਸਾਰੀ। ਅਸਲ ਵਿਚ ਨਾਵਲ ਕੁਝ ਮਨੁੱਖਾਂ ਦੀ ਜੀਵਨ ਕਥਾ ਹੀ ਲੇਖਕ ਦਾ ਵੱਡਾ ਆਧਾਰ ਹੁੰਦੇ ਹਨ, ਜਿਨ੍ਹਾਂ ਦੁਆਰਾ ਉਹ ਆਪਣੇ ਵਿਚਾਰਾਂ ਨੂੰ ਬਿਆਨ ਕਰਦਾ ਹੈ। ਇਨ੍ਹਾਂ ਦੁਆਰਾ ਹੀ ਉਹ ਆਪਣਾ ਜੀਵਨ-ਅਨੁਭਵ ਸਾਡੇ ਨਾਲ ਸਾਂਝਾ ਕਰਦਾ ਹੈ। ਨਾਵਲਕਾਰ ਨੇ ਆਪਣੇ ਨਾਵਲਾਂ ਵਿਚ ਇਸਤਰੀ ਪਾਤਰ ਨੂੰ ਇਮਾਨਦਾਰ ਪੇਸ਼ ਕੀਤਾ ਹੈ ਜੋ ਕਿਸੇ ਵੀ ਸਮੇਂ ਬਦਲਦੀ ਨਹੀਂ ਨਾ ਹੀ ਉਹ ਕਿਸੇ ਨਾਲ ਧੋਖਾਂ ਕਰਦੀ ਹੈ ਉਹ ਹਮੇਸ਼ਾਂ ਮਰਦ ਪਾਤਰ ਨਾਲੋਂ ਵਧੀਆਂ ਦਿਖਾਈ ਗਈ ਹੈ। ਨਾਵਲਾਂ ਦੀ ਪਾਤਰ ਨਾ ਹੀ ਪਿਛਾਂਹ ਖਿਚੂ ਹੈ ਤੇ ਨਾ ਹੀ ਨਿਰਾਸ਼ਵਾਦੀ। ਜੇ ਕੋਈ ਔਰਤ ਕਾਮੀ ਤੇ ਧੋਖੇਬਾਜ਼ ਵੀ ਹੈ ਤਾਂ ਉਹ ਹਾਲਾਤ ਦੀ ਬਣਾਈ ਹੋਈ ਹੈ। ਮਰਦ ਪਾਤਰ ਚੰਗੇ ਵੀ ਹਨ ਤੇ ਮਾੜੇ ਵੀ। ਸਭ ਪਾਤਰ ਪਰਸਥਿਤੀਆਂ ਅਨੁਸਾਰ ਚਲਦੇ ਹਨ, ਉਹਨਾਂ ਦੇ ਕਿਰਦਾਰ ਯਥਾਰਥਵਾਦੀ ਵੀ ਹਨ ਜਿਸ ਵਿਚ ਲੋਭ, ਮੋਹ, ਸੁਆਰਥ ਦਾ ਆ ਜਾਣਾ ਵੀ ਸੁਭਾਵਕ ਹੀ ਹੈ।

> "ਨਾਵਲ ਵਿਚ ਪਾਤਰਾਂ ਦੀ ਸੰਖਿਆ ਬਾਰੇ ਕੋਈ ਸੀਮਾ ਨਹੀਂ ਹੈ। ਨਾਵਲ ਇਕ ਪਾਤਰ ਦੁਆਲੇ ਵੀ ਉਸਰਿਆ ਜਾ ਸਕਦਾ ਹੈ ਅਤੇ ਸੌ ਪਾਤਰ ਵੀ ਉਸ ਦਾ ਅੰਗ ਬਣ ਸਕਦੇ ਹਨ। ਪਾਤਰਾਂ ਦੀ ਸੰਖਿਆ ਚਾਹੇ ਕਿੰਨੀਆਂ ਵੀ ਹੋਵੇ, ਪਰ ਇਕ ਗੱਲ ਬਾਰੇ ਬੜਾ ਸੁਚੇਤ ਹੋਣ ਦੀ ਲੋੜ ਹੈ ਕਿ ਕੋਈ ਵੀ ਪਾਤਰ ਵਾਧੂ ਭਰਤੀ ਹੋਇਆ ਨਾ ਜਾਪੇ। ਹਰ ਪਾਤਰ ਮਸ਼ੀਨ ਦੇ ਪੁਰਜੇ ਵਾਂਗ ਆਪੋ ਆਪਣੀ ਥਾਂ ਉੱਤੇ ਮਹੱਤਵਪੂਰਣ ਹੁੰਦਾ ਹੈ। ਜੇ ਅਸੀਂ ਕਿਸੇ ਮਸ਼ੀਨ ਵਿਚ ਦੋ ਪੁਰਜ਼ੇ ਫਾਲਤੂ ਜਾਂ ਕੁਝ ਘੱਟ ਰੱਖ ਦੇਈਏ ਤਾਂ ਮਸ਼ੀਨ ਕੋਈ ਕੰਮ ਨਹੀਂ ਕਰ ਸਕੇਗੀ। ਇਸ ਤਰ੍ਹਾਂ ਨਾਵਲ ਬੇਸ਼ਕ ਇਕ ਕੋਮਲ ਕਲਾ ਹੈ ਅਤੇ ਇਸ ਦਾ ਢਾਂਚਾ ਲਚਕਦਾਰ ਆਖਿਆ ਜਾ ਸਕਦਾ ਹੈ, ਪਰ ਫਿਰ ਵੀ ਕੁਝ ਨਿਯਮ ਹੁੰਦੇ ਹਨ, ਜੋ ਹਰੇਕ ਸਿਰਜਣਾ ਲਈ ਬੁਨਿਆਦੀ ਤੱਤਾਂ ਦਾ ਕੰਮ ਦੇਂਦੇ ਹਨ।"[2]

ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਵਿਚ ਪਾਤਰਾਂ ਦੀ ਚੋਣ ਬਹੁਤ ਵਧੀਆਂ ਤਰੀਕੇ ਨਾਲ ਕੀਤੀ ਹੈ ਹਰ ਪਾਤਰ ਦਾ ਅਹਿਮ ਰੋਲ ਹੈ ਕੋਈ ਵੀ ਪਾਤਰ ਅਣਗੋਲਿਆ ਜਾ ਵਾਧੂ ਨਹੀਂ ਲੱਗਦਾ ਸਾਰੇ ਪਾਤਰ ਲੋੜ ਮੁਤਾਬਿਕ ਪੇਸ਼ ਹੁੰਦੇ ਹਨ। ਨਾਵਲ ਵਿਚ ਯਥਾਰਥਕ ਪਾਤਰ ਉਸਾਰੀ ਕੀਤੀ ਗਈ ਹੈ। ਸਾਰੇ ਪਾਤਰ ਜਿਵੇਂ ਨਾਇਕ ਨਾਇਕਾਵਾਂ ਦੇ ਆਪਣੇ ਹਿੱਤ ਹਨ, ਆਪਣਾ ਨਿੱਜ ਅਤੇ ਆਪਣੇ ਸਵਾਰਥ ਕਾਰਨ ਲੋਭੀ ਹਨ। ਸੁਖਬੀਰ ਹਰ ਤਰੀਕੇ ਨਾਲ ਕੈਨੇਡਾ ਵੱਸਣਾ ਚਾਹੁੰਦਾ ਹੈ। ਹਰਿੰਦਰ ਜਰਮਨ ਵਿਚ ਸੁਖਬੀਰ ਵਾਗ ਚਾਲਾ ਚੱਲ ਕੇ ਉਥੋਂ ਦੀ ਕੁੜੀ ਨਾਲ ਵਿਆਹ ਕਰਵਾ ਕੇ ਪੱਕਾ ਹੋ ਗਿਆ। ਫੈਕਟਰੀ ਦੇ ਮਾਲਕ ਮਿ: ਸਿੱਧੂ, ਸੁਪਰਵਾਈਜ਼ਰ ਪੁਰੀ, ਕੈਪਟਨ ਬਾਟਨੀ, ਮਿਸਟਰ ਜੈਗ, ਮੈਲਵਿਨ ਆਪਣੇ ਲਾਭ ਨੂੰ

ਧਿਆਨ ਵਿਚ ਰੱਖਦੇ ਹਨ ਤੇ ਕਿਸੇ ਵੀ ਸਮੇਂ ਇਸ ਨੂੰ ਨੁਕਸਾਨ ਨਹੀਂ ਹੋਣ ਦਿੰਦੇ। ਸੁਰੇਖਾ ਦਾ ਬਾਪ ਪੰਜਾਬ ਪੁਲਿਸ ਦਾ ਅਕਸ ਨੂੰ ਬਿਆਨ ਕਰਦਾ ਹੈ।

> "ਜੇ ਬਦਨਾਮ ਪੰਜਾਬ ਪੁਲਿਸ ਦਾ ਕੁਝ ਚੰਗਾ ਅਕਸ ਹੈ ਤਾਂ ਉਸ ਦੇ ਪਿਤਾ ਜਿਹੇ ਪੁਲਿਸ ਅਧਿਕਾਰੀਆਂ ਕਾਰਨ ਹੀ ਹੈ। ਪਰ ਅੱਜ ਗੁੱਸੇ ਵਿਚ ਆਏ ਉਸਦੇ ਪਿਤਾ ਦੇ ਚਿਹਰੇ ਤੋਂ ਨਕਾਬ ਲਹਿ ਕੇ ਉਸ ਦਾ ਅਸਲ ਚਿਹਰਾ ਨੰਗਾ ਹੋ ਗਿਆ। ਉਸ ਨੂੰ ਅੱਜ ਪਤਾ ਲੱਗਾ ਸੀ ਕਿ ਅਨੇਕਾ ਹੀ ਦੋਸ਼ੀ ਤੇ ਬਦੋਸ਼ੇ ਬੰਦੇ ਉਸ ਦੇ ਪਿਤਾ ਦੇ ਇਕ ਇਸ਼ਾਰੇ 'ਤੇ ਸਦਾ ਦੀ ਨੀਂਦ ਸੁਆ ਦਿੱਤੇ ਗਏ ਸਨ। ਉਸ ਨੂੰ ਅੱਜ ਵੀ ਇਹ ਵੀ ਪਤਾ ਲੱਗ ਗਿਆ ਸੀ ਕਿ ਬਹੁਤੇ ਮੁਹਰਮ ਤੇ ਖਾੜਕੂ ਪੁਲਿਸ ਤੇ ਰਾਜਨੀਤੀਵਾਨਾਂ ਦੀ ਸ਼ਰਨ ਵਿਚ ਹੀ ਰਹਿੰਦੇ ਹਨ।"[3]

ਗੁਰਦੁਆਰੇ ਦੇ ਅਖੌਤੀ ਭਾਈਆਂ ਦਾ ਨਿਰਾਦਰ ਵੀ ਅਮਾਨਵੀ ਹੁੰਦਾ ਹੈ, ਨਿਰਮਲ ਤੇ ਇਕ ਹੋਰ ਬੰਦਾ ਡਰੈਸਲਰ ਤੇ ਬੁਰੀ ਨਜ਼ਰ ਰੱਖਦੇ ਹਨ। ਸੁਖਬੀਰ ਦੀ ਭੂਆ ਦਾ ਮੁੰਡਾ ਵੀ ਉਹਨਾਂ ਦੀ ਘਰ ਗਿਆ ਨੂੰ ਕਹਿੰਦਾ ਹੈ ਕਿ ਇਸ ਗੋਰੀ ਨੂੰ ਛੱਡ ਕੇ ਆ ਇਹ ਘਰ ਨਹੀਂ ਰਹਿ ਸਕਦੀ। ਇਸ ਵਿਚ ਦਰਸ਼ਨ ਵੀ ਮਾਨਵੀ ਰਿਸ਼ਤਿਆਂ ਦੀ ਪਰਵਾਹ ਨਹੀਂ ਕਰਦਾ। ਜਗਤਾਰ ਤੇ ਸੁਖਬੀਰ ਦਾ ਜਿਸਮਾਨੀ ਨੁਕਸਾਨ ਹੋ ਕਾਣਾ ਸੀ ਜੇ ਉਹਨਾਂ ਨੂੰ ਤਾਰੀ ਤੇ ਸ਼ਿੰਦਰ ਦੀਆਂ ਨਫ਼ਰਤ ਅਤੇ ਲਾਲਚ ਵੱਸ ਆਪਣੇ ਨਾਲ ਦੀਆਂ ਨਾਲ ਬੁਰਾ ਵਿਵਹਾਰ ਨਾ ਕਰਦੇ। ਮੈਡਮ ਮਾਰਾ ਸੁਖਬੀਰ ਦੀ ਮਦਦ ਕਰਕੇ ਸੁਖਬੀਰ ਦਾ ਸੋਸ਼ਨ ਕਰਦੀ ਹੈ।

> "ਸੁਖਬੀਰ ਉੱਥੇ ਹੀ ਬੈਠ ਗਿਆ। ਮੈਡਮ ਮਾਰਾ ਨੇ ਵੀ.ਸੀ.ਆਰ. ਵਿਚ ਕੈਸਟ ਪਾ ਟੀ.ਵੀ. ਚਾਲੂ ਕਰ ਦਿੱਤਾ ਅਤੇ ਉਸ ਦੇ ਨਾਲ ਆ ਕੇ ਬੈਠ ਗਈ। ਫਿਲਮ ਅੰਗ੍ਰੇਜ਼ੀ ਦੀ ਸੀ, ਉਸ ਦਾ ਆਰੰਭ ਬੜਾ ਵੱਧੀਆ ਤੇ ਨਾਟਕੀ ਸੀ ਪਰੰਤੂ ਥੋੜੀ ਦੇਰ ਮਗਰੋਂ ਹੀ ਸੁਖਬੀਰ ਨੂੰ ਪਤਾ ਲੱਗ ਗਿਆ ਕਿ ਇਸ ਫਿਲਮ ਦਾ ਅਸਲ ਮਕਸਦ ਕੀ ਹੈ। ਫਿਲਮ ਦੇ ਦ੍ਰਿਸ਼ਾਂ ਦੀ ਉਤੇਜਨਾ ਦਾ ਕੀਲਿਆ ਹੋਇਆ ਉਹ ਬੈਠਾ ਰਿਹਾ ਅਤੇ ਮੈਡਮ ਮਾਰਾ ਦੀਆ ਹਰਕਤਾਂ ਵੀ ਉਸ ਦੀ ਬਰਦਾਸ਼ਤ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਸਨ। ਕੁਝ ਦੇਰ ਮਗਰੋਂ ਉਹ ਉਸ ਨੂੰ ਉੱਠਾ ਕੇ ਆਪਣੇ ਕਮਰੇ ਵਿਚ ਲੈ ਗਈ।"[4]

ਪਰ ਨਾਵਲ ਵਿਚ ਡਰੈਸਲਰ ਸਭ ਤੋਂ ਵਧੀਆਂ ਸਖਸੀਅਤ ਹੈ ਉਹ ਕੁਰਬਾਨੀ ਦਿੰਦੀ ਹੈ, ਤੇ ਸਾਰੇ ਪਾਠਕ ਡਰੈਸਲਰ ਨਾਲ ਡੂੰਘੀ ਸਾਂਝ ਰੱਖਦੇ ਹਨ। ਮਾਤਾ ਜੰਗੀਰ ਕੌਰ ਵੀ ਇਕ ਪਿਆਰ ਤੇ ਮਿਲਵਰਤਨ ਦੀ ਭਾਵਨਾ ਰੱਖਦੀ ਹੈ ਤੇ ਪੰਜਾਬੀ ਕਦਰਾਂ-ਕੀਮਤਾਂ ਦੀ ਲਿਖ਼ਾਇਕ ਹੈ। ਮੈਡਮ ਪਾਲ ਤੇ ਸੁਰੇਖਾ ਵੀ ਮਾਨਵੀ ਮੁੱਲਾਂ ਦੀ ਪੈਰਵੀ ਕਰਦੇ ਹਨ।

ਦੁਨੀਆ ਕੈਸੀ ਹੋਈ ਵਿਚ ਵੀ ਮੁੱਖ ਪਾਤਰ ਚੜਤ ਸਿੰਘ ਤੇ ਜਗਤਾਰ ਸਿੰਘ ਹੈ। ਇਹਨਾਂ ਨੇ ਆਪਣੀ ਧਰਤੀ ਤੋਂ ਉਜੜ ਕੇ ਪਰਵਾਸ ਧਾਰਨ ਕਰਦਾ ਹੈ। ਬੇਗਾਨੇ ਨਾਵਲ ਵਿਚ ਨਸੀਬ ਕੌਰ ਤੇ ਹਰਬੰਸ ਸਿੰਘ ਤੇ ਸਾਰੀ ਕਹਾਣੀ ਘੁੰਮਦੀ ਹੈ। ਇਸ ਵਿਚ ਉਹਨਾਂ ਦੀਆਂ ਕਹਾਣੀਆਂ ਦਾ ਬਿਆਨ ਕੀਤਾ ਹੈ ਜਿਵੇਂ ਨਸੀਬ ਦੇ ਪਤੀ ਵੱਲੋਂ ਉਸ ਨੂੰ ਧੋਖਾ ਦਿੰਦਾ ਹੈ। ਹਰਬੰਸ ਦਾ ਭਰਾ ਹਰਚਰਨ ਸਿੰਘ ਤੇ ਭਰਜਾਈ ਗੁਰਮੀਤ ਤੇ ਉਸਦੀ ਭੈਣ ਗੁਰਜੀਤ। ਹਰਚਰਨ ਪਾਤਰ ਪਹਿਲਾ ਚੰਗਾ ਸੀ ਪਰ ਬਾਅਦ ਵਿਚ ਜਦੋਂ ਹਰਬੰਸ ਨਸੀਬ ਨਾਲ ਵਿਆਹ ਕਰਵਾ ਲੈਂਦਾ ਹੈ ਤਾਂ ਉਹਨਾਂ ਦੇ ਰਿਸ਼ਤਿਆਂ ਵਿਚ ਦੂਰੀ ਹੋ

ਜਾਂਦੀ ਹੈ ਤੇ ਉਹ ਨਸੀਬ ਨੂੰ ਵੀ ਚੰਗਾ ਨਹੀਂ ਸਮਝਦਾ। ਇਸ ਨਾਵਲ ਵਿਚ ਨਸੀਬ ਦਾ ਫੁੱਫੜ ਤੇ ਭੂਆ ਦਾ ਵਰਣਨ ਵੀ ਕੀਤਾ ਹੈ ਜੋ ਉਸ ਦੀ ਮਾਂ ਦੀ ਮੌਤ ਤੋਂ ਬਾਅਦ ਉਸ ਨੂੰ ਚੁੱਕ ਕੇ ਲੈ ਆਏ ਸਨ ਪਰ ਉਹਨਾਂ ਦਾ ਵਿਵਹਾਰ ਵੀ ਉਸ ਨਾਲ ਕੋਈ ਬਹੁਤਾ ਚੰਗਾ ਨਹੀਂ ਸੀ। ਫੁੱਫੜ ਬਹੁਤ ਹੀ ਘਿਰਣਾ ਯੋਗ ਪਾਤਰ ਹੈ ਜੋ ਨਸੀਬ ਦੀ ਇੱਜ਼ਤ ਲੁੱਟਦਾ ਹੈ ਤੇ ਇਹ ਪਾਤਰ ਬਹੁਤ ਘ੍ਰਿਣਾ ਯੋਗ ਹੈ। ਨਸੀਬ ਦਾ ਪਤੀ ਬਲਵੰਤ ਵੀ ਵਧੀਆ ਪਾਤਰ ਨਹੀਂ ਉਹ ਉਸ ਨੂੰ ਆਪਣੀਆ ਗੱਲਾਂ ਵਿਚ ਲੈ ਕੇ ਉਸ ਨੂੰ ਤਲਾਕ ਕਰਾਉਣ ਲਈ ਮਨਾ ਲੈਂਦਾ ਹੈ।

> "ਕੁਰਬਾਨੀ ਨੂੰ ਆਪਾਂ ਸੀਸ ਭੇਟ ਤਾਂ ਨਹੀਂ ਕਰਨੇ, ਬਸ ਥੋੜੇ ਚਿਰ ਵਾਸਤੇ ਇਕ ਦੂਜੇ ਤੋਂ ਤਲਾਕ ਲੈ ਲਵਾਂਗੇ। ਫਿਰ ਇੰਡਿਆ ਜਾ ਕੇ ਉਸ ਨਾਲ ਵਿਆਹ ਕਰਵਾ ਲਾਵਾਂਗਾ। ਜਦੋਂ ਉਹ ਇੱਥੇ ਆ ਗਈ, ਉਸ ਨੂੰ ਤਲਾਕ ਦੇ ਕੇ ਆਪਾਂ ਮੁੜ ਵਿਆਹ ਕਰਵਾ ਲਵਾਂਗੇ। ਇਹ ਸਭ ਹੋਣਾ ਤਾਂ ਕਾਗਜ਼ਾਂ ਵਿਚ ਹੀ ਐ। ਆਪਾਂ ਰਹਿਣਾ ਤਾਂ ਪਹਿਲਾਂ ਵਾਂਗ ਹੀ ਇਕੱਠੇ ਐ। ਬਾਹਰ ਕਿਸੇ ਨੂੰ ਇਸ ਦੀ ਭਿਣਕ ਵੀ ਨਹੀਂ ਪੈਣੀ ਕਿ ਆਪਣਾ ਤਲਾਕ ਹੋਇਆ।"[5]

ਬਲਵੰਤ, ਪ੍ਰੀਤੀ, ਬੱਲੀ, ਹਰਚਰਨ, ਭੂਆ ਆਦਿ ਅਨੇਕਾਂ ਪਾਤਰ ਹਨ ਜੋ ਨਾਵਲ ਨੂੰ ਅੱਗੇ ਤੋਰਨ ਵਿਚ ਯੋਗਦਾਨ ਦਿੰਦੇ ਹਨ। ਵਿਗੋਚਾ ਨਾਵਲ ਵਿਚ ਇੰਦਰ ਸਿੰਘ, ਮੰਗਲ ਸਿੰਘ, ਬੀਰ ਸਿੰਘ, ਬਲਵੰਤ ਸਿੰਘ, ਕਰਮ ਸਿੰਘ, ਪ੍ਰੀਤਮ ਸਿੰਘ, ਬਲਬੀਰ ਸਿੰਘ ਬੌਬੀ, ਪਰਮਜੀਤ (ਪੰਮ), ਅਨੂਪ, ਸੁਖਦੇਵ ਸਿੰਘ, ਸਰਬਜੀਤ ਸਿੰਘ, ਜਲੌਰ ਸਿੰਘ, ਮੇਹਰ ਸਿੰਘ, ਗੁਰਮੀਤ ਕੌਰ ਉਰਫ ਮੀਤੋ, ਭਾਈ ਮਿੱਤ ਸਿੰਘ, ਦਰਸ਼ਨਾ, ਦਰਸ਼ਨ ਸਿੰਘ, ਰਾਬਰਟ, ਥਾਮਸਨ, ਜੈਗ, ਸ਼ਰਨੀ, ਰਾਮ, ਲਛਮਣ, ਤੇਜਿੰਦਰ, ਸਰਬੀ, ਸਤਿੰਵਦਰ ਸਿੰਘ ਸੈਮ, ਕਰਮ ਸਿੰਘ, ਆਦਿ ਅਨੇਕਾਂ ਪਾਤਰ ਹਨ ਜੋ ਕਹਾਣੀ ਨੂੰ ਅੱਗੇ ਤੋਰਦੇ ਹਨ ਤੇ ਸਾਰੇ ਨਾਵਲਾਂ ਵਿਚ ਪਾਤਰ ਬਹੁਤ ਕਮਾਲ ਦੇ ਹਨ।

## ਭਾਸ਼ਾ-ਚੇਤਨਾ

ਜਰਨੈਲ ਸਿੰਘ ਸੇਖਾ ਦੀ ਭਾਸ਼ਾ ਬਹੁਤ ਕਮਾਲ ਦੀ ਹੈ ਉਹਨਾਂ ਨੇ ਪੰਜਾਬੀ ਭਾਸ਼ਾ ਦੇ ਨਾਲ ਪੱਛਮੀ ਮੂਲ ਦੇ ਸ਼ਬਦ ਵੀ ਵਰਤੇ ਹਨ। ਸਟਰਾਅ ਬੇਰੀ, ਰਸ ਬੇਰੀ, ਬਲਿਊ ਬੇਰੀ, ਕਰੇਨ ਬੇਰੀ, ਯੂ.ਆਈ., ਰੋਅ, ਫਲੈਟ, ਪਿੱਕਰ, ਗਾਰਬੇਜ, ਵੇਅਰਹਾਊਸ, ਅਪਾਰਟਮਿੰਟ, ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਅਜਿਹਾ ਕਰਨ ਲਈ ਅੰਗਰੇਜ਼ੀ ਭਾਸ਼ਾਂ ਦੀਆਂ ਧੁਨੀਆਂ, ਵਾਕ ਨੂੰ ਆਮ ਬੋਲਚਾਲ ਦੀ ਭਾਸ਼ਾ ਵਿਚ ਵਰਤਿਆ ਹੈ। ਉਹ ਮਾਲਵੇ ਖੇਤਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਦੀ ਭਾਸ਼ਾ ਤੇ ਭਾਰੂ ਹੈ ਪਰ ਉਹਨਾਂ ਨੇ ਆਪਣੇ ਨਾਵਲਾਂ ਵਿਚ ਜੋ ਵੀ ਲੋਕ ਜਿਸ ਖਿੱਤੇ ਨਾਲ ਸਬੰਧਤ ਹੋਣ ਉਹਨਾਂ ਦੇ ਮੂੰਹ ਵਿਚੋਂ ਉਹ ਹੀ ਭਾਸ਼ਾ ਬੁਲਵਾਈ ਹੈ। ਜਿਵੇਂ ਏਜੰਟ, ਬਾਰਡਰ, ਆਟੋਰਿਕਸ਼ਾ, ਬਰੇਕਫਾਸਟ, ਸੂਪ ਤੇ ਬਰੈਡ, ਇਮੀਲੇਸ਼ਨ, ਰਿਫਿਊਜੀ, ਬੋਰਡ, ਵੇਅਰ ਹਾਊਸ, ਸ਼ਾਵਰ, ਬੌਸ, ਅਸੈਂਬਲੀ, ਓਵਰਟਾਇਮ, ਕਲੀਨ ਅੱਪ, ਐਡ ਸੁਣੀ ਹੈ। ਉਹਨਾਂ ਨੇ ਪੰਜਾਬੀ ਵਿਚ ਵਰਤੋਂ ਆਉਣ ਵਾਲੀ ਭਾਸ਼ਾ ਦਾ ਵੀ ਪ੍ਰਯੋਗ ਕੀਤਾ ਹੈ ਸ਼ੁਭ ਸਵੇਰ, ਛੋਕਰੇ, ਰੰਗਦਾਰ ਜਾਤੀਆਂ, ਭੂਤਨਾ, ਸ਼ੁਭ ਆਥਣ ਧੋਲ ਧੱਫਾ ਆਦਿ ਸ਼ਬਦਾ ਦੀ ਵਰਤੋਂ ਕੀਤੀ ਹੈ।

ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾ ਵਿਚ ਮੁਹਾਵਰਿਆਂ ਦੀ ਵਰਤੋਂ ਵੀ ਕੀਤੀ ਗਈ ਹੈ। 'ਕੰਨੀ ਭਿਣਕ ਨਾ ਪੈਣੀ, ਤੌੜੀ ਉਬਲੂ ਆਪਣੇ ਕੰਢੇ ਸਾੜੂ, ਤੇਰੀ ਵਾਅ ਵਲ ਕੋਈ ਨਹੀਂ ਵੇਖ ਸਕਦਾ, ਜਿੰਨੀ ਨਾੜ੍ਹੀ ਓਨਾ ਈ ਪੁੰਨ, ਹਿੱਕ ਉੱਪਰ ਸੱਪ ਲੇਟਣੇ ਵਾਲੀ ਗੱਲ ਬਣ ਜਾਂਦੀ ਹੈ, ਹੱਕ ਦੇ ਤੋਂ ਕੰਨੀ ਕਤਰਾਉਂਦਾ, ਹੋਰ ਸੁੱਕੀ ਖੱਲ ਨਹੀਂ ਲੁਹਾਈ ਜਾਂਦੀ, ਜੇ ਕਿਤੇ ਪੇਚਾ ਪੈ ਜਾਵੇ, ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ, ਤਨ ਪੱਤਨ ਨਹੀਂ ਲੱਗ ਜਾਂਦਾ, ਖਹਿੜਾ ਨਹੀਂ ਛੱਡਦੀ, ਬੇੜੀਆ ਵਿਚ ਵੱਟੇ ਪਾਏ, ਮੋਢਿਆਂ 'ਤੇ ਚੜ੍ਹ ਕੇ ਫੇਰ ਆ ਗਿਆ, ਘਾਟ ਘਾਟ ਦਾ ਪਾਣੀ ਪੀਤਾ, ਦਾਲ ਨਹੀਂ ਗਲਣੀ ਆਦਿ ਮੁਹਾਵਿਰਆ ਦੀ ਵਰਤੋਂ ਕੀਤੀ ਗਈ ਹੈ।

> "ਕਰਮ ਸਿੰਘ ਜਿਹੜਾ ਸਦਾ ਆਪਣੇ ਹੀ ਰੰਗ ਵਿਚ ਰੰਗਿਆ ਰਹਿੰਦਾ ਸੀ ਤੇ ਕਿਸੇ ਦੀ ਗੱਲ ਦੀ ਪਰਵਾਹ ਨਹੀਂ ਸੀ ਕਰਦਾ, ਪਹਿਲੀਆਂ ਵਿਚ ਹੀ ਗਦਰ ਪਾਰਟੀ ਵਿਚ ਵਲੰਟੀਅਰ ਭਰਤੀ ਹੋ ਕੇ ਦੇਸ਼ ਨੂੰ ਤੁਰ ਗਿਆ ਸੀ ਜਾਂਦਾ ਹੋਇਆ ਕਹਿ ਗਿਆ ਸੀ, "ਯਾਰ ਤਾਂ ਛੜੇ ਛਾਂਟ ਐ ਸ਼ਹੀਦੀ ਪਾ ਜਾਵਾਂਗੇ ਤਾਂ ਦੇਸ਼ ਦੇ ਕੰਮ ਆ ਜਾਵਾਂਗੇ, ਊਂ ਕਿਹੜਾ ਸਾਨੂੰ ਕੋਈ ਰੋਣ ਵਾਲੀ ਬੈਠੀ ਐ। ਭਰਾਵਾ ਨੇ ਤਾਂ ਕਦੇ ਚਿੱਠੀ ਵੀ ਨਈ ਪਾਈ, ਜੇ ਚਿੱਠੀ ਆਉਂਦੀ ਵੀ ਐ ਤਾਂ ਪੈਸਿਆਂ ਵਾਸਤੇ ਈ ਆਉਂਦੀ ਵੀ ਐ ਤਾ ਪੈਸਿਆਂ ਵਾਸਤੇ ਈ ਆਉਂਦੀ ਐ। ਆਪਾਂ ਤਾਂ ਸੋਚ ਲਿਆ ਐ ਕਿ ' ਜਿੰਨੀ ਨਾੜ੍ਹੀ ਓਨਾ ਈ ਪੁੰਨ' ਹੁਣ ਕਿਸੇ ਨੂੰ ਕੋਡੀ ਨਈ ਦੇਣੀ ਬਸ ਸਭ ਕੁਛ ਦੇਸ਼ ਦੇ ਲੇਖੇ ਲਾ ਦੇਣੈ ਪਰ ਥੋਡੀ ਹੋਰ ਗੱਲ ਐ।"[6]

ਨਾਵਲ ਵਿਚ ਸੁਖਬੀਰ ਡਰੈਸਲਰ ਬਾਰੇ ਕਹਿੰਦਾ ਹੈ:-

> "ਮੈਂ ਕਹਿ ਦਿੱਤਾ ਸੀ ਕਿ 'ਮੇਰੇ ਕੋਲੋਂ ਪੜ੍ਹਾਈ ਛੱਡ ਕੇ ਤਾਂ ਜਾ ਨਹੀਂ ਹੋਣਾ। ਕ੍ਰਿਸਮਿਸ ਦੀਆਂ ਛੁਟੀਆਂ ਵਿਚ ਚੱਕਰ ਮਾਰ ਆਵਾਂਗਾ' ਪਰ ਉਹ ਖਹਿੜਾ ਹੀ ਨਹੀਂ ਛੱਡਦੀ।"
>
> "ਕ੍ਰਿਸਮਿਸ ਤਾਂ ਬੜੀ ਦੂਰ ਐ ਤੇ ਇਹ ਖਹਿੜਾ ਛਡਣ ਦੀ ਕੀ ਗੱਲ ਆਖੀ, ਇਹ ਤੇਰੇ ਘਰ ਵਾਲੀ ਹੈ। ਕੀ ਹੋਇਆ ਜੇ ਕਾਗਜ਼ੀ ਵਿਆਹ ਨਹੀਂ ਹੋਇਆ। ਤੇਰੀ ਕਾਮਨ ਲਾਅ ਤਾਂ ਹੈ।"[7]

## ਬਿਰਤਾਂਤ ਵਿਧੀਆਂ

**ਪਿਛਲ-ਝਾਤ (ਫਲੈਸ਼ਬੈਕ) ਵਿਧੀ-** ਜਰਨੈਲ ਸਿੰਘ ਨੇ ਆਪਣੇ ਨਾਵਲਾਂ ਵਿਚ ਪਿਛਲਝਾਤ ਜੁਗਤ ਦੀ ਵਰਤੋਂ ਕੀਤੀ ਹੈ। ਨਾਵਲਕਾਰ ਦੀ ਕਹਾਣੀ ਕਲਾ ਇਸੇ ਵਿਚ ਹੈ ਕਿ ਉਹ ਆਪਣੀ ਗੱਲ ਕਹਿਣ ਲਈ ਕਿੱਥੋਂ ਸ਼ੁਰੂਆਤ ਕਰਦਾ ਹੈ, ਕਿਹੜੀ ਯੁਗਤ ਨਾਲ ਕਦੋਂ, ਕਿਹੜੀ ਅਤੇ ਕਿਵੇਂ ਗੱਲ ਕਹਿ ਕੇ ਕਹਾਣੀ ਨੂੰ ਸਮੇਟਣਾ ਕਿਵੇਂ ਹੈ। ਉਸ ਦੀ ਕਹਾਣੀ ਵਿਚ ਵਧੇਰੇ ਕਰਕੇ 'ਮੈਂ' ਦੀ ਥਾਂ ਉਸ ਨੂੰ ਕਥਾ ਨਾਇਕ ਬਣਾਇਆ ਜਾਂਦਾ ਹੈ ਅਤੇ ਨਾਵਲ ਦਾ ਸਮੁੱਚਾ ਸੰਸਾਰ ਵਕਤਾ ਦੇ ਸਰਬੰਗ ਵਰਣਨ ਵਿਚ ਰੁਪਾਤਿਰ ਹੁੰਦਾ ਨਿੱਕੇ-ਨਿੱਕੇ ਵੇਰਵਿਆਂ ਨੂੰ ਉਪ ਘਟਨਾਵਾਂ, ਸੰਵਾਦਾਂ ਅਤੇ ਪਿਛਲ-ਝਾਤ ਦੀ ਯੁਗਤ ਰਾਹੀ ਸਮੇਟਦਾ ਉਸ ਦੇ ਨਾਵਲ ਦਾ ਬਿਰਤਾਂਤਕ ਰਿਦਮ ਬਣਦਾ ਹੈ। ਜਰਨੈਲ ਸਿੰਘ ਸੇਖਾ ਵਿਚ ਪਿਛੋਕੜ ਦੇ ਵਿਸਥਾਰ ਚਿੱਤਰ ਜਿੱਥੇ ਪਾਤਰਾਂ ਦੇ ਸੁਭਾਅ ਦੇ ਵਿਵੇਕ ਨੂੰ ਸਮਝਣ ਵਿਚ ਮਦਦ ਕਰਦੇ ਹਨ, ਉਥੇ ਇਸ ਨਾਲ ਉਹਨਾਂ ਦੇ ਅਤੀਤ ਨੂੰ ਵਰਤਮਾਨ ਨਾਲ ਤੁਲਨਾਉਣ ਵਿਚ ਸਹਾਇਤਾ ਮਿਲਦੀ ਹੈ। ਇਹ ਤੁਲਨਾ ਜੀਵਨ ਵਿਚ ਵਾਪਰਣ ਵਾਲੇ ਬਦਲਾਵਾਂ ਦੀ ਨੁਹਾਰ ਦੀ ਦਸ਼ਾ ਤੇ ਦਿਸ਼ਾ ਉਲੀਕਣ ਵਾਲੀ ਹੁੰਦੀ ਹੈ। ਨਾਵਲਕਾਰ ਦੀ ਕਲਾ ਯੁਗਤ ਵਿਚ ਜਿਸ ਕਥਾ

ਜੁਗਤ ’ਤੇ ਵਧੇਰੇ ਜ਼ੋਰ ਦਿੰਦਾ ਹੈ ਉਹ ਪਿਛਲ ਝਾਤ ਹੈ। ਅਸਲ ਵਿਚ ਜਰਨੈਲ ਸਿੰਘ ਇਸ ਵਿਧੀ ਨਾਲ ਕਾਰਜਸ਼ੀਲ ਪ੍ਰੇਰਕਾ ਨੂੰ ਵਸਤੂਪਰਕ ਦ੍ਰਿਸ਼ਟੀ ਰਾਹੀਂ ਖੋਲਣ ਦਾ ਸਫ਼ਲ ਯਤਨ ਕਰਦਾ ਹੈ ਅਤੇ ਫਿਰ ਇਸ ਕਾਰਜ ਨੂੰ ਪ੍ਰਭਾਵ ਦੀ ਏਕਤਾ ਦੇ ਕ੍ਰਮ ਵਿਚ ਜੋੜ/ਬੀੜ ਕੇ ਇਕ-ਇਕ ਤਾਰਕਿਕ ਸੰਗਠਨ ਵਿਚ ਢਾਲਦਾ ਹੈ। ਪਿਛਲ ਜੁਗਤ ਦੀ ਕਥਾ ਜੁਗਤ ਰਾਹੀਂ ਉਹ ਵਾਪਰ ਚੁੱਕੀ ਘਟਨਾ ਦੇ ਪ੍ਰੇਰਕਾਂ ਦੀ ਥਾਹ ਪਾਉਣ ਦੇ ਗੰਭੀਰ ਯਤਨ ਜਟਾਉਂਦਾ ਹੈ। ਉਸ ਦੇ ਨਾਵਲਾਂ ਦਾ ਆਰੰਭ ਆਮ ਕਰਕੇ ਸਿਖਰ ਦੀ ਸੂਚਕ ਘਟਨਾ ਦੇ ਵਾਪਰ ਜਾਣ ਉਪਰੰਤ ਹੁੰਦਾ ਹੈ। ਘਟਨਾ ਦੇ ਪਿਛੋਕੜ ਵਿਚ ਗਤੀਸ਼ੀਲ ਘਟਨਾਵਾਂ ਉਹ ਪਾਤਰ ਦੇ ਮਾਨਸਿਕ ਚਿਤਰਨ ਦੇ ਮਾਧਿਅਮ ਦੁਆਰਾ ਸਮੂਰਤ ਕਰਦਾ ਹੈ। ਇਹ ਜੁਗਤ ਜਰਨੈਲ ਸਿੰਘ ਸੇਖਾ ਨੂੰ ਮਨੋਵਿਗਿਆਨਕ ਬਣਾਉਂਦੀ ਹੈ, ਕਿਉਂਕਿ ਮਨੁੱਖ ਆਪਣੇ ਸੰਵੇਦਨਸ਼ੀਲ ਹੁੰਦੀਆਂ ਸੁਚੇਤ ਅਤੇ ਅਚੇਤ ਤੌਰ ’ਤੇ ਕੁਝ ਨਾ ਕੁਝ ਹਰ ਵੇਲੇ ਸੋਚਦਾ ਹੀ ਰਹਿੰਦਾ ਹੈ। ਮਨੁੱਖ ਦਾ ਮਨ ਆਪਣੇ ਅਤੀਤ ਭਵਿੱਖ ਅਤੇ ਹੋਰ ਵਰਤਾਰਿਆਂ ਨਾਲ ਜੁੜਿਆ ਹੋਣ ਕਰਕੇ ਚੰਚਲਤਾ ਧਾਰਨ ਕਰਦਾ ਹੈ। ਇਸ ਯੁਗਤ ਨਾਲ ਨਾਵਲ ਵਿਚ ਵਧੇਰੇ ਜਟਿਲਤਾ ਆਈ ਹੈ। ਜਰਨੈਲ ਸਿੰਘ ਪਿਛਲ-ਝਾਤ ’ਤੇ ਭਵਿੱਖ ਵਿਧੀ ਦਾ ਸਹਾਰਾ ਲੈਂਦਿਆਂ ਸੱਜੇ-ਖੱਬੇ ਅਤੇ ਅੱਗੇ ਪਿੱਛੇ ਵੇਖ ਕੇ ਚੱਲਿਆ ਹੈ। ਇਸ ਤਰ੍ਹਾਂ ਅਸੀਂ ਦੇਂਖਦੇ ਹਾਂ ਜਰਨੈਲ ਸਿੰਘ ਸੇਖਾ ਨੇ ਵਿਗੋਚਾ, ਭਗੌੜਾ, ਬੇਗਾਨੇ ਵਿਚ ਇਸ ਵਿਧੀ ਦੀ ਵਰਤੋਂ ਕੀਤੀ ਹੈ। ਨਾਵਲਕਾਰ ਨੇ ਆਪਣੇ ਨਾਵਲਾਂ ਵਿਚ ਪਿਛਲਝਾਤ ਵਿਧੀ ਦੀ ਵਰਤੋਂ ਕੀਤੀ ਹੈ ਤੇ ਉਸ ਨੇ ਬੀਤੀਆਂ ਘਟਨਾਵਾਂ ਨੂੰ ਅਤੀਤ ਨਾਲ ਜੋੜ ਕੇ ਪੇਸ਼ ਕੀਤਾ ਹੈ। ਉਹਨਾਂ ਨੇ ਆਪਣੇ ਨਾਵਲ ਵਿਗੋਚਾ ਵਿਚ ਇਸ ਦੀ ਵਰਤੋਂ ਕੀਤੀ ਹੈ ਉਹਨਾਂ ਨੇ ਨਾਵਲ ਦਾ ਆਰੰਭ ਹੁੰਦਾ ਹੈ ਤਾਂ ਉਸ ਵਿਚ ਨਾਵਲਕਾਰ ਨੇ ਇਕ ਐਕਸੀਡੈਂਟ ਦੀ ਘਟਨਾ ਨਾਲ ਹੀ ਸਸਪੈਂਸ ਦੀ ਪੇਸ਼ਕਾਰੀ ਕੀਤੀ ਹੈ ਤੇ ਉਸ ਨੇ ਇਸ ਵਿਚ ਅਨੂਪ ਦੀ ਮੌਤ ਦੀ ਖਬਰ ਬੌਬੀ ਕੋਲ ਪਹੁੰਚਦੀ ਹੈ ਤੇ ਇਸ ਨਾਲ ਹੀ ਘਟਨਾ ਦਾ ਵਿਸਥਾਰ ਹੁੰਦਾ ਹੈ ਤੇ ਨਾਵਲ ਵਿਚ ਨਾਵਲਕਾਰ ਨੇ ਬੀਤੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਨਾਵਲ ਦੀ ਪੇਸ਼ਕਾਰੀ ਕੀਤੀ ਹੈ ਤੇ ਇਸ ਨਾਲ ਨਾਵਲ ਦੀ ਸਾਰੀ ਕਥਾ ਦਾ ਵਿਸਥਾਰ ਹੁੰਦਾ ਹੈ ਤੇ ਜੋ ਨਾਵਲ ਨੂੰ ਇਤਿਹਾਸ ਵੱਲ ਵੀ ਲੈ ਜਾਂਦੀ ਹੈ।

ਬੌਬੀ ਨੂੰ ਉਸਦੀ ਮਾਂ ਉਸ ਦੇ ਵੱਡੇ-ਵੱਡੇਰਿਆਂ ਦੀ ਕਥਾਂ ਰਾਹੀ ਇਤਿਹਾਸ ਦੀ ਪੇਸ਼ ਕਾਰੀ ਕਰਦੀ ਹੈ ਕਿ ਉਸ ਦਾ ਬਾਪ ਤੇ ਉਸ ਦੇ ਦਾਦੇ ਪੜਦਾਦੇ ਨੇ ਦੇਸ਼ ਵਾਸਤੇ ਜੋ ਕੁਰਬਾਨੀਆਂ ਕੀਤੀਆਂ ਉਹਨਾਂ ਦਾ ਵਰਣਨ ਵੀ ਕਰਦੀ ਹੈ। ਉਹਨਾਂ ਨੇ ਨਾਵਲ ਵਿਚ ਇਸ ਵਿਧੀ ਨਾਲ ਪਾਠਕ ਨੂੰ ਨਾਵਲ ਵਿਚਲੀਆਂ ਗੱਲਾਂ ਨਾਲ ਖਿੱਚ ਕੇ ਰੱਖਿਆਂ ਹੈ ਤੇ ਉਸ ਦਾ ਨਾਵਲ ਨੂੰ ਪੜ੍ਹਨ ਵੱਲ ਰੁਚਿਤ ਵੀ ਕੀਤਾ ਹੈ। ਨਾਵਲਕਾਰ ਨੇ ਇਸ ਵਿਧੀ ਰਾਹੀਂ ਕਹਾਣੀ ਨੂੰ ਬਿਆਨ ਕਰਕੇ ਸਾਰੀ ਗੱਲਾਂ ਪਾਤਰਾਂ ਦੇ ਮੂੰਹ ਵਿਚੋਂ ਸੁਚੇਤ ਰੂਪ ਵਿਚ ਬੁਲਾਈ ਗਈ ਹੈ ਸਾਰੇ ਪਾਤਰ ਹੀ ਨਾਵਲ ਨੂੰ ਅੱਗੇ ਵਧਾਉਣ ਵਿਚ ਸਹਾਈ ਹਨ।

ਇਕ ਹੋਰ ਬਿਰਤਾਂਤ ਵਿਚ ਚਾਚਾ ਲਛਮਣ ਵਿਦੇਸ਼ ਵਿਚ ਬੈਠਾ ਆਪਣੇ ਅਤੀਤ ਵਿਚ ਰਚ ਕੇ ‘ਲਛਮਣ ਜਤੀ’ ਵਿਚ ਆਪਣੇ ਅਤੀਤ ਨੂੰ ਯਾਦ ਕਰਦਾ ਹੈ ਤੇ ਆਪਣੇ ਤੇ ਆਪਣੇ ਭਰਾ ਦੀ ਸੋਚ ਵਿਚ ਗੁਵਾਚ ਜਾਂਦਾ ਹੈ ਤੇ ਉਹ ਦੱਸਦਾ ਹੈ ਕਿ ਉਸ ਦਾ ਭਰਾ ਬਹੁਤ ਭੋਲਾ ਸੀ ਤੇ ਉਹ ਪੜ੍ਹਿਆਂ ਵੀ ਘੱਟ ਸੀ ਤੇ ਸਭ ਨੂੰ ਉਸ ਦਾ ਹੀ ਫਿਕਰ ਸੀ ਤੇ ਉਸ ਦਿਨਾਂ ਵਿਚ ਅਜਿਹੀ ਘਟਨਾ ਵਾਪਰੀ ਕੀ ਲਛਮਣ ਸਿੰਘ ਦੀ ਜ਼ਿੰਦਗੀ ਦਾ ਪਾਸਾ ਹੀ ਬਦਲ ਕੇ ਰੱਖ ਦਿੱਤਾ। ਉਸ ਹੱਥੋਂ ਇਕ ਬੰਦੇ ਦਾ ਕਤਲ ਹੋ ਹਾਂਦਾ ਹੈ ਤੇ ਉਸ ਦੇ ਚੱਕਰ ਵਿਚ ਉਹ ਘਰ ਛੱਡ ਕੇ ਦੂਰ ਚਲਾ ਜਾਂਦਾ ਹੈ ਤੇ ਰਸਤੇ ਵਿਚ ਇਕ ਆਦਮੀ

ਮਿਲਦਾ ਹੈ ਜੋ ਉਸ ਨੂੰ ਟਿਕਟ ਲੈ ਕੇ ਦਿੰਦਾ ਹੈ, ਤੇ ਉਦੋਂ ਹੀ ਉਸ ਸਮੇਂ ਸੁਖਦੇਵ ਦੀ ਆਵਾਜ਼ ਸੁਣ ਕੇ ਉਹ ਅਤੀਤ ਵਿਚੋਂ ਬਾਹਰ ਲੈ ਆਂਦਾ।

> "ਮੈਂ ਅੰਬਰਸਰੋਂ ਆਇਆਂ ਤੇ ਕਲਕੱਤੇ ਵਾਲੀ ਗੱਡੀ ਉਡੀਕਦਾ ਪਿਆ ਵਾਂ। ਤੇ ਤੂੰ ਕਿਤੇ ਜਾਣ ਗੋਚਰਾ ਨਹੀਂ' ਕਿਹਾ, ਸੁੱਖ ਤੇ ਹੈ ਵੇ?
>
> "ਕੁਸ਼ ਨਾ ਪੁੱਛ ਭਰਾਵਾ, ਮੈਂ ਵੀ ਕਲਕੱਤੇ ਈ ਜਾਣਾ ਸੀ ਪਰ ਮੇਰੇ ਸਮਾਨ ਵਾਲਾ ਝੋਲਾ ਗੁਆਚ ਗਿਆ, ਟਿਕਟ ਵੀ ਵਿਚੇ ਈ ਸੀ। ਬੈਠਾ ਸੋਚਦਾਂ, ਹੁਣ ਕੀ ਕਰਾਂ। " ਲਛਮਣ ਸਿੰਘ ਨੇ ਝੂਠ ਬੋਲਿਆ।
>
> "ਕਰਨਾ ਕੀ ਏ, ਮੇਰੇ ਨਾਲ ਚੱਲ, ਸਾਥ ਬਣਿਆ ਰਹੇਗਾ। ਟਿਕਟ ਤੈਨੂੰ ਮੈਂ ਲਿਆ ਦੇਨਾਂ, ਪੈਸੇ ਉੱਥੇ ਜਾ ਕੇ ਦੇ ਦੇਵੀ। " ਨਾਲ ਦੇ ਹਮਦਰਦੀ ਨਾਲ ਕਿਹਾ।
>
> "ਸੌਂ ਗਿਆ ਚਾਚਾ? ਲੈ ਚਾਹ ਪੀ ਲਾ।" ਸੁਖਦੇਵ ਦੀ ਆਵਾਜ਼ ਨੇ ਲਛਮਣ ਸਿੰਘ ਨੂੰ ਅਤੀਤ ਦੀਆਂ ਯਾਦਾਂ ਵਿਚੋਂ ਬਾਹਰ ਲੈਂ ਆਂਦਾ। ਉਸ ਨੇ ਆਪਣੇ ਚਿਹਰੇ ਤੋਂ ਕੰਬਲ ਪਾਸੇ ਕਰਕੇ ਦੇਖਿਆ, ਸੁਖਦੇਵ ਇਕ ਟਰੇਅ ਵਿਚ ਚਾਹ ਦੇ ਦੋ ਕੱਪ ਅਤੇ ਪਲੇਟ ਵਿਚ ਕੁਝ ਬਿਸਕੁਟ ਰੱਖ ਕੇ ਖੜ੍ਹਾ ਸੀ।"[8]
>
> "ਹਰੇਕ ਯੁੱਗ ਵਿਚ ਆਪੋ ਆਪਣੀਆਂ ਸਮੱਸਿਅਵਾਂ ਜਨਮ ਲੈਦੀਆਂ ਹਨ। ਵਿਸ਼ੇ ਦੇ ਦੋ ਪੱਖ ਹੁੰਦੇ ਹਨ-ਇਕ ਸਦਾਚਾਰਕ ਨੁਕਤੇ ਜੋ ਕਿਸੇ ਵੀ ਯੁੱਗ ਵਿਚ ਨਹੀਂ ਬਦਲਦੇ। ਲੇਖਕ ਸਦੀਂਵੀ ਸੱਚ ਦਾ ਰਖਵਾਲਾ ਹੈ, ਕਿਉਂਕਿ ਇਹ ਲੇਖਕ ਹੀ ਹੈ ਜਿਸ ਨੇ ਸਦੀਆਂ ਪਹਿਲਾਂ ਪੈਦਾ ਹੋਈ ਅਮਰ ਸਚਾਈ ਸਾਡੇ ਤੱਕ ਲਿਆਦੀਆਂ ਹਨ।"[9]

ਨਾਵਲ ਦੀ ਕਹਾਣੀ ਨੂੰ ਬਿਆਨ ਕਰਨ ਦੀਆਂ ਕਈ ਵਿਧੀਆਂ ਹੋ ਸਕਦੀਆਂ ਹਨ। ਸਭ ਤੋਂ ਸਾਦਾ ਅਤੇ ਸਰਲ ਵਿਧੀ ਲੇਖਕ ਵੱਲੋਂ ਅਨਯ ਪੁਰਖ (third person) ਵਿਚ ਕਹਾਣੀ ਨੂੰ ਬਿਆਨ ਕਰਦਾ ਹੈ। ਇਸ ਵਿਧੀ ਵਿਚ ਲੇਖਕ ਸਭ ਕੁਝ ਜਾਣਦਾ ਹੁੰਦਾ ਹੈ ਤੇ ਉਹ ਆਪਣੇ ਪਾਤਰਾਂ ਦੇ ਮਨੋਭਾਵਾਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ। ਦੂਜੀ ਵਿਧੀ ਖ਼ਤੋ-ਕਿਤਾਬਤ (letter-writing) ਦੀ ਹੋ ਸਕਦੀ ਹੈ। ਇਸ ਵਿਚ ਪਾਤਰ ਇਕ-ਦੂਜੇ ਨੂੰ ਪੱਤਰ ਲਿਖ ਕੇ ਆਪਣੇ ਭਾਵਾਂ ਦਾ ਇਜ਼ਹਾਰ ਕਰਦੇ ਹਨ ਇਸ ਵਿਧੀ ਵਿਚ ਰਾਹੀ ਉਹ ਪਾਠਕਾਂ ਦੀ ਕਲਪਣਾ ਨੂੰ ਉਤੇਜਿਤ ਕਰਦਾ ਹੈ।

> ਕਹਾਣੀ ਨੂੰ ਬਿਆਨ ਕਰਨ ਲਈ ਇਕ ਹੋਰ ਵਿਧੀ ਉੱਤਮ ਪੁਰਖ ਦੀ ਵਰਤੋਂ ਕਰਦਾ ਹੈ। ਇਸ ਵਿਚ ਨਾਵਲ ਦਾ ਕੋਈ ਪਾਤਰ ਆਪਣੀ ਸਵੈਜੀਵਨੀ ਜਾਂ ਸੰਸਮਰਣਾਂ ਦੇ ਰੂਪ ਵਿਚ ਕਹਾਣੀ ਨੂੰ ਬਿਆਨ ਕਰਦਾ ਹੈ। ਇਸ ਵਿਧੀ ਵਿਚ ਕਈ ਖ਼ਤਰੇ ਹੁੰਦੇ ਹਨ। ਸਭ ਤੋਂ ਪਹਿਲਾਂ, ਪਾਤਰ ਅਤੇ ਲੇਖਕ ਨੂੰ ਇਕ ਦੂਜੇ ਵਿਚ ਅਭੇਦ ਕਰ ਬੈਠਦਾ ਹੈ। ਇਸ ਕਾਰਨ ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਹੁੰਦੇ ਹਨ। ਪੰਜਾਬੀ ਵਿਚ ਬਹੁਤੇ ਨਾਵਲਕਾਰ ਕਹਾਣੀ ਨੂੰ ਬਿਆਨ ਕਰਨ ਦੀ ਰਵਾਇਤੀ ਵਿਧੀ ਦਾ ਪ੍ਰਯੋਗ ਕਰਦੇ ਹਨ। ਉਹ ਨਾਵਲ ਦੀ ਸਮੁੱਚੀ ਕਹਾਣੀ ਨੂੰ ਆਪਣੇ ਵੱਲੋਂ ਬਿਆਨ ਕਰਦੇ ਹਨ।"[10]

ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਵਿਚ ਅਨਿਯ ਪੁਰਖ ਵਿਧੀ ਦੀ ਵਰਤੋਂ ਕੀਤੀ ਹੈ ਤੇ ਉਹਨਾਂ ਨੇ ਆਪਣੇ ਨਾਵਲਾਂ ਵਿਚ ਚਿੱਠੀ ਪੱਤਰ ਸ਼ੈਲੀ ਵੀ ਵਰਤੀ ਹੈ। ਉਹਨਾਂ ਨੇ ਆਪਣੇ ਪਾਤਰਾਂ ਦੇ ਮੂੰਹ ਵਿਚੋਂ ਹੀ ਸਾਰੀ ਕਹਾਣੀ ਨੂੰ ਬਹੁਤ ਵਧੀਆ ਪੇਸ਼ ਕੀਤਾ ਹੈ ਤੇ ਸਾਰੇ ਪਾਤਰ ਬਿਰਤਾਂਤ ਸਿਰਜਣ ਨਾਲ ਉਹ ਨਾਵਲ ਦੀ ਕਹਾਣੀ ਨੂੰ ਬਿਆਨ ਕਰਦੇ ਹਨ ਕਿਤੇ ਵੀ ਨਾਵਲ ਵਿਚ ਖੜੋਤ ਨਹੀਂ ਹੈ।

> "ਉਹ ਨਵੇਂ ਕੰਮ ਦੀ ਜਾਣਕਾਰੀ ਲੈਂਦਾ ਤੇ ਬਰਲਿਨ ਦੇ ਇਲਾਕੇ ਦੀ ਸੈਰ ਵੀ ਕਰਦਾ। ਉਧਰ ਡਰੈਸਲਰ ਦਾ ਹਰ ਰੋਜ਼ ਫ਼ੋਨ ਆ ਜਾਂਦਾ। ਉਹ ਕਦੀ ਘਰ ਹੁੰਦਾ ਕਦੀ ਬਾਹਰ। ਉਸ ਨੇ ਵੀ ਡਰੈਸਲਰ ਨੂੰ ਦੋ ਵਾਰ ਫੋਨ ਕੀਤਾ ਅਤੇ ਜਲਦੀ ਮੁੜਨ ਦਾ ਉਸ ਨੂੰ ਵਿਸ਼ਵਾਸ਼ ਵੀ ਦਿਵਾਇਆ ਪਰ ਉਹ ਹਫਤੇ ਮਗਰੋਂ ਵਾਪਸ ਨਾ ਗਿਆਂ ਤਾਂ ਡਰੈਸਲਰ ਆਪ ਬਰਲਿਨ ਆ ਗਈ। ਜਦੋਂ ਉਹ ਫੇਰੀ ਲਾਕੇ ਘਰ ਆਏ ਤਾਂ ਦੇਖ ਕੇ ਹੈਰਾਨ ਹੋ ਗਏ ਕਿ ਡਰੈਸਲਰ ਕਲਾਉਡੀਆ ਕੋਲ ਬੈਠੀ ਹੱਸ ਹੱਸ ਗੱਲਾਂ ਕਰ ਰਹੀ ਸੀ।"[11]

ਨਾਵਲਕਾਰ ਨੇ ਆਪਣੇ ਨਾਵਲ ਵਿਚ ਰਵਾਇਤੀ ਵਿਧੀ ਗੱਲ ਕੀਤੀ ਹੈ ਤੇ ਨਾਲ ਹੀ ਵਿਆਖਿਆਂ ਵਿਧੀ ਦੀ ਵਰਤੋਂ ਕਰਦਾ ਹੈ ਤੇ ਆਪਣੇ ਨਾਵਲਾਂ ਵਿਚ ਉਹਨਾਂ ਨੇ ਚਿੱਠੀ-ਪੱਤਰ ਰਾਹੀਂ ਨਾਵਲ ਨੂੰ ਅੱਗੇ ਵਧਾਉਣ ਵਿਚ ਸਹਾਈ ਹੁੰਦਾ ਹੈ ਤੇ ਉਹਨਾਂ ਨੇ ਆਪਣੇ ਨਾਵਲ ਵਿਗੋਚਾ ਵਿਚ ਪੰਮ ਨੇ ਆਪਣੀ ਮਾਂ ਨੂੰ ਚਿੱਠੀ ਦੇ ਰਾਹੀਂ ਆਪਣੇ ਬਾਰੇ ਬਿਆਨ ਕੀਤਾ ਹੈ ਕਿ ਉਸ ਨੇ ਆਪਣੇ ਮਨੋਭਾਵਾਂ ਨੂੰ ਚਿੱਠੀ ਰਾਹੀਂ ਬਿਆਨ ਕੀਤਾ ਹੈ ਤੇ ਇਸ ਵਿਚ ਉਸ ਨੇ ਨਾਵਲ ਵਿਚ ਕਹਾਣੀ ਨੂੰ ਬਿਆਨ ਕੀਤਾ ਹੈ। ਨਾਵਲਕਾਰ ਨੇ ਆਪਣੇ ਨਾਵਲਾਂ ਰਾਹੀਂ ਬਿਰਤਾਂਤ ਸਿਰਜ ਕੇ ਉਹਨਾਂ ਨੇ ਪੱਤਰ ਸ਼ੈਲੀ ਰਾਹੀਂ ਨਾਵਲ ਨੂੰ ਅੱਗੇ ਤੋਰਨ ਵਿਚ ਯੋਗਦਾਨ ਦਿੱਤਾ ਹੈ। ਨਾਵਲ ਵਿਚ ਉਨ੍ਹਾਂ ਨੇ ਨਾਵਲ ਦੇ ਤੱਤਾਂ ਨੂੰ ਬਹੁਤ ਢੁੱਕਵੇ ਤਰੀਕੇ ਨਾਲ ਨਾਵਲ ਨੂੰ ਵਧੀਆ ਬਣਾਇਆ ਹੈ।

ਇਸ ਤਰ੍ਹਾਂ ਉਹਨਾਂ ਨੇ ਆਪਣੇ ਨਾਵਲ ਭਗੌੜੇ ਵਿਚ ਵੀ ਡਰੈਸਲਰ ਨੇ ਜੋ ਚਿੱਠੀ ਲਿਖੀ ਉਸ ਵਿਚ ਉਸ ਨੇ ਪੱਛਮ ਦੇਸ਼ਾਂ ਦੇ ਲੋਕਾਂ ਦੇ ਬਾਰੇ ਬਿਆਨ ਕੀਤਾ ਹੈ ਕਿ ਉਹ ਕਿਵੇਂ ਪੰਜਾਬੀ ਵੱਲ ਰੁਚਿਤ ਹੁੰਦੇ ਹਨ। ਉਹਨਾਂ ਨੇ ਹਰ ਘਟਨਾ ਦਾ ਪ੍ਰਗਟਾ ਬਹੁਤ ਵਧੀਆਂ ਢੰਗ ਨਾਲ ਬਿਆਨ ਕੀਤਾ ਹੈ ਜੋ ਨਾਵਲ ਨੂੰ ਸਾਰਥਿਕ ਬਣਾਉਂਦਾ ਹੈ। ਦੁਨੀਆ ਕੈਸੀ ਹੋਈ ਵਿਚ ਵੀ ਚਿੱਠੀ-ਪੱਤਰ ਦਾ ਬਿਆਨ ਹੈ। ਬੇਗਾਨੇ ਨਾਵਲ ਵਿਚ ਵੀ ਨਾਵਲਕਾਰ ਨੇ ਵਰਤੋਂ ਕੀਤੀ ਹੈ।

## ਸਥਾਨਕ ਰੰਗਣ

ਸਥਾਨਕ ਰੰਗਣ ਦੇ ਮਾਧਿਅਮ ਦੁਆਰਾ ਲੇਖਕ ਪਾਠਕਾ ਦੇ ਮਨਾਂ ਵਿਚ ਕਹਾਣੀ ਦੀ ਵਿਸ਼ਵਾਸਯੋਗਤਾ ਨੂੰ ਪੱਕਾ ਕਰਦਾ ਹੈ। ਇਸ ਵਿਧੀ ਰਾਹੀਂ ਉਹ ਆਪਣੇ ਪਾਤਰਾਂ ਦੇ ਰੋਜ਼ਾਨਾਂ ਅਤੇ ਸਮਾਜਿਕ ਪਰਿਵੇਸ਼ ਨਾਲ ਸਬੰਧਿਤ ਮਹੱਤਵਪੂਰਣ ਵੇਰਵਿਆਂ ਨੂੰ ਬਿਆਨ ਕਰਦਾ ਹੈ। ਐਮਿਲੇ ਜ਼ੋਲਾਂ ਅਨੁਸਾਰ: ਸਥਾਨਕ ਰੰਗਣ ਦੇ ਸਮਾਜਿਕ-ਸੱਭਿਆਚਾਰਕ ਮਹੱਤਵ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ:-

> "I also attach considerable importance of environment ।"[12]

ਜਰਨੈਲ ਸਿੰਘ ਸੇਖਾ ਦੇ ਨਾਵਲਾਂ ਵਿਚ ਕੈਨੇਡਾ ਦੀ ਧਰਤੀ ਤੇ ਨਾਵਲ ਲਿਖੇ ਹਨ ਤੇ ਉੱਥੋਂ ਦੇ ਸਥਾਨਾਂ ਦਾ ਵਰਣਨ ਬਹੁਤ ਢੁੱਕਵਾ ਤੇ ਉੱਚ ਪੱਧਰ ਦਾ ਕੀਤਾ ਹੈ ਜੇ ਉਹਨਾਂ ਨੇ ਪਾਤਰ ਨੂੰ ਪੰਜਾਬ ਵਿਚ ਪੇਸ਼ ਕੀਤਾ ਹੈ ਉਸ ਨੂੰ ਪੰਜਾਬੀ ਸਮਾਜ ਵਿਚ ਵਿਚਰਦੇ ਦਿਖਾਇਆ ਹੈ ਕੋਈ ਵੀ ਇਸ ਤਰ੍ਹਾਂ ਲੱਗਦਾ ਹੈ ਜੋ ਵਾਤਾਵਰਣ ਸਿਰਜ ਰਿਹਾ ਹੈ ਉਹ ਹੂ-ਬਹੂ ਦਿਖਾਈ ਦਿੰਦਾ ਹੈ। ਉਨਾਂ ਨੇ ਆਪਣੇ ਨਾਵਲ ਦੁਨੀਆ ਕੈਸੀ ਹੋਈ, ਬੇਗਾਨੇ, ਵਿਗੋਚਾ, ਭਗੌੜਾ, ਨਾਵਲ ਵਿਚ ਉਹਨਾਂ ਨੇ ਸਥਾਨ ਦੀ ਪੇਸ਼ਕਾਰੀ ਕੀਤੀ ਹੈ ।

> "ਰੇਲਵੇ ਟਰੈਕ ਉੱਪਰ ਚੀਨੀ, ਜਾਪਾਨੀ ਅਤੇ ਹੋਰ ਯੋਰਪੀਅਨ ਲੋਕ ਕੰਮ ਕਰਦੇ ਸਨ ਪਰ ਭਾਰਤੀ ਟਾਵੇਂ ਟਾਵੇਂ ਹੀ ਸਨ ਜਿਹੜੇ ਪੰਦਰਾਂ ਵੀਹ ਭਾਰਤੀ ਸਨ ਉਹ ਸਾਰੇ ਪੰਜਾਬੀ ਸਿੱਖ ਹੀ ਸਨ। ਉੱਥੇ ਫਰੇਜ਼ਰ ਦਰਿਆ ਦੇ ਕਿਨਾਰੇ, ਉੱਚੀਆਂ ਪਹਾੜੀਆਂ ਦੇ ਪੈਰਾਂ ਵਿਚ ਤੰਬੂਆਂ ਦੇ ਕੈਂਪ ਲੱਗੇ ਹੋਏ ਸਨ। ਅੱਡ ਅੱਡ ਦੇਸ਼ ਦੇ ਲੋਕਾਂ ਵੱਖ ਵੱਖ ਤੰਬੂਆਂ ਵਿਚ ਰਹਿੰਦੇ ਸਨ।"[13]

ਭਗੌੜਾ ਨਾਵਲ ਵਿਚ ਨਾਵਲ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ

> "ਅੱਜ ਬੱਦਲਾਂ ਤੋਂ ਖਾਲੀ ਨਿਰਮਲ ਆਕਾਸ਼ ਵਿਚ ਸੂਰਜ ਆਪਣੀ ਠੰਡੀ ਰੌਸ਼ਨੀ ਬਿਖੇਰ ਰਿਹਾ ਸੀ। ਉਹ ਚੜ੍ਹਦੇ ਪਾਸੇ ਪਹਾੜੀਆਂ ਨੂੰ ਨਿਹਾਰਨ ਲੱਗਾ। ਪਹਾੜੀਆਂ ਉੱਪਰ ਕਿਤੇ ਕਿਤੇ ਪਹਿਲੀ ਬਰਫ਼ ਦੇ ਧੱਬੇ ਜਿਹੇ ਦਿਸ ਰਹੇ ਸਨ। ਪਹਿਲਾਂ ਉਸ ਚਾਹਿਆ ਕਿ ਉਹ ਟੋਲੀ ਦੇ ਮੁੰਡਿਆਂ ਕੋਲ ਚਲਿਆ ਜਾਵੇ। ਉਸ ਏਧਰ ਓਦਰ ਨਜ਼ਰ ਘੁਮਾਈ, ਸਟੱਡਫਾਰਮ ਵਿਚ ਉਸ ਨੂੰ ਕੋਈ ਬੰਦਾ ਕੰਮ ਕਰਦਾ ਨਾ ਦਿਸਿਆ। ਘੋੜੇ ਇਧਰ ਓਧਰ ਹਿਣਕਦੇ ਹੋਏ ਦੁੜੰਗੇ ਲਾ ਰਹੇ ਸਨ।"[14]

ਵਿਗੋਚਾ ਵਿਚ ਨਾਵਲਕਾਰ ਨੇ ਸਥਾਨਕ ਰੰਗਣ ਦੀ ਪੇਸ਼ਕਾਰੀ ਕੀਤੀ ਹੈ ਤੇ ਉਹਨਾਂ ਨੇ ਨਾਵਲ ਵਿਚ ਬਹੁਤ ਵਧੀਆਂ ਢੰਗ ਨਾਲ ਬਿਆਨ ਕੀਤਾ ਹੈ।

> " ਜਦੋਂ ਉਹ ਬਰਫ ਨੂੰ ਮਿਧਦਾ ਹੋਇਆ ਸਕਾਈਟਰੇਨ ਸਟੇਸ਼ਨ ਵੱਲ ਆਇਆ ਤਾਂ ਖੜ ਖੜ ਕਰਦੀ ਹੋਈ ਸਕਾਈ ਟਰੇਨ ਉਸ ਦੇ ਉਪਰੋਂ ਦੀ ਲੰਘ ਗਈ। 'ਸਾਢੇ ਬਾਰਾਂ ਤਾਂ ਹੋ ਗਏ ਹੋਣਗੇ' ਉਸ ਨੇ ਆਪਣੇ ਮਨ ਵਿਚ ਸੋਚਿਆ ਤੇ ਸਾਹਮਣੇ ਬੱਸ ਸਟਾਪ ਵਾਲੇ ਪਾਸੇ ਨੂੰ ਤੁਰ ਪਿਆ। ਸਕਾਈਟਰੇਨ ਸਟੇਸ਼ਨ ਤੋਂ ਉਤਰ ਕੇ ਦੋ ਸਵਾਰੀਆਂ ਉਸ ਦੇ ਕੋਲੋਂ ਦੀ ਲੰਘ ਕੇ ਕਾਰ ਪਾਰਕ ਵੱਲ ਚੱਲੀਆਂ ਗਈਆਂ। ਉਸ ਨੇ ਉਨ੍ਹਾਂ ਵਾਲ ਸੰਦੇਹ ਭਰੀਆਂ ਨਜ਼ਰਾਂ ਨਾਲ ਦੇਖਿਆ ਅਤੇ ਫੇਰ ਪਬਲਿਕ ਫੋਨ ਬੂਥ ਤੋਂ ਫੋਨ ਕਰਕੇ ਟੈਕਸੀ ਦੀ ਉਡੀਕ ਕਰਨ ਲੱਗਾ। ਉਸ ਨੇ ਆਲ਼ੇ ਦੁਆਲ਼ੇ ਨਿਗਾਹ ਮਾਰੀ ਪਰੰਤੂ ਬਰਫਬਾਰੀ ਦੀ ਗਹਿਰ ਵਿਚ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ, ਬਸ ਕਦੀ ਕਦੀ ਸਾਹਮਣੀ ਸੜਕ ਤੋਂ ਲੰਘਦੀ ਕੋਈ ਕੋਈ ਕਾਰ ਦਿਸ ਜਾਂਦੀ।"[15]

## ਪ੍ਰਕਿਰਤੀ ਚਿਤਰਨ

ਪ੍ਰਕਿਰਤੀ ਦਾ ਇਕ ਸ਼ਰੋਮਣੀ ਅੰਗ ਹੋਣ ਕਰਕੇ ਮਨੁੱਖ ਆਪਣੇ ਜੀਵਨ ਦੇ ਬਹੁਤ ਸਾਰੇ ਪੱਖਾਂ ਨੂੰ ਪ੍ਰਕਿਰਤੀ ਦੇ ਹਵਾਲੇ ਨਾਲ ਵਧੇਰੇ ਚੰਗੀ ਤਰ੍ਹਾ ਸਮਝ ਸਕਦਾ ਹੈ। ਇਹੀ ਕਾਰਨ ਹੈ ਕਿ ਨਾਵਲ ਵਿਚ ਬਹੁਤ ਸਾਰੀਆਂ ਸਥਿਤੀਆਂ ਨੂੰ ਪ੍ਰਕਿਰਤੀ

ਦੇ ਭਿੰਨ-ਭਿੰਨ ਦ੍ਰਿਸ਼ਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਗਰਮੀ, ਸਰਦੀ, ਬਹਾਰ, ਪੱਤਝੜ ਅਤੇ ਬਰਸਾਤ ਆਦਿ ਮੌਸਮਾਂ ਨਾਲ ਸਬੰਧਤ ਵੇਰਵੇ ਕਿਸੇ ਵੀ ਨਾਵਲ ਵਿਚ ਰੌਚਕਤਾ ਪੈਦਾ ਕਰਦੇ ਹਨ। ਜਿਵੇਂ ਨਾਨਕ ਸਿੰਘ, ਜਸਵੰਤ ਕੰਵਲ, ਦਲੀਪ ਕੌਰ ਟਿਵਾਣਾ, ਪ੍ਰੋ. ਸੁਜਾਨ ਸਿੰਘ ਵਰਗੇ ਗਲਪਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਪ੍ਰਕਿਰਤੀ  ਵਰਣਨ ਬਹੁਤ ਵਧੀਆ ਕੀਤਾ ਹੈ।

ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਵਿਚ ਕੁਦਰਤੀ ਸੁੰਦਰਤਾ ਦਾ ਬਿਆਨ ਕੀਤਾ ਹੈ ਉਹਨਾਂ ਨੇ ਆਪਣੇ ਨਾਵਲਾਂ ਵਿਚ ਕੈਨੇਡਾ ਦੀ ਧਰਤੀ ਦੀ ਅਤੇ ਉੱਥੋ ਦੀ ਸੁੰਦਰਤਾ ਬਾਰੇ ਬਿਆਨ ਕੀਤਾ ਹੈ ਉੱਥੋਂ ਦੀ ਧਰਤੀ ਦੀ ਸੁੰਦਰਤਾ ਦਾ ਬਿਆਨ  ਬਹੁਤ ਵਧੀਆਂ ਤਰੀਕੇ ਨਾਲ ਕੀਤਾ ਹੈ ਇਸ ਵਿਚ ਉਹਨਾਂ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ-

> "ਬੀ.ਸੀ ਧਰਤੀ ਸਾਰੇ ਕੈਨੇਡਾ ਦੀ ਧਰਤੀ ਤੋਂ ਸੋਹਣੀ ਗਿਣੀ ਗਈ ਹੈ। ਇੱਥੋਂ ਦੇ ਉੱਚੇ-ਉੱਚੇ ਪਹਾੜ , ਭਾਂਤ-ਭਾਂਤ ਦੇ ਫੁੱਲ, ਬੀ. ਸੀ. ਦੀ ਸੁੰਦਰਤਾ ਨੂੰ ਚਾਰ ਚੰਦ ਲਾਉਂਦੇ ਹਨ। ਇਥੋਂ ਦਾ ਮੌਸਮ ਵੀ ਸਾਰੇ ਕੈਨੇਡਾ ਤੋਂ ਚੰਗਾ ਮੰਨਿਆ ਗਿਆ ਹੈ। ਦੱਖਣ ਪੱਛਮੀ ਖ਼ਾਸ ਕਰਕੇ ਫਰੇਜਰ ਵੈਲੀ ਅਤੇ ਓਕਾਨਾਗਨ ਵੈਲੀ ਦੀ ਧਰਤੀ ਫਲਾਂ, ਸਬਜ਼ੀਆਂ ਲਈ ਮਸ਼ਹੂਰ ਹੈ। ਫਰੇਜਰ ਵੈਲੀ ਤਾਂ ਬੇਰੀਆਂ ਲਈ ਬਹੁਤ ਮਸ਼ਹੂਰ ਹੈ।"[16]

ਜਰਨੈਲ ਸਿੰਘ ਸੇਖਾ ਨੇ ਆਪਣੇ ਹਰ ਨਾਵਲ ਵਿਚ ਕੁਦਰਤੀ ਸੁੰਦਰਤਾ ਦਾ ਬਿਆਨ ਬਹੁਤ ਵਧੀਆਂ ਤਰੀਕੇ ਨਾਲ ਕੀਤਾ ਹੈ। ਉਸ ਨੇ ਭਗੌੜੇ ਨਾਵਲ ਵਿਚ ਬਿਆਨ ਕੀਤਾ ਹੈ-

> "ਕਾਰ ਵਿਚ ਬੈਠਿਆਂ ਖੱਬੇ ਪਾਸੇ ਦੇਖਿਆ ਤਾਂ ਪੋਰਟਕੁਕਿਟਲਮ ਪਾਸੇ ਦੀਆਂ ਪਹਾੜੀਆਂ ਦੁੱਧ ਚਿੱਟੀਆਂ ਦਿਸ ਰਹੀਆਂ ਸਨ। ਸਾਹਮਣੇ ਸਰੀ ਦੀਆਂ ਨਿੱਕੀਆਂ ਪਹਾੜੀਆਂ ਵੀ ਬਰਫ ਨਾਲ ਕੱਜੀਆਂ ਬੜੀਆਂ ਸੁੰਦਰ ਲੱਗ ਰਹੀਆਂ ਸਨ। ਚਿੱਟੀ ਬਰਫ ਉੱਪਰ ਪੈਂਦੀਆਂ ਬਿਜਲੀ ਦੀਆਂ ਰੌਸ਼ਨੀਆਂ ਅਦਭੁੱਤ ਨਜ਼ਾਰਾ ਬੰਨ੍ਹ ਰਹੀਆਂ ਸਨ।"[17]

## ਬੋਲੀ/ਸ਼ੈਲੀ

ਨਾਵਲ ਵਿਚ ਬੋਲੀ ਅਰਥਾਤ ਸ਼ਬਦਾਵਲੀ ਲੇਖਕ ਦਾ ਬਹੁਤ ਵੱਡਾ ਮਾਧਿਅਮ ਹੈ। ਬੋਲੀ ਹੀ ਲੇਖਕ ਦੇ ਉਦੇਸ਼ ਤੇ ਪਾਤਰਾਂ ਦੀ ਸੁਭਾਅ ਉਸਾਰੀ ਨੂੰ ਪ੍ਰਗਟ ਤੇ ਨਿਖਾਰਨ ਦਾ ਕੰਮ ਕਰਦੀ ਹੈ। ਜਦੋਂ ਅਸੀਂ ਸਾਹਿਤਕ ਰੂਪ ਵਿਚ ਭਾਸ਼ਾ ਦੀ ਵਰਤੋਂ ਕਰਦੇ ਹਾਂ ਤੇ ਉਹ ਬੋਲੀ ਰਾਹੀਂ ਹੀ ਆਪਣੇ ਪਾਤਰਾਂ ਦੇ ਮਨੋਭਾਵਾਂ ਦੀ ਪੇਸ਼ਕਾਰੀ ਕਰਦਾ ਹੈ ਤੇ ਸਾਰੇ ਪਾਤਰਾਂ ਦੇ ਮੂੰਹ ਵਿਚੋਂ ਹੀ ਸਾਰੇ ਨਾਵਲ ਦਾ ਵਰਣਨ ਕਰਦਾ ਹੈ। ਪਾਤਰਾਂ ਦੇ ਸੁਭਾਅ ਤੋਂ ਹੀ ਉਹਨਾਂ ਦੀ ਪੇਸ਼ਕਾਰੀ ਹੁੰਦੀ ਹੈ। ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੀ ਬੋਲੀ ਬਹੁਤ ਸਰਲ ਤੇ ਸਪੱਸ਼ਟ ਹੈ ਜੋ ਪਾਠਕਾਂ ਦੇ ਸਮਝ ਆਉਣ ਵਾਲੀ ਹੈ। ਉਹਨਾਂ ਨੇ ਆਪਣੇ ਨਾਵਲਾਂ ਵਿਚ ਮਲਵਈ ਭਾਸ਼ਾ ਦੇ ਨਾਲ ਮਾਝੀ, ਉਹਨਾਂ ਨੇ ਮਿਲਗੋਭੀ ਭਾਸ਼ਾ ਦੀ ਵਰਤੋਂ ਵੀ ਕੀਤੀ ਹੈ ਪਰ ਉਹਨਾਂ ਨੇ ਅੰਗਰੇਜ਼ੀ ਭਾਸ਼ਾ ਨੂੰ ਸਰਲ ਭਾਸ਼ਾਂ ਵਿਚ ਬਿਆਨ ਕੀਤਾ ਹੈ ਤਾਂ ਜੋ ਪਾਠਕਾਂ ਨੂੰ ਸਮਝਣ ਵਿਚ ਕੋਈ ਵੀ ਮੁਸ਼ਿਕਲ ਨਾ ਆਵੇ। ਨਾਵਲ ਪੜ੍ਹ ਕੇ ਕਿਤੇ ਵੀ ਉਹਨਾਂ ਨੂੰ ਉਕਤਾਹਟ ਮਹਿਸੂਸ ਨਹੀਂ ਹੁੰਦੀ। ਉਹਨਾਂ ਦੀ ਬੋਲੀ ਬਹੁਤ ਸਰਲ ਹੈਜੋ ਪਾਠਕਾਂ ਦੇ ਸਮਝ ਆਉਣ ਵਾਲੀ ਹੈ। ਨਾਵਲਾ ਦੀ ਸ਼ੈਲੀ ਸਰਲ ਤੇ ਸਪੱਸ਼ਟ ਹੈ। ਭਾਰਤ ਤੇ ਕੈਨੇਡਾ ਦੇ ਪ੍ਰਕਿਰਤਕ

ਨਜ਼ਾਰਿਆਂ ਦੀ ਪੇਸ਼ਕਾਰੀ ਨਾਵਲਕਾਰ ਚਿੱਤਰਮਈ ਸ਼ੈਲੀ ਵਿਚ ਵਰਣਨ ਕਰਦਾ ਹੈ। ਸਮਾਜਕ ਯਥਾਰਥ ਦੀ ਪੇਸ਼ਕਾਰੀ ਲਈ ਨਾਵਲਕਾਰ ਕਈ ਥਾਵਾਂ ’ਤੇ ਪੁਰਾਣੀਆਂ ਕਹਾਵਤਾਂ, ਬੁਝਾਰਤਾਂ ਦੀ ਵਰਤੋਂ ਵੀ ਕਰਦਾ ਹੈ ਜਿਵੇਂ ‘ਨਾਨਕ ਦੁਖੀਆ ਸਭ ਸੰਸਰ’, ‘ਬਾਹਰ ਕੁੱਤੇ ਅੰਦਰ ਕਾਂ’, ਆਦਿ। ਉਹਨਾਂ ਨੇ ਆਪਣੇ ਨਾਵਲਾਂ ਵਿਚ ਵਿਅੰਗ ਮਈ ਸ਼ੈਲ਼ੀ ਦੀ ਵਰਤੋਂ ਵੀ ਕੀਤੀ ਹੈ ਤੇ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਹੈ ਉਹਨਾਂ ਨੇ ਨਵੀ ਪੀੜ੍ਹੀ ਦੇ ਮਨੋ ਭਾਵਾਂ ਦੀ ਪੇਸ਼ਕਾਰੀ ਕੀਤੀ ਹੈ। ਕਈ ਨਾਵਲਾਂ ਦੇ ਸਿਰਲੇਖ ਕਾਵਿ ਮਈ ਸ਼ੈਲ਼ੀ ਦਾ ਭੁਲੇਖਾ ਪਾਉਂਦੇ ਹਨ ਜਿਵੇਂ ਦਰਦ ਦਾ ਦਰਿਆ, ਆਸਾਂ ਪਰਬਤ ਜੇਡੀਆਂ, ਕੰਨ ਕੰਧ ਨਾਲ, ਖਟਣ ਗਏ, ਕੰਧਾਂ ਦੀ ਕੰਨਸੋਅ, ਮੇਹਰ ਸਿੰਘ ਦੀ ਵਾਰਤਾ ਆਦਿ ਨਾਂ ਹਨ।

> “ਬਾਈ ਸਿਆਂ, ਕਿਹੜਾ’ ਲਾਕਾ ਐ ਆਪਣਾ?”
>
> ਸੰਗਰੂਰ, ਬਰਨਾਲੇ ਲਾਗੇ ਤੇ ਆਪਣਾ?”
>
> ਲੁਧਿਆਣਾ, ਜਗਰਾਓ ਕੋਲ।”
>
> ਜਗਰਾਵਾਂ ਦੇ ਕਿਹੜੇ ਪਾਸੇ?”
>
> ਰਾਏ ਕੋਟ ਕੋਲ।”
>
> ਵਾਹ ਬਈ ਵਾਹ! ਸਾਡਾ ਪਿੰਡ ਵੀ ਰਾਏਕੋਟ ਵੱਲ ਈ ਐ, ਦੰਦਾਹੂਰ ਕੋਲ।”
>
> ਫੇਰ ਤਾਂ ਆਪਣਾ ਇਕੋ’ ਲਾਕਾ ਹੀ ਹੋਇਆਂ।”
>
> “ਤੇ ਹੋਰ ਕੀ।”[18]

ਨਾਵਲਕਾਰ ਨੇ ਆਪਣੇ ਨਾਵਲਾਂ ਰਾਹੀਂ ਬੋਲੀ ਦੀ ਪੇਸ਼ਕਾਰੀ ਕੀਤੀ ਹੈ।

> “ਯਾਰ ਤਾਂ ਛੜੇ ਛਾਂਟ ਐ ਸ਼ਹੀਦੀ ਪਾ ਜਾਵਾਂਗੇ ਤਾਂ ਦੇਸ਼ ਦੇ ਕੰਮ ਆ ਜਾਵਾਂਗੇ, ਊਂ ਕਿਹੜਾ ਸਾਨੂੰ ਕੋਈ ਰੋਣ ਵਾਲੀ ਬੈਠੀ ਐ। ਭਰਾਵਾਂ ਨੇ ਤਾਂ ਕਦੇ ਚਿੱਠੀ ਵੀ ਨਈ ਪਾਈ, ਜੇ ਚਿੱਠੀ ਆਉਂਦੀ ਵੀ ਐ ਤਾਂ ਪੈਸਿਆਂ ਵਾਸਤੇ ਈ ਆਉਂਦੀ ਐ। ਆਪਾਂ ਤਾਂ ਸੋਚ ਲਿਆ ਐ ਕਿ ‘ਜਿੰਨੀ ਨਾੜ੍ਹੀ ਓਨਾ ਈ ਪੁੰਨ’ ਹੁਣ ਕਿਸੇ ਨੂੰ ਕੌਡੀ ਨਈ ਦੇਣੀ ਬਸ ਸਭ ਕੁਛ ਦੇਸ਼ ਦੇ ਲੇਖੇ ਲਾ ਦੇਣੈ ਪਰ ਥੋਡੀ ਹੋਰ ਗੱਲ ਐ। ਤੁਸੀਂ ਹੋਏ ਕਬੀਲਦਾਰ ਬੰਦੇ, ਥੋਡੇ ਤਾਂ ਜੁਆਕ ਰੁਲ ਜਾਣਗੇ।”[19]

ਨਾਵਲ ਵਿਚ ਨਾਵਲਕਾਰ ਨੇ ਜੇ ਅੰਗਰੇਜ਼ੀ ਦੀ ਵਰਤੋਂ ਵੀ ਕੀਤੀ ਹੈ ਤੇ ਉਹ ਵੀ ਬਹੁਤ ਸਰਲ ਜੋ ਆਮ ਲੋਕਾਂ ਦੇ ਸਮਝ ਵਿਚ ਆ ਜਾਵੇ।

> “ਜਦੋਂ ਦਾ ਤੂੰ ਇੰਡਿਆ ਤੋਂ ਆਇਆਂ, ਬੌਤ੍ਹ ਸੀਰੀਅਸ ਹੋ ਗਿਆਂ। ਜਦੋਂ ਵੀ ਮੈਂ ਤੇਰੇ ਕੋਲ ਇਸ ਦੀ ਉਦਾਸੀ ਦਾ ਕਾਰਨ ਜਾਣਨ ਦੀ ਟਰਾਈ ਕੀਤੀ ਕੀਤੀ, ਤੂੰ ਇਗਨੋਰ ਕਰ ਜਾਂਦਾ ਰਿਹਾਂ। ਕੀ ਉੱਥੇ ਕੋਈ ਅਜੇਹੀ ਇਨਸੀ ਡੈਂਟ ਹੋ ਗਿਆ ਸੀ ਜਿਹੜਾ ਮੇਰੇ ਨਾਲ ਸ਼ੇਅਰ ਕਰਨ ਵਾਲਾ ਨਹੀਂ?” [20]

ਵਿਗੋਚੇ ਨਾਵਲ ਵਿਚ ਵੀ ਨਾਵਲਕਾਰ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ।

> “ਥੋੜੇ ਚਿਰ ਮਗਰੋਂ, ਨਾਲ ਬੈਠੇ ਬੰਦੇ ਨੇ ਚੁੱਪ ਨੂੰ ਤੋੜਦਿਆਂ ਪੁੱਛਿਆਂ, “ਭਾਊ, ਕੀ ਗੱਲ ਉਦਾਸ ਜੇਹਾ ਬੈਠਾ ਏਂ, ਕਿੱਥੇ ਜਾਣਾ ਜੇ?”

"ਹੁਣ ਤਾਂ ਭਰਾਵਾ ਕਿਤੇ ਜਾਣ ਗੋਚਰੇ ਨਹੀਂ, ਤੇ ਤੂੰ ਕਿੱਥੇ ਜਾਣੈ? ਲਛਮਣ ਨੇ ਗੋਲ ਮੋਲ ਜਿਹਾ ਜਵਾਬ ਦਿੱਤਾ।

"ਮੈਂ ਅੰਬਰਸਰੋਂ ਆਇਆਂ ਤੇ ਕਲਕੱਤੇ ਵਾਲੀ ਗੱਡੀ ਉਡੀਕਦਾ ਪਿਆ ਵਾਂ। ਤੇ ਤੂੰ ਕਿਤੇ ਜਾਣ ਗੋਚਰਾ ਨਹੀਂ' ਕਿਹਾ, ਸੁੱਖ ਤੇ ਹੈ ਵੇ?

"ਕੁਸ਼ ਨਾ ਪੁੱਛ ਭਰਾਵਾ, ਮੈਂ ਵੀ ਕਲਕੱਤੇ ਈ ਜਾਣਾ ਸੀ ਪਰ ਮੇਰੇ ਸਮਾਨ ਵਾਲਾ ਝੋਲਾ ਗੁਆਚ ਗਿਆ, ਟਿਕਟ ਵੀ ਵਿਚੇ ਈ ਸੀ। ਬੈਠਾ ਸੋਚਦਾਂ, ਹੁਣ ਕੀ ਕਰਾਂ।" ਲਛਮਣ ਸਿੰਘ ਨੇ ਝੂਠ ਬੋਲਿਆ।

"ਕਰਨਾ ਕੀ ਏ, ਮੇਰੇ ਨਾਲ ਚੱਲ, ਸਾਥ ਬਣਿਆ ਰਹੇਗਾ। ਟਿਕਟ ਤੈਨੂੰ ਮੈਂ ਲਿਆ ਦੇਨਾਂ, ਪੈਸੇ ਉੱਥੇ ਜਾ ਕੇ ਦੇ ਦੇਵੀ।" ਨਾਲ ਦੇ ਹਮਦਰਦੀ ਨਾਲ ਕਿਹਾ।"[21]

ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਵਿਚ ਪੱਤਰ ਸ਼ੈਲੀ ਦੀ ਵਰਤੋਂ ਵੀ ਕਰਦਾ ਹੈ ਜਿਸ ਨਾਲ ਨਾਵਲ ਵਿਚਲੀ ਕਥਾ ਦਾ ਵਿਸਤਾਰ ਹੁੰਦਾ ਹੈ ਜਿਸ ਨਾਲ ਨਾਵਲ ਵਿਚ ਰੋਚਿਕਤਾ ਵੀ ਆਉਂਦੀ ਹੈ ਤੇ ਨਾਵਲ ਵਿਚ ਪਾਠਕ ਨੂੰ ਪੜ੍ਹਣ ਵਿਚ ਰੁਚਿਤ ਵੀ ਕਰਦਾ ਹੈ ਤੇ ਉਸ ਚਿੱਠੀ ਰਾਹੀਂ ਸਾਰੀ ਕਥਾ ਦਾ ਵਰਣਨ ਬਹੁਤ ਵਧੀਆਂ ਢੰਗ ਨਾਲ ਕੀਤਾ ਜਾਂਦਾ ਹੈ ਤੇ ਜੋ ਨਾਵਲਕਾਰ ਦੀ ਨਾਵਲ ਦੇ ਤੱਤ ਜੋ ਨਾਵਲ ਲਈ ਵਿਸ਼ੇਸ਼ ਹੁੰਦੇ ਹਨ ਉਸ ਨਾਲ ਪਤਾ ਲੱਗਦਾ ਹੈ ਕਿ ਨਾਵਲਕਾਰ ਆਪਣੇ ਨਾਵਲਾਂ ਵਿਚ ਚੰਗੇ ਨਾਵਲ ਦੇ ਸਾਰੇ ਗੁਣਾਂ ਨੂੰ ਬਹੁਤ ਵਧੀਆਂ ਢੰਗ ਨਾਲ ਪੇਸ਼ ਕਰਕੇ ਨਾਵਲ ਨੂੰ ਉੱਤਮ ਬਣਾਉਂਦਾ ਹੈ ਤੇ ਨਾਵਲਕਾਰ ਦੀ ਤੀਖਣ ਬੁੱਧੀ ਦੀ ਪੇਸ਼ਕਾਰੀ ਕਰਦਾ ਹੈ।

ਸੇਖਾ ਦੇ ਨਾਵਲ ਉੱਪਰ ਦਿੱਤੇ ਤੱਤਾਂ ਦੀ ਪੇਸ਼ਕਾਰੀ ਕਰਦੇ ਹਨ ਤੇ ਨਾਵਲ ਨੂੰ ਸਾਰਥਿਕ ਬਣਾਉਣ ਵਿਚ ਵਿਸ਼ੇਸ਼ ਮਹੱਤਵ ਪ੍ਰਦਾਨ ਕਰਦੇ ਹਨ ਤੇ ਉਹ ਨਾਵਲ ਦੇ ਸਾਰੇ ਤੱਤਾਂ ਦੀ ਪੇਸ਼ਕਾਰੀ ਵਧੀਆਂ ਢੰਗ ਨਾਲ ਕਰਦੇ ਹਨ। ਉਹਨਾਂ ਨੇ ਸੁਚੇਤ ਰੂਪ ਵਿਚ ਸਾਰੇ ਤੱਤਾਂ ਦਾ ਧਿਆਨ ਰੱਖ ਕੇ ਨਾਵਲ ਦੀ ਪੇਸ਼ਕਾਰੀ ਕੀਤੀ ਹੈ।

---

[1] (ਉਧਰਿਤ) ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਮੁਹਾਂਦਰਾ, ਪੰਨਾ 44

[2] ਕੁਲਬੀਰ ਸਿੰਘ ਕਾਂਗ, ਪੰਜਾਬੀ ਨਾਵਲ ਤੇ ਨਾਵਲਕਾਰ, ਪੰਨਾ 17

[3] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 20

[4] ਉਹੀ, ਪੰਨਾ 35

[5] ਜਰਨੈਲ ਸਿੰਘ ਸੇਖਾ, ਬੇਗਾਨੇ, ਪੰਨਾ 35

[6] ਜਰਨੈਲ ਸਿੰਘ ਸੇਖਾ, ਵਿਗੋਚਾ ਪੰਨਾ 25

[7] ਜਰਨੈਲ ਸਿੰਘ ਸੇਖਾ, ਭਗੌੜਾ ਪੰਨਾ 168

[8] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 132-133

[9] ਕੁਲਬੀਰ ਸਿੰਘ ਕਾਂਗ, ਪੰਜਾਬੀ ਨਾਵਲ ਤੇ ਨਾਵਲਕਾਰੀ, ਪੰਨਾ 14

[10] ਪੰਜਾਬੀ ਸਾਹਿਤ: ਪ੍ਰਮੁੱਖ ਰੂਪਾਕਾਰ ਸਿਧਾਂਤ ਅਤੇ ਵਿਕਾਸ, ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਨਾ 166-167

[11] ਜਰਨੈਲ ਸਿੰਘਸੇਖਾ, ਵਿਗੋਚਾ, ਪੰਨਾ 65

[12] ਉਧਰਿਤ, The Roman Exsperimental, 1880

[13] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 14

[14] ਜਰਨੈਲ ਸਿੰਘ ਸੇਖਾ, ਭਗੌੜਾ ਪੰਨਾ 30

[15] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 7

[16] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 15-16

[17] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 154-155

[18] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ , ਪੰਨਾ 44

[19] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 25

[20] ਉਹੀ, ਪੰਨਾ 136

[21] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 132-133

# ਅਧਿਆਇ-ਚੌਥਾ

# ਜਰਨੈਲ ਸਿੰਘ ਦੇ ਨਾਵਲਾਂ ਵਿੱਚ ਪਰਵਾਸੀ ਜੀਵਨ ਬਿਰਤਾਂਤ

ਪਰਵਾਸੀ ਸਾਹਿਤ ਸਮੁੱਚੇ ਪੰਜਾਬੀ ਸਾਹਿਤ ਦਾ ਅਜਿਹਾ ਪਾਸਾਰ ਹੈ ਜਿਹੜਾ ਜੀਵਨ ਦੀ ਪੇਸ਼ਕਾਰੀ ਹੈ। ਜਿਸ ਵਿਚ ਘਟਨਾ ਦਾ ਪ੍ਰਗਟਾ ਬਹੁਤ ਵਧੀਆਂ ਤਰੀਕੇ ਨਾਲ ਕੀਤਾ ਹੈ। ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਵਿਚ ਬਿਰਤਾਂਤ ਦੀ ਪੇਸ਼ਕਾਰੀ ਬਹੁਤ ਵਧੀਆਂ ਤਰੀਕੇ ਨਾਲ ਕੀਤੀ ਹੈ ਜਿਸ ਨਾਲ ਨਾਵਲ ਸੁਚੱਜੇ ਵਾਤਾਵਰਨ ਦੀ ਪੇਸ਼ਕਾਰੀ ਹੈ ਨਾਵਲਕਾਰ ਨੇ ਨਾਵਲ ਵਿਚ ਸੁਚੱਜੇ ਭਾਂਤ ਦਾ ਵਰਣਨ ਕੀਤਾ ਹੈ। ਵਿਗੋਚਾ ਨਾਵਲ ਵਿਚ ਨਾਵਲਕਾਰ ਨੇ ਸਮਕਾਲ ਦੇ ਪ੍ਰਸ਼ਨ ਨਾਵਲ ਵਿਚ ਪੇਸ਼ ਨਵੀਂ ਪੀੜ੍ਹੀ ਨਾਲ ਜੁੜੇ ਹੁੰਦੇ ਹਨ। ਨਾਵਲ ਵਿਚ ਬੌਬੀ ਨਵੀਂ ਪੀੜ੍ਹੀ ਦੀ ਪੈਰਵਾਈ ਕਰਦਾ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਬੌਬੀ ਦੇ ਜੀਵਨ ਨਾਲ ਜੁੜੀ ਕਤਲ ਕਰਾਉਣ ਦੀ ਘਟਨਾ ਵਿੱਚੋਂ ਨਾਵਲੀ ਬਿਰਤਾਂਤ ਇਤਿਹਾਸਕ ਬਿਰਤਾਂਤ ਦਾ ਮਾਧਿਅਮ ਚੁਣ ਕੇ ਪੇਸ਼ਕਾਰੀ ਕੀਤੀ ਹੈ। ਬੌਬੀ ਦੀ ਮਾਂ ਵੱਲੋਂ ਬੌਬੀ ਨੂੰ ਪ੍ਰਸ਼ਨ ਪੁੱਛ ਕੇ ਨਾਵਲ ਦੀ ਪੇਸ਼ਕਾਰੀ ਕੀਤੀ ਹੈ।

> ਬੌਬੀ ਸਾਡੇ ਵੱਡੇ-ਵਡੇਰਿਆਂ ਨੇ ਇੱਥੇ ਵਿਦੇਸ਼ਾਂ ਵਿੱਚ ਆ ਕੇ ਕੁਰਬਾਨੀਆਂ ਕਰਕੇ ਆਪਣੀ ਥਾਂ ਬਣਾਈ ਹੈ, ਜਿਨ੍ਹਾਂ ਵਿਚ ਤੇਰੇ ਦਾਦੇ ਪੜਦਾਦੇ ਵੀ ਸਨ, ਏਸੇ ਕਰਕੇ ਅੱਜ ਅਸੀਂ ਇੱਥੇ ਸਿਰ ਉੱਚਾ ਕਰਕੇ ਤੁਰੇ ਫਿਰਦੇ ਹਾਂ, ਪਰ ਤੇਰੀਆਂ ਸੋਆਂ ਮੈਨੂੰ ਚੰਗੀਆਂ ਨਹੀਂ ਆ ਰਹੀਆਂ, ਮੈਨੂੰ ਲੱਗਦਾ ਹੈ ਕਿ ਤੇਰੇ ਕਰਕੇ ਉਹਨਾਂ ਦੇ ਨਾਂ ਦਾਗੀ ਹੋ ਰਹੇ ਹਨ।"[1]

ਨਾਵਲ ਵਿਚ ਜਰਨੈਲ ਸਿੰਘ ਸੇਖਾ ਨੇ ਇਸ ਨਾਵਲ ਵਿਚ ਬੌਬੀ ਦੇ ਪੜਦਾਦਿਆਂ ਦੀਆਂ ਕੁਰਬਾਨੀਆਂ ਦੇ ਇਤਿਹਾਸ ਦੀ ਪੇਸ਼ਕਾਰੀ ਕੀਤੀ ਹੈ। ਇਸ ਵਿਚ ਔਰਤਾਂ ਤਿੰਨ ਪੀੜ੍ਹੀਆਂ ਦਾ ਇਤਿਹਾਸ ਸੰਭਾਲੀ ਬੈਠੀਆਂ ਹਨ ਇਸ ਨਾਵਲ ਦੀ ਪ੍ਰਮੁੱਖ ਬਿਰਤਾਂਤਕਾਰ ਸਰਬਜੀਤ ਕੌਰ ਹੈ ਜੋ ਬੌਬੀ ਨੂੰ ਸਾਰੇ ਇਤਿਹਾਸ ਤੋਂ ਜਾਣੂ ਕਰਵਾਉਂਦੀ ਹੈ ਤੇ ਨਾਵਲਕਾਰ ਨੇ ਇਸ ਤਰ੍ਹਾਂ ਉਸ ਦੇ ਮਾਧਿਅਮ ਨਾਲ ਨਾਵਲ ਦਾ ਬਿਰਤਾਂਤ ਸਿਰਜ ਕੇ ਨਾਵਲ ਨੂੰ ਸੁੱਚਜੇ ਭਾਂਤ ਦਾ ਬਣਾਇਆ ਹੈ।

> ਤੈਨੂੰ ਮੇਰੀਆਂ ਗੱਲਾਂ ਸੁਣਨੀਆਂ ਹੀ ਪੈਣਗੀਆਂ, ਜਿਹੜੀਆਂ ਗੱਲਾਂ ਮੇਰੀ ਸੱਸ ਨੇ ਮੈਨੂੰ ਦੱਸੀਆਂ ਤੇ ਅਗਾਂਹ ਉਸਦੀ ਸੱਸ ਨੇ ਉਸਨੂੰ। ਉਹ ਸੱਸਾਂ, ਜਿਹੜੀਆਂ ਭਰ ਜਵਾਨੀ ਵਿਚ ਰੰਡੇਪੇ ਦਾ ਸੰਤਾਪ ਭੋਗਦੀਆਂ ਹੋਈਆਂ ਤਿਲ-ਤਿਲ ਕਰਕੇ ਮੋਈਆਂ, ਪਰ ਮਾਣ ਨਾਲ ਮੋਈਆਂ, ਆਪਣੇ ਪੁੱਤਾਂ ਤੇ ਪਤੀਆਂ ਦੁਆਰਾ ਕੀਤੇ ਕੰਮਾਂ ਕਰਕੇ ਉਹਨਾਂ ਦਾ ਸਿਰ ਉੱਚਾ ਰਿਹਾ ਸੀ, ਨੀਵਾਂ ਨਹੀਂ ਸੀ ਹੋਇਆ। ਤੇਰੀ ਦਾਦੀ ਤੇਰੀ ਜਿੰਦ ਦੀ ਖਾਤਰ ਆਪਣੀ ਜਾਨ ਦੇ ਗਈ। ਮੈਂ ਵੀ ਰੰਡੇਪੇ ਦਾ ਸੰਤਾਪ ਭੋਗ ਰਹੀ ਆਂ ਪਰ ਤੇਰੀਆਂ ਕਰਤੂਤਾਂ ਕਰਕੇ ਮੇਰਾ ਸਿਰ ਸ਼ਰਮ ਨਾਲ ਨੀਵਾਂ ਹੋ ਰਿਹਾ ਹੈ।"[2]

ਨਾਵਲ ਦਾ ਬਿਰਤਾਂਤ ਇਕ ਸਿੱਧੀ ਵਿਧੀ ਦੀ ਥਾਂ ਤੇ ਅਤੀਤ ਤੇ ਵਰਤਮਾਨ ਦੇ ਰਾਹੀਂ ਅੱਗੇ ਵਧਦਾ ਹੈ। ਨਾਵਲ ਦੀ ਕਹਾਣੀ ਵਿਚ ਇੰਦਰ ਸਿੰਘ, ਮਿਹਰ ਸਿੰਘ, ਜਲੌਰ, ਬੌਬੀ ਦੇ ਨਾਲ ਚਾਰ ਪੀੜੀਆਂ ਦੀ ਪੇਸ਼ਕਾਰੀ ਕਰਦਾ ਹੈ। ਇਸ ਨਾਲ ਬਾਕੀ ਪੀੜੀਆਂ ਨੂੰ ਨਾਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਬੌਬੀ ਨੂੰ ਨਹੀਂ। ਇਸ ਨਾਵਲ ਵਿਚ ਨਾਵਲਕਾਰ ਨੇ ਕਲਪਣਾ ਤੇ ਤੱਥਾਂ ਦੇ ਮਿਸ਼ਰਣ ਵਿੱਚੋਂ ਸਥਿਤੀਆਂ ਉਭਰਦੀਆਂ ਹਨ ਤੇ ਵਰਨਣਾਤਮਕ ਸ਼ੈਲ਼ੀ ਦੀ ਵਰਤੋਂ ਕਰਦਾ ਹੈ। ਇਸ ਨਾਵਲ ਵਿਚ ਸਭ ਤੋਂ ਪਹਿਲਾਂ ਇੰਦਰ ਸਿੰਘ ਦੀ ਘਟਨਾ ਨਾਲ ਨਾਵਲ ਵਿਚ ਪੁਰਾਣੀਆਂ ਪੀੜੀਆਂ ਦੇ ਜੀਵਨ ਗਾਥਾ ਦੀ ਪੇਸ਼ਕਾਰੀ ਕੀਤੀ ਹੈ ਜੋ ਨਾਵਲ ਵਿਚ ਇਤਿਹਾਸ ਦੀ ਪੇਸ਼ਕਾਰੀ ਕਰਦੀ ਹੈ ਤੇ ਨਾਵਲ ਨੂੰ ਹੋਰ ਅੱਗੇ ਤੋਰਨ ਵਿਚ ਯੋਗਦਾਨ ਦਿੰਦੀ ਹੈ। ਇਸ ਵਿਚ ਇੰਦਰ ਸਿੰਘ ਪੰਜਾਬ ਦੇ ਮੰਦਵਾੜੇ ਦਾ ਸ਼ਿਕਾਰ ਹੋ ਕੇ ਪਰਵਾਸ ਵਿਚ ਪਹੁੰਚਦਾ ਹੈ। ਉੱਥੋਂ ਜਾ ਕੇ ਕਿਸ ਤਰ੍ਹਾਂ ਰੇਲਵੇ ਟਰੈਕ ਤੇ ਕੰਮ ਕਰਨ ਲੱਗ ਜਾਂਦਾ ਹੈ। ਪਹਿਲੀ ਵਾਰ ਗੁਲਾਮ ਹੋਣ ਦਾ ਅਹਿਸਾਸ ਵੀ ਮਹਿਸੂਸ ਕਰਦਾ ਹੈ ਤੇ ਨਾਵਲ ਵਿਚ ਨਾਵਲਕਾਰ ਅਨੇਕਾਂ ਘਟਨਾਵਾਂ ਨੂੰ ਸਮੋਈ ਬੈਠਾ ਹੈ। 1914 ਵਿੱਚ ਕਾਮਾਗਾਟਾਮਾਰੂ ਵਾਲੀ ਘਟਨਾ ਦਾ ਵਰਣਨ ਕੀਤਾ ਜਾਂਦਾ ਹੈ। ਇਸ ਘਟਨਾਂ ਦਾ ਭਾਰਤੀਆਂ ਦੇ ਮਨਾਂ ਉੱਪਰ ਗਹਿਰਾ ਅਸਰ ਪਿਆ। ਜਹਾਜ਼ ਦੇ ਮੋੜੇ ਜਾਣ ਨੂੰ ਭਾਰਤ ਸਰਕਾਰ ਦੀ ਕਮਜ਼ੋਰੀ ਅਤੇ ਦੇਸ਼ ਦਾ ਗੁਲਾਮ ਹੋਣਾ ਸਮਝਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜਿੰਨੀ ਦੇਰ ਆਪਣਾ ਦੇਸ਼ ਆਜ਼ਾਦ ਨਹੀਂ ਹੋ ਜਾਂਦਾ, ਓਨੀ ਦੇਰ ਨਾਮੋਸ਼ੀ ਵਾਲਾ ਸੰਤਾਪ ਭੁਗਤਨਾ ਪੈਣਾ ਹੈ। ਉਹਨਾਂ ਦਾ ਮਕਸਦ ਸੀ ਦੇਸ਼ ਨੂੰ ਆਜ਼ਾਦ ਕਰਵਾਉਣਾ। ਉਸ ਸਮੇਂ ਗਦਰੀ ਲਹਿਰ ਚੱਲ ਰਹੀ ਸੀ ਤੇ ਇੰਦਰ ਸਿੰਘ ਇਸ ਲਹਿਰ ਦੇ ਪ੍ਰਭਾਵ ਅਧੀਨ ਭਾਰਤ ਪਰਤੇ ਸਨ। ਨਾਵਲਾਕਰ ਨੇ ਇਤਿਹਾਸ ਸੁਣਾਉਣ ਲਈ ਬਿਰਤਾਂਤਕ ਵਿਧੀ ਦੀ ਵਰਤੋਂ ਕਰਦਾ ਹੈ ਤੇ ਇਸ ਵਿਚ ਪਾਤਰ ਬੌਬੀ ਜਾਤੀ ਅਧਾਰਤ ਨਾਸਲਵਾਦ ਦਾ ਸੰਚਾਲਕ ਬਣ ਜਾਂਦਾ ਹੈ ਉਹ ਆਪਣੀ ਮਾਸੀ ਦੀ ਕੁੜੀ ਪੰਮ ਦੇ ਅਨੂਪ ਨਾਲ ਸੰਬੰਧਾਂ ਨੂੰ ਲੈ ਕੇ ਉਹ ਅਨੂਪ ਦਾ ਖ਼ੂਨ ਕਰਵਾ ਦਿੰਦਾ ਹੈ, ਕਿਉਂਕਿ ਅਨੂਪ ਨੀਵੀਂ ਜਾਤ ਨਾਲ ਸਬੰਧ ਰੱਖਦਾ ਸੀ। ਇਸ ਨਾਵਲ ਵਿਚ ਪਰਵਾਸ ਦੀਆਂ ਮੁਸ਼ਿਕਲਾਂ ਦੀ ਪੇਸ਼ਕਾਰੀ ਕੀਤੀ ਹੈ ਕਿਵੇਂ ਉਹਨਾਂ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਘੋਲ ਕੀਤੇ ਤੇ ਨਵੀਂ ਪੀੜੀ ਸਭ ਕੁਝ ਭੁੱਲ ਕੇ ਇਕ ਗੈਂਗ ਦੇ ਰੂਪ ਵਿਚ ਉੱਭਰਦੀ ਹੈ। ਨਾਵਲਕਾਰ ਨੇ ਨਾਵਲ ਵਿਚ ਪਰਵਾਸੀ ਮਨੁੱਖ ਅੰਦਰ ਵਿਦਿਆਂ ਦੇ ਮਹੱਤਵ ਨੂੰ ਵੀ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਵੱਖ-ਵੱਖ ਕਾਂਡਾ ਰਾਹੀਂ ਘਟਨਾ ਦਾ ਬਿਆਨ ਕੀਤਾ ਹੈ ਤੇ ਕਿਤੇ ਵੀ ਕੋਈ ਵੀ ਨਾਵਲ ਵਿਚਲੀ ਕਹਾਣੀ ਟੁੱਟਦੀ ਨਹੀਂ ਪ੍ਰਤੀਤ ਹੁੰਦੀ। ਨਾਵਲਕਾਰ ਨੇ ਨਾਵਲ ਵਿਚ ਹਰ ਕਹਾਣੀ ਬਹੁਤ ਵਧੀਆਂ ਢੰਗ ਨਾਲ ਪੇਸ਼ ਕੀਤੀ ਹੈ ਤੇ ਕਿਤੇ ਵੀ ਕੋਈ ਕਹਾਣੀ ਵਿਚ ਦੁਹਰਾ ਨਹੀਂ ਨਾ ਹੀ ਨਾਵਲਕਾਰ ਨੇ ਅਜਿਹੀ ਕੋਈ ਘਟਨਾ ਦੀ ਪੇਸ਼ਕਾਰੀ ਕੀਤੀ ਹੈ। ਜਿਸ ਨੂੰ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੋਵੇ ਕਿ ਘਟਨਾ ਨਾਵਲ ਦੇ ਰੋਚਿਕ ਨੂੰ ਖਤਮ ਕਰ ਰਹੀ ਹੈ। ਨਾਵਲਕਾਰ ਨੇ ਨਾਵਲ ਸਾਰੀਆਂ ਘਟਨਾਵਾਂ, ਪਾਤਰ, ਬੋਲੀ ਤੇ ਸ਼ੈਲ਼ੀ ਬਹੁਤ ਹੀ ਚੇਤਨ ਰੂਪ ਵਿਚ ਸੁਚੱਜੀ ਪੇਸ਼ ਕੀਤੀ ਹੈ।

ਜਰਨੈਲ ਸਿੰਘ ਸੇਖਾ ਪਰਵਾਸੀ ਸਮਾਜ ਅਤੇ ਭਾਰਤੀ ਤੇ ਪੰਜਾਬੀ ਸਮਾਜ ਵਿਚਲੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਅੰਤਰ-ਸਬੰਧਤ ਬਣਾ ਕੇ ਪੇਸ਼ ਕਰਦਾ ਹੈ। ਇਸ ਵਿਚ ਭਾਰਤ ਪਾਕਿਸਤਾਨ, ਨਕਸਲਵਾੜੀ ਲਹਿਰ ਅਤੇ ਪੰਜਾਬ ਵਿਚ ਸੰਕਟ ਪੇਸ਼ਕਾਰੀ ਕੀਤੀ ਹੈ।

"ਮੇਰੇ ਨਾਲ ਦੋ ਪਾਕਿਸਤਾਨੀ ਕੰਮ ਕਰਦੇ ਆ। ਪਹਿਲਾਂ ਉਨ੍ਹਾਂ ਦਾ ਮੇਰੇ ਨਾਲ ਦੋਸਤਾਂ ਵਾਲਾ ਵਰਤਾਰਾ ਸੀ, ਪਰ ਇਹ ਤਿੰਨ ਚਾਰ ਕੁ ਮਹੀਨਿਆਂ ਤੋਂ ਜਦੋਂ ਦਾ ਬੰਗਲਾਦੇਸ਼ ਵਾਲਾ ਰੇੜਕਾ ਪਿਆ, ਉਦੋਂ ਦੇ ਉਹ ਮੇਰੇ ਨਾਲ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੇ।"[3]

ਇਸ ਨਾਵਲ ਵਿਚ ਨਾਵਲਕਾਰ ਨੇ ਨਕਸਲਵਾੜੀ ਲਹਿਰ ਜਿਸ ਵਿਚ ਸਭ ਤੋਂ ਵੱਧ ਸਰਗਰਮ ਪੰਜਾਬ ਦਾ ਪੜ੍ਹਿਆਂ-ਲਿਖਿਆ ਵਰਗ ਸੀ। ਇਸ ਲਹਿਰ ਦੇ ਵਧੇਰੇ ਮਕਬੂਲ ਹੋਣ 'ਤੇ ਇਸ ਲਹਿਰ ਨੂੰ ਦਬਾਉਣ ਲਈ ਨੌਜਵਾਨਾਂ ਤੇ ਜ਼ੁਲਮ ਕੀਤਾ ਗਿਆ। ਵਹਿਵੀਂ ਸਦੀਂ ਦੇ ਮੁੱਢ ਤੋਂ ਲੈ ਕੇ ਨਸਲਵਾਦ ਨਾਲ ਸੰਘਰਸ਼ ਕਰਨਾ ਪੈਂਦਾ ਸੀ। ਇਸ ਵਿਚ ਚਾਰ ਪੀੜੀਆਂ ਸੁਰੱਖਿਆਂ ਲਈ ਨਸਲਵਾਦ ਵਿਰੁੱਧ ਸੰਘਰਸ਼ ਕਰਦੀਆਂ ਹਨ ਪਰ ਚੌਥੀ ਪੀੜ੍ਹੀ ਬਰਾਬਰ ਵਾਲੀ ਸਥਿਤੀ ਵਿਚ ਪਹੁੰਚ ਜਾਂਦੀ ਹੈ।

ਇਸ ਨਾਵਲ ਵਿਚ ਬੌਬੀ ਤੱਕ ਪੁਹੰਚ ਕੇ ਸਥਿਤੀ ਵਿਚ ਬਦਲਾ ਆ ਜਾਦਾ ਹੈ। ਜਦੋਂ ਉਸਦੀ ਦਾਦੀ ਤੇ ਇਕ ਗੋਰੀ ਕੁੜੀ ਹਮਲਾ ਕਰਦੀ ਹੈ ਤਾਂ ਇਸ ਨਾਵਲ ਵਿਚ ਵਡੇਰਿਆਂ ਪ੍ਰਤੀ ਮੋਹ ਵੀ ਦਿਖਾਈ ਦਿੱਤਾ ਹੈ। ਇਸ ਨਾਵਲ ਵਿਚ ਪਹਿਲੀਆਂ ਤਿੰਨ ਪੀੜ੍ਹੀਆਂ ਇਤਿਹਾਸ ਦੀ ਪੇਸ਼ਕਾਰੀ ਕਰਦਾ ਹੈ ਪਰ ਚੌਥੀ ਪੀੜੀ ਜਦੋਂ ਆਰਥਕਤਾ ਦੇ ਲਈ ਸਵੈ-ਹੋਂਦ ਲਈ ਹਮਲਾਵਾਰ ਰੁੱਖ ਅਪਣਾਉਂਦੀ ਹੈ। ਇਹ ਪੀੜੀ ਨਾਕਾਰਤਮਕ ਸੋਚ ਦੇ ਅਧੀਨ ਗੈਂਗਵਾਰ ਦਾ ਹਿੱਸਾ ਬਣ ਜਾਂਦੀ ਹੈ। ਪਰਵਾਸ ਵਿਚ ਬੋਬੀ ਨੂੰ ਨਸਲਵਾਦ ਦਾ ਤਾਂ ਸਾਹਮਣਾ ਨਹੀਂ ਕਰਨਾ ਪੈਂਦਾ ਪਰ ਉਸ ਅੰਦਰ ਵੀ ਨਸਲਵਾਦ ਹੈ ਜਦੋਂ ਉਹ ਅਨੂਪ ਨੂੰ ਗੈਰਜਾਤੀ ਦਾ ਹੋਣ ਕਾਰਨ ਉਸ ਦਾ ਕਤਲ ਕੀਤਾ ਜਾਂਦਾ ਹੈ।

"ਤੇਰੇ ਪਾਲਣ-ਪੋਸ਼ਣ ਵਿੱਚ ਕੋਈ ਨੁਕਸ ਨਹੀਂ। ਜੇ ਕਿਤੇ ਨੁਕਸ ਹੈ ਤਾਂ ਇਹ ਤੁਹਾਡੀ ਗੁਲਾਮ ਮਾਨਸਿਕਤਾ ਵਿੱਚ ਹੈ, ਜਿਹੜੀ ਅੱਜ ਵੀ ਇੱਕੀਵੀਂ ਸਦੀ ਦੀਆਂ ਬਰੂਹਾਂ ਤੇ ਆ ਕੇ ਅਠਾਰਵੀਂ ਸਦੀ ਵਿੱਚ ਵਿਚਰਦੀ ਹੈ। ਡੈਡੀ ਦੀ ਸੋਚ ਬਾਰੇ ਮੈਂ ਕੀ ਕਹਾਂ ਕਿ ਪੰਜਾਹ ਸਾਲ ਇੱਥੇ ਰਹਿੰਦਿਆਂ ਹੋਣ ਦੇ ਬਾਵਜੂਦ ਜਿਸ ਵਿੱਚੋਂ ਜੱਟ ਹਉਮੈਂ ਨਹੀਂ ਗਈ। ਉਹ ਇਹ ਨਹੀਂ ਬਰਦਾਸ਼ਤ ਕਰ ਸਕਿਆ ਕਿ ਇੱਕ ਚਮਾਰ ਦਾ ਮੁੰਡਾ ਉਸ ਦੀ ਧੀ ਦਾ ਪਤੀ ਬਣੇ। ਜੇ ਕੋਈ ਗੋਰਾ ਮੁੰਡਾ ਹੁੰਦਾ ਤਾਂ ਉਹ ਉਸਨੂੰ ਸਹਿਣ ਕਰ ਜਾਂਦਾ। ਵਾਹ! ਸਾਡੀ ਗ਼ੁਲਾਮ ਜ਼ਹਿਨੀਅਤ!!" [4]

ਨਾਵਲ ਪਰਵਾਸੀ ਜੀਵਨ ਦੇ ਪੜਾਵਾਂ ਦੀ ਪੇਸ਼ਕਾਰੀ ਕਰਕੇ ਇਤਿਹਾਸ ਦੀ ਪੇਸ਼ਕਾਰੀ ਕੀਤੀ ਹੈ। ਮੌਤ ਦੇ ਨਾਲ-ਨਾਲ ਕੁਰਬਾਨੀਆਂ ਨੂੰ ਬਿਆਨ ਕੀਤਾ ਹੈ। ਇਨ੍ਹਾਂ ਨਾਵਲਾਂ ਨੇ ਘਟਨਾਵਾਂ, ਤੱਥਾਂ ਅਤੇ ਵਿਚਾਰਾਂ ਦੇ ਪੱਧਰ 'ਤੇ ਕਈ ਮਸਲੇ ਆਪਣੇ ਵਿਚ ਸਮੋਏ ਹੋਏ ਹਨ। ਨਾਵਲਕਾਰ ਨੇ ਦੁਨੀਆ ਕੈਸੀ ਹੋਈ ਵਿਚ ਪਰਵਾਸੀ ਖੇਤ ਮਜ਼ਦੂਰਾਂ ਦਾ ਯਥਾਰਥ ਚਿਤਰਨ ਕੀਤਾ ਹੈ। ਇਸ ਵਿਚ ਨਾਵਲਕਾਰ ਨੇ ਸਾਰੀਆਂ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਬਿਰਤਾਂਤ ਬਹੁਤ ਵਧੀਆਂ ਸਿਰਜਿਆਂ ਹੈ। ਨਾਵਲਾਕਰ ਨੇ ਨਾਵਲ ਵਿਚ ਇਸ ਸੰਘਰਸ਼ ਕਰਦੇ ਕਾਮਿਆਂ ਦੀ ਗਾਥਾਂ ਦਾ ਬਿਆਨ ਕੀਤਾ ਹੈ। ਇਸ ਵਿਚ ਉਹਨਾਂ ਦਾ ਆਪਣੀ ਧਰਤੀ ਤੋਂ ਮਜ਼ਬੂਰੀ ਵੱਸ ਪਰਾਵਸ ਧਾਰਨ ਕਰਨ ਦੇ ਸਫ਼ਰ ਦਾ ਵੀ ਬਿਆਨ ਕੀਤਾ ਹੈ ਨਾਵਲਕਾਰ ਨੇ ਨਾਵਲ ਵਿਚ ਮਨੁੱਖ ਨੂੰ ਆਪਣੀ ਲੋੜ ਦੀ ਪੂਰਤੀ ਜਾਂ ਮਜ਼ਬੂਰੀ ਵੱਸ ਪਰਵਾਸ ਧਾਰਨ ਕਰਨ ਦਾ ਬਿਰਤਾਂਤ ਹੈ। ਨਾਵਲ ਵਿਚ ਜੋ ਕਹਾਣੀ ਹੈ ਜੋ ਆਪਣਾ ਵੱਖਰਾ ਥੀਮ ਵੀ ਸਿਰਜਦੀ ਹੈ ਤੇ ਅਤੇ ਨਾਵਲੀ ਰਚਨਾ ਦੀ ਕੜੀ ਬਣਨ

ਦੀ ਸਮਰੱਥਾ ਵੀ ਰੱਖਦੀ ਹੈ। ਨਾਵਲ ਸਾਰੀ ਕਹਾਣੀ ਕਾਂਡਾ ਦੇ ਵਿਚ ਪੇਸ਼ ਕੀਤੀ ਹੈ। ਹਰ ਕਾਂਡ ਵਿਚ ਕਹਾਣੀ ਇੱਕ ਦੂਜੇ ਨਾਲ ਜੁੜੀ ਹੈ ਜੋ ਨਾਵਲ ਦਾ ਵਿਸਥਾਰ ਕਰਦੀ ਹੈ। ਇਸ ਵਿੱਚ ਮਨੁੱਖ ਦੀ ਪੇਸ਼ਕਾਰੀ ਕੀਤੀ ਗਈ ਹੈ ਜੋ ਆਪਣੀ ਧਰਤੀ ਤੋਂ ਦੂਰ ਹੋ ਕੇ ਉਦਰੇਵਾਂ ਮਹਿਸੂਸ ਕਰਦੀ ਹੈ। ਆਪਣੀ ਧਰਤੀ ਤੋਂ ਦੂਰ ਜਾ ਕੇ ਮਨੁੱਖ ਲਈ ਪਰਾਈ ਧਰਤੀ ਦਾ ਜੀਵਨ ਬਤੀਤ ਕਰਨਾ ਸੌਖਾ ਕੰਮ ਨਹੀਂ, ਉਸਨੂੰ ਮਨ ਮਾਰ ਕੇ ਅਜਿਹੀ ਸਥਿਤੀ ਵਿਚ ਵਿਚਰਨ ਕਈ ਮਜਬੂਰ ਹੋਣਾ ਪੈਂਦਾ ਹੈ। ਨਾਵਲ ਵਿਚ ਨਾਵਲਕਾਰ ਨੇ ਉਹਨਾਂ ਦੇ ਮਾਨਸਿਕਤਾ ਦੀ ਪੇਸ਼ਕਾਰੀ ਕੀਤੀ ਹੈ ਤੇ ਨਾਵਲ ਵਿਚ ਸਮਾਜ-ਸਭਿਆਚਾਰ ਪਿਛੋਕੜ ਦੀ ਗੱਲ ਕੀਤੀ ਹੈ। ਨਾਵਲ ਵਿਚ ਨਾਵਲਕਾਰ ਨੇ ਅਜਿਹੇ ਪਸਾਰੇ ਪੇਸ਼ ਕੀਤੇ ਹਨ ਜੋ ਨਾਵਲ ਵਿਚਲੀ ਹਰੇਕ ਕਹਾਣੀ ਆਪਣਾ ਵੱਖਰਾ ਥੀਮ ਸਿਰਜਦੀ ਹੈ ਅਤੇ ਨਾਵਲੀ ਰਚਨਾ ਦੀ ਕੜੀ ਬਣਨ ਦੀ ਸਮੱਰਥਾ ਵੀ ਰੱਖਦੀ ਹੈ। ਨਾਵਲ ਵਿਚਲੀ ਹਰੇਕ ਕਹਾਣੀ ਨਾਵਲੀ ਥੀਮ ਦਾ ਹੀ ਇੱਕ ਹਿੱਸਾ ਪ੍ਰਤੀਤ ਹੁੰਦੀ ਹੈ। ਅੰਕਲ ਰੋਅ ਵਿਚੋ ਤਿਲਕ ਗਿਆ ਵਿਚ ਮਨੁੱਖ ਦਾ ਅਮਾਨਵੀਕਰਨ ਦਿਖਾਇਆਂ ਗਿਆ ਹੈ। ਇਸ ਨਾਵਲ ਵਿਚ ਬਜ਼ੁਰਗਾਂ ਦੀ ਹਾਲਤ ਵੀ ਬਿਆਨ ਕੀਤਾ ਹੈ ਕਿਵੇਂ ਉਹਨਾਂ ਨੂੰ ਪਰਵਾਸ ਵਿਚ ਬੁਲਾ ਕੇ ਉਹਨਾਂ ਦੀ ਬੇਕਦਰੀ ਕੀਤੀ ਜਾਂਦੀ ਹੈ। ਇਸ ਵਿਚ ਇਹ ਪੇਸ਼ ਕੀਤਾ ਗਿਆ ਹੈ ਕਿ ਪਰਵਾਸ ਵਿਚ ਬਜ਼ੁਰਗ ਮਿਹਨਤ ਕਰਕੇ ਆਪਣੇ ਪਰਿਵਾਰ ਵਾਸਤੇ ਕੰਮ ਕਰਦਾ ਹੈ ਪਰ ਉਹ ਰੋਅ ਵਿਚ ਤਿਲਕ ਜਾਂਦਾ ਹੈ ਤੇ ਉਸਦੀ ਮੌਤ ਹੋ ਜਾਂਦੀ ਹੈ। ਇਸ ਤਰ੍ਹਾ ਨਾਵਲਕਾਰ ਨੇ ਨਾਵਲ ਵਿਚ ਬਜ਼ੁਰਗਾਂ ਦੀ ਹਾਲਤ ਦਾ ਬਿਆਨ ਕਰਕੇ ਮਨੁੱਖਤਾ ਵਿਚ ਵੱਡਿਆਂ ਦੀ ਕਦਰ ਦਾ ਜ਼ਿਕਰ ਕੀਤਾ ਹੈ ਉਹਨਾਂ ਦੇ ਮਨਸਿਕ ਸੰਤਾਪ ਦੀ ਵੀ ਪੇਸ਼ਕਾਰੀ ਕੀਤੀ ਹੈ ਤੇ ਨਾਵਲ ਨੂੰ ਸਾਰਥਿਕ ਬਣਾਉਣ ਵਿਚ ਸਹਾਈ ਹੁੰਦੇ ਹਨ। ਨਾਵਲਕਾਰ ਨੇ ਨਾਵਲ ਦਾ ਬਿਰਤਾਂਤ ਸਿਰਜਣ ਲਈ ਘਟਨਾਵਾਂ ਦੀ ਪੇਸ਼ਕਾਰੀ ਬਹੁਤ ਵਧੀਆਂ ਤਰੀਕੇ ਨਾਲ ਕੀਤੀ ਹੈ। ਜਦੋਂ ਕੁੜੀ ਆਪਣੇ ਬਾਪ ਨੂੰ ਜ਼ਮੀਨ ਵੇਚਣ ਲਈ ਮਜ਼ਬੂਰ ਕਰਦੀ ਹੈ ਤੇ ਜਗਤਾਰ ਸਿੰਘ ਇਸ ਗੱਲ ਨੂੰ ਦਿਲ ਤੇ ਲਾਂ ਲੈਦਾ ਹੈ ਕਿ ਕਿਉਂਕਿ ਆਰਥਕਤਾ ਵਿਚ ਘਿਰਿਆਂ ਮਨੁੱਖ ਮਜ਼ਬੂਰੀ ਵੱਸ ਕੰਮ ਦਾ ਕਰਦਾ ਹੈ ਪਰ ਉਸਦੇ ਜੀਵਨ ਵਿਚ ਇਕ ਅਣਹੋਂਦ ਜਿਹੀ ਰਹਿ ਜਾਂਦੀ ਹੈ।

> "ਨਹੀਂ, ਮੇਰੀ ਉਮਰ ਅਜੇ ਪਹਿੰਟ ਸਾਲ ਨਹੀਂ ਹੋਈ। ਊਂ ਸਰੀਰ ਈ ਵਡੇਰਾ ਲਗਦੈ। ਜ਼ਮੀਨ ਵਿਕਣ ਮਗਰੋਂ ਪਤਾ ਨਹੀਂ ਸਰੀਰ ਨੂੰ ਕੀ ਹੋ ਗਿਆ ਬੱਸ ਇਕਦਮ ਰਹਿ ਜੇਹਾ ਗਿਆ। ਬਾਹਲਾ ਈ ਬੁੱਢਾ ਜਿਹਾ ਹੋ ਗਿਐ ਚਿੱਤ। ਮਨ ਨੂੰ ਬੜਾ ਸਮਝਾਈਦੈ ਕਿ ਜੱਦੀ ਜ਼ਮੀਨ ਐ, ਘਰ ਵਿਚ ਈ ਰਹੀ ਐ। ਪਰ ਫਿਰ ਵੀ ਸੋਚ ਸੋਚ ਕੇ ਉਦਰੇਵਾਂ ਜਿਹਾ ਹੁੰਦੈ। ਏਨੀ ਆਖ ਉਹ ਚੁੱਪ ਹੋ ਗਿਆ ਅਤੇ ਉਸ ਦੀਆਂ ਅੱਖਾਂ ਵਿਚ ਹੁੰਝੂ ਤਰਨ ਲੱਗੇ।"[5]

ਇਹ ਪਾਤਰਾਂ ਸਭ ਤੋਂ ਜ਼ਿਆਦਾ ਉਸ ਸਮੇਂ ਦੁਖੀ ਹੁੰਦੇ ਹਨ ਜਦੋਂ ਇਹਨਾਂ ਕੋਲੋਂ ਆਪਣੀ ਜ਼ਮੀਨ ਇਹਨਾਂ ਦੇ ਧੀਆਂ ਪੁੱਤਰ ਵੇਚ ਦਿੰਦੇ ਹਨ ਤੇ ਇਹਨਾਂ ਨੂੰ ਪਰਵਾਸ ਵਿਚ ਕੰਮ ਕਰਨਾ ਪੈਦਾ ਹੈ ਤੇ ਉਹਨਾਂ ਦੀਆਂ ਗੱਲਾਂ ਸੁਣਨੀਆਂ ਪੈਦੀਆਂ ਹਨ। ਜਦੋਂ ਚੜਤ ਸਿੰਘ ਤਿਲਕ ਜਾਂਦਾ ਹੈ। ਉਸ ਸਮੇਂ ਨਾਵਲ ਦਾ ਬਿਰਤਾਂਤ ਸਿਖਰ ਤੇ ਪੁੰਹਚਦਾ ਹੈ ਜਦੋਂ ਮਾਲਕ ਰੋਹਬ ਮਾਰਦੇ ਹਨ।

> " ਖਿਲਰੇ ਪਏ ਫਲੈਟਾਂ ਨੂੰ ਦੇਖ ਕੇ ਇਕ ਗੁਸੈਲੀ ਆਵਾਜ਼ ਵਿਚ ਬੋਲਿਆਂ, "ਕੰਮ ਕਰ ਨਹੀਂ ਸਕਦੇ, ਆ ਜਾਂਦੈ ਐ ਫਸਲ ਦੀ ਤਬਾਹੀ ਕਰਨ। ਦੇਖੋ ਖਾਂ, ਕਿਵੇਂ ਬੇਰੀ ਦਾ ਨਾਸ ਮਾਰਿਐ।"[6]

ਇਸ ਤਰ੍ਹਾ ਨਾਵਲਕਾਰ ਨੇ ਪਰਾਵਸ ਵਿਚ ਮਜ਼ਦੂਰ ਨਾਲ ਕੀਤਾ ਜਾਂਦਾ ਵਿਵਹਾਰ ਦੀ ਪੇਸ਼ਕਾਰੀ ਬਹੁਤ ਵਧੀਆਂ ਤਰੀਕੇ ਨਾਲ ਕੀਤੀ ਹੈ। ਇਸ ਵਿਚ ਉਹ ਆਪਣੇ ਵਿਰੁਧ ਹੋ ਰਹੇ ਜ਼ੁਲਮ ਪ੍ਰਤੀ ਵੀ ਬੱਲਦੇ ਨਹੀਂ ਸਭ ਕੁਝ ਚੁੱਪ-ਚਾਪ ਸੁਣ ਰਹੇ ਹਨ। ਜਦੋਂ ਕੁੜੀਆਂ ਬੇਰੀਆ ਘੱਟ ਤੋਲਦੀਆਂ ਸਨ, ਪਰ ਜਦੋਂ ਜਗਤਾਰ ਸਿੰਘ ਆਵਾਜ਼ ਉਠਾਉਂਦਾ ਹੈ ਤਾਂ ਉਸ ਸਮੇਂ ਹੀ ਚੱਘੜ ਸਿੰਘ ਵਰਗਾ ਪਾਤਰ ਉਸਨੂੰ ਪਿੱਕਰਾਂ ਨੂੰ ਭਟਕਾਉਣ ਦਾ ਇਲਜ਼ਾਮ ਲਾ ਦਿੰਦਾ ਹੈ। ਪਰ ਫਿਰ ਵੀ ਉਸ ਉੱਪਰ ਸਭ ਹੱਸਦੇ ਹਨ , ਪਰ ਉਹ ਤਾਂ ਮਜ਼ਦੂਰਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਦਾ ਹੈ ਪਰ ਉਹ ਆਪ ਹੀ ਬਦਨਾਮੀ ਖਟਦਾ ਹੈ।

ਨਾਵਲਕਾਰ ਨੇ ਨਾਵਲ ਵਿਚ ਪੀੜ੍ਹੀ-ਪਾੜੇ ਦੀ ਸਮੱਸਿਆਂ ਦਾ ਬਿਆਨ ਕੀਤਾ ਹੈ, ਕਿਵੇਂ ਜਸਮੇਲ ਕੌਰ ਦੀ ਪੋਤਰੀ ਦੇ ਗਲ਼ ਛੋਟੀ ਜਿਹੀ ਬਿਨਾਂ ਬਾਹਵਾਂ ਤੋਂ ਕਮੀਜ਼ ਤੇ ਨਿੱਕੀ ਜਿਹੀ ਨਿੱਕਰ ਪਾਈ ਉਸ ਨੂੰ ਬੁਰੀ ਲੱਗੀ ਤੇ ਉਹ ਕੁੜੀ ਨੂੰ ਸਮਝਾਉਂਦੀ ਹੈ। ਪਰ ਉਸ ਦੇ ਨੂੰਹ-ਪੁੱਤ ਨੂੰ ਇਹ ਬੁਰਾ ਨਹੀਂ ਲੱਗਦਾ। ਸਗੋਂ ਉਹ ਜਸਮੇਲ ਕੌਰ ਨੂੰ ਹੀ ਘਰੋ ਕੱਢ ਦਿੰਦੇ ਹਨ।

> ਕੁੜੀ ਦੇ ਪਹਿਰਾਵੇ ਨੂੰ ਦੇਖ ਕੇ ਜਸਮੇਲ ਕੌਰ ਤੋਂ ਰਹਿ ਨਾ ਹੋਇਆ। ਟੋਕਦੇ ਹੋਏ ਉਹ ਕਹਿਣ ਲੱਗੀ, "ਕੁੜੇ, ਕੋਈ ਚੱਜ ਦੇ ਕੱਪੜੇ ਪਾ ਕੇ ਬਾਹਰ ਜਾਈਦਾ ਐ, ਏਸ ਕਮੀਜ਼ ਨਾਲ ਪੈਂਟ ਲੈਂਦੀ, ਨਹੀਂ ਪੈਂਟ ਪੌਣੀ ਸੀ ਤਾਂ ਕਮੀਜ਼ ਦੀ ਥਾਂ ਸਕਰਟ ਪਾ ਲੈਂਦੀ। ਏਸ ਤਰ੍ਹਾਂ ਬਾਹਰ ਜਾਂਦੇ ਸੁਹਣੇ ਨਹੀਂ ਲਗਦੇ, ਸਾਊ ਘਰਾ ਦੇ ਧੀਆਂ ਪੁੱਤ।"[7]

ਇਸ ਵਿਚ ਬਜ਼ੁਰਗਾਂ ਦੇ ਸੰਤਾਪ ਦੀ ਪੇਸ਼ਕਾਰੀ ਰਾਹੀਂ ਨਾਵਲਕਾਰ ਨੇ ਨਾਵਲ ਦੇ ਪਾਤਰਾਂ ਰਾਹੀ ਹੀ ਪੇਸ਼ ਕੀਤੀ ਹੈ। ਜਦੋਂ ਜਸਮੇਲ ਕੌਰ ਨੂੰ ਉਸਦਾ ਮੁੰਡਾ ਪੰਜਾਬ ਜਾਣ ਲਈ ਕਹਿੰਦਾ ਹੈ ਪਰ ਉਹ ਕਹਿੰਦੀ ਕਿ ਮੈਂ ਨਹੀਂ ਜਾਣਾ। ਜਸਮੇਲ ਕੌਰ ਆਪਣੇ ਕਮਰੇ ਵਿਚ ਚਲੀ ਗਈ।

> "ਮੁੰਡਾ ਕੁਝ ਦੇਰ ਖੜ੍ਹਾ ਸੋਚਦਾ ਰਿਹਾ। ਉਸ ਪਹਿਲਾਂ ਮਾਂ ਦੇ ਅਟੈਚੀ ਬੂਹਿਓਂ ਬਾਹਰ ਰੱਖੇ। ਫੇਰ ਉਹ ਮਾਂ ਦੇ ਕਮਰੇ ਵਿਚ ਗਿਆ ਅਤੇ ਮਾਂ ਨੂੰ ਬਾਹੋਂ ਫੜ ਬੂਹਿਓਂ ਬਾਹਰ ਕੱਢ ਦਿੱਤਾ। ਇੱਕ ਬੈਗ ਲਿਆ ਕੇ ਅਟੈਚੀ ਕੇਸਾਂ ਉੱਪਰ ਰੱਖ ਦਿੱਤਾ ਜਿਸ ਵਿਚ ਉਸ ਦਾ ਪਾਸਪੋਰਟ ਟਿਕਟ ਅਤੇ ਹੋਰ ਜ਼ਰੂਰੀ ਸਾਮਾਨ ਸੀ। ਫੇਰ ਬੂਹਾ ਬੰਦ ਕਰ ਪੌੜੀਆਂ ਚੜ੍ਹ ਗਿਆ।"[8]

ਨਾਵਲ ਵਿਚ ਨਾਵਲਕਾਰ ਨੇ ਕਈ ਭਾਂਤ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਕੀਤੀ ਹੈ ਅਤੇ ਨਾਵਲ ਨੂੰ ਸਮਾਜ ਵਿਚ ਹੋ ਰਹੀ ਹੋਣੀ ਨੂੰ ਬਿਆਨ ਕੀਤਾ ਹੈ ਨਾਵਲਕਾਰ ਨੇ ਇਸ ਵਿਚ ਪਰਵਾਸ ਵਿਚ ਧੀਆਂ-ਪੁੱਤਰ ਆਪਣੇ ਮਾਂ-ਪਿਓ ਨੂੰ ਵਿਦੇਸ਼ ਵਿਚ ਇਸ ਲਈ ਸੱਦਦੇ ਹਨ ਤਾਂ ਜੋ ਉਹਨਾਂ ਦੇ ਬੱਚੇ ਜਾਂ ਘਰ ਦੀ ਦੇਖ ਰੇਖ ਹੋ ਸਕੇ। ਉਹਨਾਂ ਕੋਲ ਐਨਾ ਸਮਾਂ ਨਹੀਂ ਉਹਨਾਂ ਨਾਲ ਦੋ ਮਿੱਠੇ ਬੋਲ ਬੋਲ ਸਕਣ। ਉਹ ਹਮੇਸ਼ਾਂ ਹੀ ਉਹਨਾਂ ਨੂੰ ਮੌਕਾਪ੍ਰਸਤੀ ਦਾ ਨਕਾਬ ਚਾੜ ਕੇ ਉਹਨਾਂ ਨਾਲ ਵਰਤੀਰਾ ਕਰਦੇ ਹਨ। ਨਾਵਲਕਾਰ ਨੇ 'ਸੱਠ ਸਾਲਾ ਵਿਆਹੁੰਦੜ' ਵਿਚ ਸੰਤਾ ਸਿੰਘ ਆਪਣੇ ਨੂੰਹ ਪੁੱਤਾਂ ਦੀ ਸ਼ਰਮ ਕਰਕੇ ਆਪਣੇ ਵਿਆਹ ਦੀ ਇੱਛਾ ਰੱਖਣ ਦੇ ਬਾਵਜੂਦ ਵੀ ਵਿਆਹ ਨਹੀਂ ਕਰਵਾਉਂਦਾ ਪਰ ਜਦੋਂ ਉਸਦੇ ਦੋਸਤ ਉਸਨੂੰ ਉਦਾਹਰਣਾਂ ਦੇ ਕੇ ਵਿਆਹ ਵਿਆਹ ਲਈ ਤਿਆਰ ਕਰ ਲੈਂਦੇ ਹਨ। ਉਹ ਇੰਡਿਆ ਆ ਜਾਂਦਾ ਹੈ ਤੇ ਭਰਜੋਬਨ ਮੁਟਿਆਰ ਨੂੰ ਵਿਆਹ ਕੇ ਲੈ ਆਉਂਦਾ ਹੈ। ਉਸਦੀ ਵਿਆਹੁਤਾ ਨੇ ਆਉਂਦੇ ਸਾਰ ਹੀ ਆਪਣੇ ਸਾਰੇ ਪਰਿਵਾਰ ਨੂੰ ਬੁਲਾ ਲਿਆ। ਉਸ ਦੇ ਮਾਂ

ਬਾਪ ਆਉਣ ਦੇ ਸੰਤਾ ਸਿੰਘ ਦੀ ਆਪਣੀ ਘਰਵਾਲੀ ਨਾਲ ਤਕਰਾਰ ਹੋ ਗਈ ਉਹਨਾਂ ਨੇ ਪਹਿਲਾਂ ਸੰਤਾ ਸਿੰਘ ਨੂੰ ਪਹਿਲਾਂ ਆਪ ਚੰਗਾ ਕੁਟਾਪਾ ਲਾਇਆ ਫਿਰ ਪੁਲੀਸ ਸੱਦ ਕੇ ਕਿ ਸੰਤਾ ਸਿੰਘ ਉਸਦੀ ਭੈਣ ਨੂੰ ਤੰਗ ਕਰਦਾ ਹੈ। ਅਖੀਰ ਸੰਤਾ ਸਿੰਘ ਉਸ ਨੂੰ ਛੱਡ ਕੇ ਆਪ ਹੋਰ ਜਗ੍ਹਾਂ ਚਲਾ ਜਾਂਦਾ ਹੈ। ਨਾਵਲਕਾਰ ਨੇ ਇਸ ਵਿਚ ਲੋਕਾਂ ਦੀ ਮਾਨਸਿਕਤਾ ਨੂੰ ਵੀ ਪੇਸ਼ ਕੀਤਾ ਹੈ ਕਿਵੇਂ ਲੋੜ ਪੈਣ ਤੇ ਉਹ ਧੋਖਾ ਦਿੰਦੇ ਹਨ। ਨਾਵਲਕਾਰ ਨੇ ਇਸ ਕਾਂਡ ਵਿਚ ਹੀ ਜਾਤ ਦੀ ਗੱਲ ਕੀਤੀ ਹੈ ਕਿ ਵੈਨਕੂਵਰ ਵਿਚ ਚੰਗੇ ਖਾਂਦੇ ਪੀਂਦੇ ਸੱਜਣ ਰਹਿੰਦੇ ਹਨ ਸੁਭਾਅ ਵੱਖੋ ਵੀ ਬਹੁਤ ਵਧੀਆਂ ਸਨ। ਉਹਨਾਂ ਦਾ ਗੋਤ ਗਿੱਲ ਸੀ ਪਰ ਉਹ ਮਜ਼੍ਹਬੀ ਸਿੱਖ ਜਾਤ ਨਾਲ ਸੰਬੰਧ ਰੱਖਦੇ ਸਨ। ਗਿੱਲ ਗੋਤ ਤਾਂ ਸਾਰੀਆਂ ਜਾਤਾ ਵਿਚ ਹੁੰਦਾ ਹੈ। ਉਹਨਾਂ ਨੇ ਪੰਜਾਬ ਵਿਚ ਆ ਕੇ ਆਪਣੇ ਮੁੰਡੇ ਦੇ ਵਿਆਹ ਲਈ ਇਸ਼ਤਿਆਰ ਦੇ ਦਿੱਤਾ ਤੇ ਚੰਡੀਗੜ੍ਹ ਦੇ ਇਕ ਜੱਟ ਸਿੱਖ ਘਰਾਣੇ ਵਿਚ ਰਿਸ਼ਤਾ ਹੋ ਗਿਆ। ਕੁੜੀ ਵੀ ਕੈਨੇਡਾ ਆ ਗਈ, ਕੁਝ ਸਮਾਂ ਪਹਿਲਾਂ ਕੁੜੀ ਨੂੰ ਪਤਾ ਲੱਗਾ ਕਿ ਉਸਦੇ ਸਹੁਰੇ ਤਾਂ ਹੋਰ ਜਾਂਤ ਨਾਲ ਸਬੰਧਤ ਹਨ ਕੁੜੀ ਅੰਦਰੋਂ ਅੰਦਰ ਸੁਲਗਦੀ ਰਹੀ ਤੇ ਮਾਂ ਬਾਪ ਦੇ ਆ ਜਾਣ ਤੇ ਉਹ ਉਨ੍ਹਾਂ ਤੋਂ ਵੱਖ ਹੋ ਜਾਂਦੀ ਹੈ।

> "ਕੁੜੀ ਵੀ ਕੈਨੇਡਾ ਆ ਗਈ। ਕੁਝ ਸਮੇਂ ਮਗਰੋਂ ਕੁੜੀ ਨੂੰ ਪਤਾ ਲੱਗ ਗਿਆਂ ਕਿ ਉਸ ਦੇ ਸਹੁਰੇ ਤਾਂ ਗ਼ੈਰ ਜਾਤੀ ਦੇ ਹਨ। ਕੁੜੀ ਵਿਚ ਜਾਤੀ ਅਭਿਮਾਨ ਵੀ ਸੀ। ਉਸ ਝੱਟ ਮਾਪਿਆਂ ਨੂੰ ਫ਼ੋਨ ਕਰ ਦਿੱਤਾ। ਪਰ ਮਾਪਿਆਂ ਕੁੜੀ ਨੂੰ ਸਮਝਾਇਆ ਕਿ ਉਹ ਸਹੁਰਿਆਂ ਨਾਲ ਪੂਰੀ ਤਰ੍ਹਾਂ ਘੁਲ ਮਿਲ ਜਾਵੇ। ਆਪਣੀ ਸਿਆਣਪ ਨਾਲ ਉਨ੍ਹਾਂ ਦੇ ਦਿਲ ਜਿੱਤ ਲਵੇ। ਉਨ੍ਹਾਂ ਬਾਰ-ਬਾਰ ਤਾਕੀਦ ਕੀਤੀ ਕਿ ਉਸਦੇ ਸਹੁਰਿਆਂ ਦੇ ਕੰਨੀਂ ਭਿਣਕ ਵੀ ਨਹੀਂ ਪੈਣੀ ਚਾਹੀਦੀ ਚਾਹੀਦੀ ਕਿ ਉਸ ਦੇ ਦਿਲ ਵਿਚ ਉਨ੍ਹਾਂ ਪ੍ਰਤੀ ਕੋਈ ਨਫ਼ਰਤ ਹੈ।"[9]

ਨਾਵਲਕਾਰ ਨੇ ਇਸ ਵਿਚ ਸਭਿਆਚਾਰ ਦੇ ਆਪਸੀ ਟਕਰਾਅ ਵੀ ਪੇਸ਼ ਕੀਤਾ ਹੈ ਕਿਵੇਂ ਉੱਥੇ ਰਹਿੰਦਾ ਮਨੁੱਖ ਉਸ ਸਮਾਜ ਤੋਂ ਅਭਿੱਜ ਨਹੀਂ ਰਹਿ ਸਕਦਾ। ਉਹ ਆਪਣੇ ਕੰਮ ਵਿਚ ਐਨਾ ਵਿਅਸਤ ਹੋ ਜਾਂਦਾ ਹੈ ਕਿ ਉਸ ਕੋਲ ਆਪਣੇ ਵਿਆਹੁਤਾ ਜੀਵਨ ਲਈ ਵੀ ਸਮਾਂ ਨਹੀਂ। ਨਾਵਲਕਾਰ ਨੇ ਪਰਵਾਸ ਵਿਚ ਬੱਚੇ ਬੇੜੀਆਂ ਤੋੜਦੇ ਇਕ ਦੂਜੇ ਦੇ ਸੰਪਰਕ ਵਿਚ ਆ ਕੇ ਉਹ ਗਲਤ ਕੰਮ ਕਰਦੇ ਹਨ ਇਸ ਵਿਚ ਪੇਸ਼ ਕੀਤਾ ਹੈ ਕਿ ਕੋਈ ਵੀ ਮਨੁੱਖ ਦੂਜੇ ਸੱਭਿਆਚਾਰ ਤੋਂ ਅਭਿਜ ਨਹੀਂ ਰਹਿ ਸਕਦਾ। ਨਾਵਲ ਵਿਚ ਨਾਵਲਕਾਰ ਨੇ ਪਰਾਈ ਧਰਤੀ ਵਿਚ ਆ ਰਹੀਆਂ ਮੁਸ਼ਕਿਲਾਂ ਦਾ ਬਿਰਤਾਂਤ ਸਿਰਜਿਆ ਹੈ। ਪਰ ਨਾਵਲਕਾਰ ਨੇ ਇਸ ਵਿਚ ਪੰਜਾਬ ਤੋਂ ਸ਼ੁਰੂ ਕਰਕੇ ਪਰਵਾਸ ਵਿਚ ਮੁੜ ਜਾਣ ਦਾ ਦ੍ਰਿਸ਼ ਪੇਸ਼ ਕਰਦਾ ਹੈ। ਨਾਵਲਾਕਰ ਨੇ ਇਸ ਵਿਚ 'ਅੰਕਲ ਰੋਅ ਵਿਚ ਤਿਲਕ ਜਾਂਦਾ' ਹੈ ਵਿਚ ਤ੍ਰਾਸਦੀ ਪੇਸ਼ ਕੀਤੀ ਹੈ। ਨਾਵਲ ਵਿਚ ਪਾਤਰ ਵਾਪਸ ਜਾਣ ਦਾ ਵਹਿਮ ਪਾਲ਼ੀ ਰੱਖਦੇ ਹਨ ਪਰ ਉਹ ਯਥਾਰਥ ਵਿਚ ਅਜਿਹਾ ਨਹੀਂ ਹੁੰਦਾ। ਇਸ ਨਾਵਲ ਵਿਚ ਪਾਤਰ ਅਖੀਰ ਵਿਚ ਪਰਵਾਸ ਵੱਲ ਪਰਤ ਜਾਂਦਾ ਹੈ ਤੇ ਉਹ ਆਪਣੇ ਦੋਸਤਾਂ ਨੂੰ ਕਹਿੰਦਾ ਹੈ ਕਿ ਜੇ ਮੇਰੀ ਕੋਈ ਚਿੱਠੀ ਨਾ ਆਵੇ ਤਾਂ ਸਮਝ ਲੈਣਾ ਕਿ ਤੁਹਾਡਾ ਸਾਥੀ ਸਦਾ ਲਈ ਛੱਡ ਗਿਆ।

> " ਦੋਸਤੋ, ਮੈਨੂੰ ਤਾਂ ਇੰਝ ਜਾਪਦਾ ਏ ਕਿ ਮੈਂ ਥਾਨੇਦਾਰ ਹਰਮੀਤ ਸਿੰਘ ਵਾਂਗ ਕੇਅਰ ਹੋਮ ਵਿਚ ਪਿਆ ਹੋਵਾਂਗਾ ਤੇ ਕੇਅਰ ਹੋਮ ਦੇ ਪਤੇ ਵਾਲੀ ਚਿੱਠੀ ਤੁਹਾਨੂੰ ਮਿਲੇਗੀ ਜਾਂ ਫੇਰ ਚੜ੍ਹਤ ਸਿੰਘ ਵਾਂਗ ਮੈਂ

ਵੀ ਕਿਸੇ ਦਿਨ ਫਾਰਮਾਂ ਵਿਚ ਸਿਰ ਉੱਪਰ ਫਲੈਟ ਚੁੱਕੀ, ਡਿੱਕੋ ਡੋਲੇ ਖਾਂਦਾ ਤੁਰਿਆ ਜਾ ਰਿਹਾ ਕਿਸੇ ਰੋਅ ਵਿਚ ਡਿੱਗ ਪਵਾਂਗਾ। ਫੇਰ ਮੇਰੇ ਕੰਨਾਂ ਵਿਚ ਵੀ ਕਿਸੇ ਦੀ ਆਵਾਜ਼ ਗੂੰਜ ਉੱਠੇਗੀ, ਅਹੁ ਅੰਕਲ ਰੋਅ ਤੋਂ ਤਿਲਕ ਗਿਆ। ' ਤੁਹਾਨੂੰ ਪਤਾ ਵੀ ਨਹੀਂ ਲੱਗਣਾ ਕਿ ਤੁਹਾਡਾ ਇਕ ਸਾਥੀ ਤੁਹਾਡਾ ਸਾਥ ਸਦਾ ਲਈ ਛੱਡ ਗਿਆ ਹੈ। ਜਦੋਂ ਕੋਈ ਚਿੱਠੀ ਨਾ ਆਈ ਤਾਂ ਫੇਰ ਕਿਤੇ ਤੁਹਾਨੂੰ ਪਤਾ ਕੀਤਿਆਂ, ਪਤਾ ਲੱਗਣੈ...........ਸੋ ਮਿੱਤਰੋ ਤੁਸੀਂ ਇਕ ਦੂਜੇ ਦੇ ਗਲ ਲੱਗ ਕੇ ਅਪਸੋਸ ਕਰ ਲੈਣਾ। ਜਿਹੜਾ ਕਾਗਜ਼ਾਂ ਦਾ ਰੁੱਗ ਫੜਾ ਚੱਲਿਆ ਹਾਂ ਇਨ੍ਹਾਂ ਨੂੰ ਹੀ ਅਸਥੀਆਂ ਸਮਝ ਕਿਸੇ ਦਰਿਆ ਵਿਚ ਜਲ ਪ੍ਰਵਾਹ ਕਰ ਦੇਣਾ।"[10]

ਇਸ ਨਾਵਲ ਵਿਚ ਨਾਵਲਕਾਰ ਨੇ ਬਿਰਤਾਂਤ ਰਾਹੀਂ ਸਾਰੇ ਨਾਵਲ ਨੂੰ ਇੱਕ ਕੜੀ ਵਿਚ ਪਰੋਇਆ ਹੋਇਆ ਹੈ। **ਬੇਗਾਨੇ** ਨਾਵਲ ਵਿਚ ਨਾਵਲਕਾਰ ਨੇ ਮਨੁੱਖ ਦੀ ਹੋਣੀ ਨੂੰ ਬਿਆਨ ਕੀਤਾ ਹੈ ਜਿਸ ਵਿਚ ਉਹਨਾਂ ਨੇ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਦਾ ਬਿਰਤਾਂਤ ਸਿਰਜਿਆ ਹੈ ਨਾਵਲਕਾਰ ਨੇ ਨਾਵਲ ਵਿਚ ਆਪਣੇ ਆਪ ਤੋਂ ਬੇਗਾਨੇ ਹੋ ਰਹੇ ਮਨੁੱਖ ਦੀ ਹੋਣੀ ਨੂੰ ਬਿਆਨ ਕੀਤਾ ਹੈ ਕਿਵੇਂ ਉਹ ਆਪਣਿਆਂ ਤੋਂ ਹੀ ਲੁੱਟ ਦਾ ਸ਼ਿਕਾਰ ਹੋ ਰਿਹਾ ਹੈ। ਉਸਦੇ ਆਪਣੇ ਹੀ ਉਸ ਨਾਲ ਬੁਰਾ ਵਤੀਰਾ ਕਰ ਰਹੇ ਹਨ। ਇਸ ਵਿਚ ਨਸੀਬ ਕੌਰ ਨਾਂ ਦੀ ਪਾਤਰ ਹੈ ਜੋ ਆਪਣੇ ਪਤੀ ਬਲਵੰਤ ਸਿੰਘ ਦੇ ਹੱਥੋਂ ਦੁਖੀ ਹੈ ਜੋ ਉਸਨੂੰ ਵਿਦੇਸ਼ ਵਿਚ ਆ ਕੇ ਧੋਖਾ ਦਿੰਦਾ ਹੈ ਤੇ ਆਪਣੇ ਰਿਸ਼ਤੇ ਵਿਚ ਲੱਗਦੀ ਭੈਣ ਨਾਲ ਵਿਆਹ ਕਰਵਾ ਕੇ, ਉਸਦਾ ਸਾਰਾ ਪੈਸਾ ਲੈ ਕੇ ਉਸਨੂੰ ਛੱਡ ਕੇ ਚਲ ਜਾਂਦਾ ਹੈ ਤੇ ਉਸਦੇ ਕੋਲ ਇਕ ਉਸਦਾ ਇਕ ਮੁੰਡਾ ਹੀ ਹੈ ਜੋ ਉਸਦੇ ਜੀਵਨ ਦਾ ਸਹਾਰਾ ਹੈ। ਦੂਜੇ ਪਾਸੇ ਨਾਵਲ ਵਿਚ ਹਰਬੰਸ ਨਾਂ ਦਾ ਵਿਆਕਤੀ ਹੈ। ਉਹ ਵੀ ਆਪਣੇ ਚਾਚੇ ਦੇ ਹੱਥੋਂ ਜ਼ਮੀਨ ਕਰਕੇ ਉਹਨਾਂ ਵਿਚ ਵੀ ਝਗੜਾ ਹੋ ਜਾਦਾ ਹੈ ਤੇ ਉਹ ਵੀ ਆਪਣੀ ਪਤਨੀ ਦੇ ਮਰ ਜਾਣ ਤੋਂ ਬਾਅਦ ਉਸ ਕੋਲ ਵੀ ਇਕ ਕੁੜੀ ਹੈ ਜੋ ਪੰਜਾਬ ਵਿਚ ਉਸਦੇ ਭਰਾ-ਭਰਜਾਈ ਕੋਲ ਰਹਿੰਦੀ ਹੈ। ਇਸ ਵਿਚ ਦੋਵੇਂ ਹੀ ਹਾਲਤ ਦੇ ਮਾਰੇ ਹਨ ਤੇ ਇਹਨਾਂ ਦੀਆਂ ਆਪਸ ਵਿਚ ਕੜੀਆਂ ਜੁੜਦੀਆਂ ਹਨ ਤੇ ਨਾਵਲਕਾਰ ਨੇ ਇਹਨਾਂ ਦੇ ਨਾਲ ਹੀ ਨਾਵਲ ਵਿਚਲੀ ਸਾਰੀ ਕਹਾਣੀ ਦਾ ਬਿਰਤਾਂਤ ਸਿਰਜਿਆਂ ਹੈ ਜੋ ਇਕ ਕੜੀ ਵਿਚ ਪੇਸ਼ ਹੋ ਰਹੀਆਂ ਹਨ। ਇਸ ਨਾਵਲ ਵਿਚ ਜਦੋਂ ਨਸੀਬ ਕੁਆਰੀ ਹੁੰਦੀ ਆਪਣੀ ਭੂਆਂ ਕੋਲ ਰਹਿੰਦੀ ਹੈ ਤੇ ਭੂਆ ਉਸ ਨਾਲ ਨੌਕਰਾਂ ਵਾਲਾ ਵਿਵਹਾਰ ਕਰਦੀ ਹੈ ਭਾਵੇਂ ਉਹ ਉਨ੍ਹਾਂ ਨਾਲ ਬੈਠ ਕੇ ਇਕ ਮੇਜ਼ ਤੇ ਹੀ ਰੋਟੀ ਖਾਦੀ ਹੈ ਪਰ ਫਿਰ ਵੀ ਉਸ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਕ ਦਿਨ ਉਸਦਾ ਫੁੱਫੜ ਜੋ ਉਸਦੇ ਪਿਓ ਵਾਂਗ ਉਸਦਾ ਪਾਲਣ-ਪੋਸ਼ਣ ਕੀਤਾ ਸੀ ਇਕ ਦਿਨ ਉਸਦੀ ਇੱਜ਼ਤ ਨੂੰ ਹੱਥ ਪਾਉਂਦਾ ਹੈ। ਇਸ ਵਿਚ ਨਾਵਲਾਕਰ ਨੇ ਬਿਰਤਾਂਤ ਸਿਰਜ ਕੇ ਹਰ ਇਕ ਘਟਨਾ ਦਾ ਬਿਆਨ ਬਿਨਾਂ ਕਿਸੇ ਨਿਸ਼ੰਗ ਦੇ ਕੀਤਾ ਹੈ ਤੇ ਪਾਠਕਾਂ ਨੂੰ ਆਪਣੇ ਆਲ਼ੇ-ਦੁਆਲ਼ੇ ਆਪਣਿਆ ਦੀ ਸ਼ਕਲ ਵਿਚ ਦਿਸਦੇ ਭੇੜੀਆਂ ਤੋਂ ਸੁਚੇਤ ਰਹਿਣ ਦਾ ਵਰਣਨ ਕੀਤਾ ਹੈ। ਪਰ ਮਨੁੱਖ ਆਪਣਿਆਂ ਤੋਂ ਹੀ ਲੁੱਟ ਦਾ ਸ਼ਿਕਾਰ ਹੁੰਦਾ ਹੈ।

"ਹੁਣ ਉਹ ਮੈਨੂੰ ਇਕ ਭੇੜੀਏ ਦੀ ਨਿਆਈਂ ਲੱਗ ਰਿਹਾ ਸੀ। ਉਸ ਵੇਲੇ ਜੇ ਉਹ ਮੇਰੇ ਕੋਲ ਹੁੰਦਾ ਤਾਂ ਮੈਂ ਉਸ ਨੂੰ ਕਤਲ ਕਰਕੇ ਆਪ ਵੀ ਆਤਮਘਾਤ ਕਰ ਲੈਣਾ ਸੀ ਪਰ ਪਤਾ ਨਹੀਂ ਉਹ ਕਿਸ ਵੇਲ਼ੇ ਕੰਮ

'ਤੇ ਚਲਾ ਗਿਆ ਸੀ। ਸਮੇਂ ਉਸ ਵੇਲੇ ਸੋਚਿਆਂ, 'ਮਨਾ! ਜਿਹੜੇ ਇਜ਼ਤਾਂ ਦੇ ਰਖਵਾਲੇ ਸੀ, ਉਹ ਇਜ਼ਤਾਂ ਨਾਲ ਖਿਲਵਾੜ ਕਰਨ ਲੱਗ ਪਏ ਤਾਂ ਹੁਣ ਜੀਅ ਕੇ ਵੀ ਕਰਨਾ। ਮੈਂ ਉਸੇ ਹਾਲਤ ਵਿਚ ਹੀ ਮੰਜੇ ਤੋਂ ਉੱਠ ਕੇ ਰਸੋਈ ਵਿਚ ਗਈ, ਮੀਟ ਕੱਟਣ ਵਾਲੀ ਵੱਡੀ ਛੁਰੀ ਚੁੱਕ ਕੇ ਆਪਣਾ ਢਿੱਡ ਚਾਕ ਕਰਨ ਲੱਗੀ ਸੀ।"[11]

ਨਾਵਲਕਾਰ ਨੇ ਨਾਵਲ ਵਿਚ ਬਦਲਦੇ ਰਿਸ਼ਤਿਆਂ ਦੀ ਵੀ ਪੇਸ਼ਕਾਰੀ ਕੀਤੀ ਹੈ ਕਿਵੇਂ ਸਮੇਂ ਦੇ ਨਾਲ ਰਿਸ਼ਤਿਆਂ ਵਿਚ ਬਦਲਾ ਆ ਜਾਂਦਾ ਹੈ ਜੋ ਸਾਨੂੰ ਸਮਾਂ ਆਉਣ ਤੇ ਪਤਾ ਚੱਲਦਾ ਹੈ। ਨਸੀਬ ਬਲਵੰਤ ਤੇ ਬਹੁਤ ਯਕੀਨ ਕਰਦੀ ਸੀ ਪਰ ਉਹ ਉਸਨੂੰ ਧੋਖਾ ਦਿੰਦਾ ਹੈ। ਨਾਵਲ ਵਿਚ ਨਾਵਲਕਾਰ ਨੇ ਘਟਨਾਵਾਂ ਦੇ ਮਾਧਿਅਮ ਨਾਲ ਇਕ ਬੁਰੇ ਵਿਅਕਤੀ ਦੀ ਕੀਤੇ ਦੀ ਸਜ਼ਾ ਉਸ ਦੇ ਪਰਿਵਾਰ ਨੂੰ ਭੁਗਤਨੀ ਪੈਂਦੀ ਹੈ ਤੇ ਬਲਵੰਤ ਦੇ ਧੋਖੇ ਦੇ ਕਾਰਨ ਨਸੀਬ ਬੱਲੀ ਨੂੰ ਵੀ ਪਿਆਰ ਨਹੀਂ ਕਰ ਪਾਉਂਦੀ ਉਸ ਨੂੰ ਬੱਲੀ ਵਿਚੋਂ ਬਲਵੰਤ ਦਾ ਚਿਹਰਾ ਦਿਸਦਾ ਹੈ। ਨਾਵਲਕਾਰ ਨੇ ਆਮ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਦੀ ਪੇਸ਼ਕਾਰੀ ਬਾਖੂਬੀ ਕੀਤੀ ਹੈ ਕਿਵੇਂ ਨਸੀਬ ਤੇ ਹਰਬੰਸ ਦੀ ਵਿਆਹੁਤਾ ਜ਼ਿੰਦਗੀ ਤੇ ਹਰ ਇਕ ਘਟਨਾ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸ ਵਿਚ ਨਾਵਲਕਾਰ ਨੇ ਬੱਲੀ ਦੇ ਮਨ ਦੀ ਗੱਲ ਵੀ ਕੀਤੀ ਹੈ ਕਿਵੇਂ ਉਹ ਹਮੇਸ਼ਾ ਹੀ ਨਸੀਬ ਨਾਲ ਰਹਿਣ ਦੀ ਜ਼ਿਦ ਕਰਦਾ ਹੈ ਤੇ ਇਸ ਤਰ੍ਹਾਂ ਨਸੀਬ ਤੇ ਹਰਬੰਸ ਦੇ ਵਿਆਹੁਤਾ ਜੀਵਨ ਨੂੰ ਵੀ ਬਤੀਤ ਨਹੀਂ ਕੀਤਾ।

"ਨਸੀਬ ਅਜੇ ਨਾਈਟ ਗਾਊਨ ਵਿਚ ਹੀ ਸੀ। ਉਹ ਕੱਪੜੇ ਬਦਲ ਕੇ ਬੱਲੀ ਨੂੰ ਸਕੂਲ ਛੱਡਣ ਚਲੀ ਗਈ। ਜਦੋਂ ਉਹ ਵਾਪਸ ਮੁੜੀ ਤਾਂ ਹਰਬੰਸ ਥੱਲੇ ਪੌੜੀਆਂ ਵਿਚ ਖੜ੍ਹਾ ਉਸ ਦੀ ਉਡੀਕ ਕਰ ਰਿਹਾ ਸੀ। ਉਸ ਧਾਅ ਕੇ ਨਸੀਬ ਨੂੰ ਗਲਵਕੜੀ ਵਿਚ ਲਿਆ ਜਿਵੇਂ ਯੁੱਗਾਂ ਦਾ ਵਿਛੜਿਆ ਅੱਜ ਹੀ ਉਸ ਨੂੰ ਮਿਲਿਆ ਹੋਵੇ। ਨਸੀਬ ਨੇ ਵੀ ਆਪਣੀਆਂ ਬਾਹਾਂ ਉਸ ਦੇ ਗਲ਼ ਦੁਆਲੇ ਵਲ ਦਿੱਤੀਆਂ। ਅਛੋਪਲੇ ਹੀ ਉਸ ਨੇ ਨਸੀਬ ਨੂੰ ਆਪਣੀਆਂ ਬਾਹਾਂ 'ਤੇ ਉਠਾ ਲਿਆ ਤੇ ਪੌੜੀਆਂ ਚੜ੍ਹਦਾ ਹੋਇਆ ਚੁੱਕ ਕੇ ਮਾਸਟਰ ਬੈਡਰੂਮ ਵਿਚ ਲੈ ਆਇਆ।"[12]

ਇਸ ਨਾਵਲ ਵਿਚ ਮਾਂ-ਬਾਪ ਤੋਂ ਸੱਖਣੇ ਬੱਚੇ ਕਿਵੇਂ ਆਪਣਾ ਜੀਵਨ ਬਤੀਤ ਕਰਦੇ ਹਨ। ਉਹਨਾਂ ਨੂੰ ਅਨੇਕਾਂ ਤੰਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਕਈ ਵਾਰ ਤਾਂ ਉਹ ਗੁਨਾਹ ਦੀ ਦੁਨੀਆਂ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਨਾਵਲਕਾਰ ਨੇ ਨਾਵਲ ਵਿਚ ਵੱਖ-ਵੱਖ ਕਾਡਾਂ ਦੇ ਰਾਹੀਂ ਨਾਵਲ ਦਾ ਬਿਰਤਾਂਤ ਸਿਰਜਿਆਂ ਹੈ ਜੋ ਉਸ ਦੇ ਹਰ ਇਕ ਕਾਂਡ ਨੂੰ ਬਹੁਤ ਵਧੀਆਂ ਤਰੀਕੇ ਨਾਲ ਪੇਸ਼ ਕੀਤਾ ਹੈ ਜੋ ਨਾਵਲ ਵਿਚ ਬੇਬੀ ਸਿਟਰ ਦੇ ਜੀਵਨ ਬਾਰੇ ਕਹਾਣੀ ਪੇਸ਼ ਹੈ ਉਸੇ ਤਰ੍ਹਾਂ ਹੀ ਨਾਵਲਕਾਰ ਨੇ ਪਰਵਾਸ ਦੇ ਹਰ ਮਸਲੇ ਨੂੰ ਛੂਹਿਆਂ ਹੈ। ਨਾਵਲਕਾਰ ਨੇ ਇਸ ਵਿਚ ਹਰਬੰਸ ਦੇ ਹਰਚਰਨ ਦਾ ਆਪਣੇ ਭਰਾ ਦੀ ਪਤਨੀ ਦੇ ਪ੍ਰਤੀ ਮਾੜੀ ਸੋਚ ਨੂੰ ਵੀ ਬਿਆਨ ਕੀਤਾ ਹੈ ਕਿ ਉਹ ਨਸੀਬ ਨੂੰ ਚੰਗੀ ਨਹੀਂ ਸਮਝਦਾ। ਇਸ ਨਾਵਲ ਨਾਵਲਕਾਰ ਨੇ ਬਜ਼ੁਰਗਾਂ ਨਾਲ ਹੋ ਰਹੇ ਮਾੜੇ ਵਤੀਰੇ ਦੀ ਪੇਸ਼ਕਾਰੀ ਕੀਤੀ ਹੈ। ਨਾਵਲ ਵਿਚ ਪਰਵਾਸ ਦੇ ਕਾਨੂੰਨਾਂ ਬਾਰੇ ਵੀ ਪਾਠਕਾਂ ਦਾ ਧਿਆਨ ਦਿਵਾਇਆ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਪਾਤਰਾਂ ਤੇ ਵਾਰਤਾਲਾਪ ਵੀ ਬਿਰਤਾਂਤ ਨੂੰ ਅੱਗੇ ਤੋਰਨ ਵਿਚ ਸਹਾਈ ਹੁੰਦੀ ਹੈ ਜੋ ਨਸੀਬ ਤੇ ਜਦੋਂ ਉਹ ਵਿਆਹ ਤੋਂ ਵਾਪਸ ਆਉਂਦੇ ਹਨ ਤਾਂ ਉਹਨਾਂ ਦਾ ਐਕਸੀਡੈਂਟ ਹੋ ਜਾਂਦਾ ਹੈ ਤੇ ਪੁਲੀਸ ਉਹਨਾਂ ਦੇ ਬੱਚਿਆਂ ਨੂੰ ਪੁਲੀਸ ਆਪਣੇ ਕੋਲ ਲੈ ਜਾਂਦੇ ਹਨ ਤੇ ਬੱਚਿਆਂ ਨੂੰ ਉਹ

ਆਪਣੀ ਦੇਖ-ਰੇਖ ਵਿਚ ਰੱਖਦੇ ਹਨ। ਪਰਵਾਸ ਦੇ ਵਿੱਚ ਸਰਕਾਰ ਵੱਲੋਂ ਬੱਚਿਆਂ ਦੇ ਲਈ ਕਾਨੂੰਨ ਬਹੁਤ ਵਧੀਆਂ ਹਨ ਉਹ ਬੱਚਿਆਂ ਦੀ ਸਹਾਇਤਾ ਲਈ ਤੇ ਉਹਨਾਂ ਦੇ ਹੱਕਾਂ ਪ੍ਰਤੀ ਤਿਆਰ ਹਨ। ਪਰਵਾਸ ਵਿਚ ਜੋ ਵੈਲਫੇਅਰ ਹੈ ਉਹ ਬੱਚਿਆਂ ਦੇ ਮਨ ਵਿਚ ਉਹਨਾਂ ਦੇ ਮਾਂ-ਬਾਪ ਦੇ ਵਿਰੁੱਧ ਕਰਵਾਹਟ ਭਰਦੇ ਹਨ।

ਪਰਵਾਸ ਵਿਚ ਬੱਚਿਆਂ ਨੂੰ ਓਨਾ ਪਿਆਰ ਨਹੀਂ ਮਿਲਦਾ ਜਿਹਨਾਂ ਕਿ ਮਿਲਣਾ ਚਾਹੀਦਾ ਹੈ ਉੱਥੇ ਪੂਜੀਵਾਦ ਹੋਣ ਕਾਰਨ ਮਾਂ-ਬਾਪ ਕੋਲ ਐਨਾਂ ਸਮਾਂ ਵੀ ਨਹੀਂ ਕਿ ਉਹ ਬੱਚਿਆਂ ਦਾ ਧਿਆਨ ਰੱਖ ਸਕਣ। ਪੰਜਾਬ ਵਿਚ ਮੁੰਡੇ-ਕੁੜੀ ਦੇ ਫਰਕ ਨੂੰ ਪਰਵਾਸ ਵਿਚ ਵੀ ਉਸੇ ਤਰ੍ਹਾਂ ਹੀ ਪੇਸ਼ ਕੀਤਾ ਹੈ ਇਸ ਵਿਚ ਕੋਈ ਫਰਕ ਨਹੀਂ ਹੈ।

> "ਉਹਨੇ ਮੁੰਡੇ ਨੂੰ ਤਾਂ ਲਾਡਲਾ ਰੱਖਿਆ ਵਾ। ਕੁੜੀ ਨੂੰ ਹਰ ਵੇਲ਼ੇ ਝਿੜਕਦੀ ਤੇ ਗੱਲ ਗੱਲ 'ਤੇ ਟੋਕਦੀ ਮੈਨੂੰ ਉਪਰ ਸੁਣਦੀ ਆ। ਇਕ ਹੋਰ ਗੱਲ ਵੀ ਨੋਟ ਕਰਨ ਵਾਲੀ ਆ। ਮੁੰਡੇ ਦੇ ਚੜ੍ਹਦੇ ਤੋਂ ਚੜ੍ਹਦੇ ਮਹਿੰਗੇ ਕੱਪੜੇ ਪਾਏ ਹੁੰਦੇ ਆ ਤੇ ਕੁੜੀ ਦੇ ਸਸਤੇ ਤੇ ਸਾਦੇ ਜਿਹੇ! ਕੁੜੀ ਦੀ ਸ਼ਕਲ ਵੀ ਪਰਿਵਾਰ ਦੇ ਕਿਸੇ ਜੀਅ ਨਾਲ ਨਹੀਂ ਮਿਲਦੀ।"[13]

ਪਰਵਾਸ ਵਿਚ ਗੋਂਦ ਲਏ ਬੱਚਿਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਇਸ ਵਿਚ ਭੂਰੀ ਨਾਂ ਦੀ ਕੁੜੀ, ਇੱਧਰੋਂ ਸਿੰਮੀ ਜੋ ਹਰਬੰਸ ਦੇ ਭਰਾ ਦੀ ਕੁੜੀ ਹੈ ਉਸ ਨਾਲ ਵੀ ਨਸੀਬ ਵਿਤਕਰਾ ਕਰਦੀ ਹੈ। ਨਾਵਲਕਾਰ ਨੇ ਵਿਸ਼ਵ ਵਰਤਾਰੇ ਦੀ ਗੱਲ ਕੀਤੀ ਹੈ ਜਿਵੇਂ ਗੋਂਦ ਲਏ ਬੱਚਿਆਂ ਨਾਲ ਵਿਤਕਰਾ, ਕੁੜੀ-ਮੁੰਡੇ ਵਿਚ ਫਰਕ, ਰਿਸ਼ਤਿਆਂ ਵਿਚ ਗਿਰਾਵਟ ਆਦਿ ਨੂੰ ਬਿਆਨ ਕੀਤਾ ਹੈ। ਇਸ ਨਾਵਲ ਵਿਚ ਜਰਨੈਲ ਸਿੰਘ ਨੇ ਨਾਵਲ ਦੇ ਅਖੀਰ ਵਿਚ ਇਹ ਪੇਸ਼ ਕੀਤਾ ਹੈ ਕਿ ਬੱਲੀ ਜੋ ਹਰਬੰਸ ਨੂੰ ਆਪਣਾ ਪਿਤਾ ਨਹੀਂ ਸੀ ਮੰਨਦਾ ਪਰ ਜਦੋਂ ਬਲਵੰਤ ਵੱਲੋਂ ਨੋਟਿਸ ਭੇਜਣ ਤੇ ਨਸੀਬ ਡਰ ਦੇ ਕਾਰਨ ਰੋਣ ਲੱਗ ਜਾਂਦੀ ਹੈ ਤਾਂ ਉਸ ਵਕਤ ਬੱਲੀ ਨੂੰ ਸਮਝ ਆਉਂਦੀ ਹੈ ਤੇ ਉਹ ਹਰਬੰਸ ਨੂੰ ਆਪਣਾ ਪਿਤਾ ਮੰਨਦਾ ਹੈ।

ਜਰਨੈਲ ਸਿੰਘ ਸੇਖਾ ਇੱਕ ਅਜਿਹਾ ਗਲਪਕਾਰ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਕਹਾਣੀ ਨੂੰ ਇੱਕ ਸਾਰ ਬਿਆਨ ਕੀਤਾ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਪਰਵਾਸ ਵਿਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਆਧਾਰ ਬਣਾਇਆ ਹੈ। ਪੰਜਾਬੀਆਂ ਲਈ ਆਪਣੀ ਆਰਥਕਤਾ ਨੂੰ ਸੰਵਾਰਨ ਵਾਸਤੇ ਪਰਵਾਸ ਧਾਰਨ ਕਰਦੇ ਹਨ। ਨਾਵਲ ਵਿਚ ਕਹਾਣੀ ਵਿਚ ਪੰਜਾਬ ਵਿਚ ਫੈਲੇ ਅੱਤਵਾਦ ਦਾ ਵਰਣਨ ਹੈ। ਪਰਵਾਸ ਜਾਣ ਦੀ ਚਾਹਤ ਨੇ ਨੌਜਵਾਨਾਂ ਨੂੰ ਇਸ ਦਲ-ਦਲ ਵਿਚ ਧੱਕ ਦਿੱਤਾ ਕਿ ਉਹ ਹਰ ਤਰੀਕੇ ਨਾਲ ਪਰਵਾਸ ਧਾਰਨ ਕਰਨਾ ਚਾਹੁੰਦੇ ਹਨ। ਉਹ ਇਸ ਲਈ ਜ਼ਾਇਜ ਤੇ ਨਜ਼ਾਇਜ ਤਰੀਕੇ ਨਾਲ ਵਿਦੇਸ਼ ਵਿਚ ਸੈੱਟ ਹੋਣ ਦੀ ਚਾਹਤ ਰੱਖਦੇ ਹਨ। ਇਸ ਵਿਚ ਅਨੇਕਾਂ ਨੌਜਵਾਨਾਂ ਨੂੰ ਆਪਣੀ ਜਾਨ ਤੋਂ ਹੱਥ ਵੀ ਧੋਣਾ ਪੈਂਦਾ ਹੈ, ਇਸ ਲੁੱਟ-ਖਸੁੱਟ ਨਾਲ ਆਰਥਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਵਾਸ ਵਿਚ ਭਾਰਤੀਆਂ ਦਾ ਆਰਥਕ ਸ਼ੋਸ਼ਣ ਹੁੰਦਾ ਹੈ। ਇਸ ਦੇ ਬਾਵਜੂਦ ਉਹਨਾਂ ਨੂੰ ਪ੍ਰਵਾਸ ਵਿਚ ਸਖ਼ਤ ਮਿਹਨਤ ਕਰਨੀ ਪੈਂਦੀ ਹੈ, ਮੁਸ਼ਕਿਲ ਤੇ ਖਤਰਨਾਕ ਕੰਮ ਕਰਨੇ ਪੈਂਦੇ ਹਨ ਤੇ ਮਜਦੂਰੀ ਘੱਟ ਮਿਲਦੀ ਹੈ। ਚੌਕੀਦਾਰਾ ਤੇ ਟੈਕਸੀ ਚਲਾਉ ਦੇ ਕੰਮਾਂ ਵਿਚ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਵਿਚ ਨਾਵਲਕਾਰ ਨੇ ਨਾਵਲ ਦੇ ਬਿਰਤਾਂਤ ਵਿਚ ਸਾਰੇ ਪੱਖਾਂ ਨੂੰ ਬਿਆਨ ਕੀਤਾ ਹੈ। ਖਾਸ ਕਰਕੇ ਨਾਵਲਕਾਰ ਚੈਕੋਸਲਵਾਕੀਆ ਤੋਂ ਜਰਮਨੀ ਦੀ ਸਰਹੱਦ ਪਾਰ ਕਰਦੇ ਸਮੇਂ ਮੁਸ਼ਕਿਲਾ ਤੇ

ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਿਚ ਨਾਵਲਕਾਰ ਇਹਨਾਂ ਦੁਸ਼ਵਾਰੀਆਂ ਨੂੰ ਪਾਠਕਾਂ ਨਾਲ ਸਾਝਾ ਕਰਦਾ ਹੈ ਜਿਹਨਾਂ ਰਾਹੀ ਭਾਰਤੀ ਤੇ ਖਾਸ ਤੌਰ ਤੇ ਪੰਜਾਬੀ ਨੌਜਵਾਨਾਂ ਨੂੰ ਸਮਗਲ ਕੀਤਾ ਜਾਦਾ ਹੈ।

> "ਬਾਰਡਰ ਦੇ ਨਾਲ ਨਾਲ ਇਕ ਨਦੀ ਵੱਗਦੀ ਏ ਤੇ ਉਸਦੇ ਨਾਲ ਨਾਲ ਹੀ ਇਕ' ਸੜਕ ਬਣੀ ਹੋਈ ਏ। ਏਥੋਂ ਹੀ ਕਿਸੇ ਥਾਂ ਤੋਂ ਸਾਨੂੰ ਨਦੀ ਪਾਰ ਕਰਵਾਉਣੀ ਸੀ। ਸਾਨੂੰ ਰਾਤ ਦੇ ਹਨੇਰੇ ਵਿਚ ਕਿਸੇ ਥਾਂ ਉਤਾਰ ਦਿੱਤਾ ਤੇ ਵੈਨ ਵਾਪਸ ਮੁੜ ਗਈ ਸਾਡਾ ਗਾਈਡ ਪਹਾੜੀਆਂ ਵਿਚੋਂ ਦੀ ਨਦੀ ਦੇ ਨਾਲ ਨਾਲ ਤੋਰੀ ਜਾ ਰਿਹਾ ਸੀ। ਇਕ ਦੂਸਰੇ ਨਾਲ ਖਹਿੰਦੇ ਹੋਏ ਹੌਲੀ-ਹੌਲੀ ਗੱਲਾਂ ਕਰਦੇ ਅਸੀਂ ਤੁਰੇ ਜਾ ਰਹੇ ਸਾਂ ਕਿ ਦੂਰੋਂ ਸਾਡੇ ਵੱਲ ਵੱਧਦੀ ਹੋਈ ਰੌਸ਼ਨੀ ਦਿਸੀ। ਗਾਈਡ ਨੇ ਦੱਸਿਆ ਕਿ ਇਹ ਗਸ਼ਤੀ ਪੁਲੀਸ ਦਾ ਮੋਟਰਸਾਇਕਲ ਹੋ ਸਕਦਾ ਹੈ, ਏਧਰ ਉੱਧਰ ਛੁਪ ਜਾਓ। ਸਾਡੇ ਵਿਚ ਇਕਦਮ ਭਗਦੜ ਮੱਚ ਗਈ। ਅਣਜਾਣੇ ਵਿਚ ਚਾਰ ਪੰਜ ਮੁੰਡੇ ਨਦੀ ਵਾਲੇ ਪਾਸੇ ਦਰਖ਼ਤਾਂ ਵਿਚ ਛੁੱਪ ਜਾਣ ਲਈ ਭੱਜੇ, ਨਦੀ ਵੱਲ ਢਲਾਨ ਸੀ ਤੇ ਬਰਫ਼ ਵੀ ਪਈ ਹੋਈ ਸੀ ਸ਼ਾਇਦ ਉਨ੍ਹਾਂ ਦਾ ਬਰਫ਼ ਤੋਂ ਪੈਰ ਫਿਸਲ ਗਿਆ ਹੋਵੇ, ਸਾਨੂੰ ਉਨ੍ਹਾਂ ਦੀਆਂ ਚੀਕਾਂ ਹੀ ਸੁਣੀਆਂ ਫੇਰ ਉਹਨਾਂ ਦਾ ਕੋਈ ਪਤਾ ਨਹੀਂ ਲੱਗਾ ਕਿ ਕਿਧਰ ਛੁਪਣ ਹੋ ਗਏ।"[14]

ਨਾਵਲਕਾਰ ਨੇ ਨਾਵਲ ਵਿਚ ਨੌਜਵਾਨਾਂ ਦੀ ਪਰਵਾਸ ਵਿਚ ਹਾਲਤ ਨੂੰ ਬਿਆਨ ਕੀਤਾ ਹੈ, ਨਾਵਲਕਾਰ ਨੇ ਨਾਵਲ ਵਿਚ ਇੰਡਿਆਂ ਵਿਚ ਨੌਜਵਾਨਾਂ ਨਾਲ ਜੋ ਹੋਣੀ ਉਸ ਨਾਲ ਹੋਈ ਉਸਦਾ ਵਰਣਨ ਹੈ। ਇਸ ਵਿਚ ਪੇਸ਼ ਕੀਤਾ ਹੈ ਕਿ ਸੁਖਬੀਰ ਦਾ ਸੁਰੇਖਾ ਨਾਲ ਪਿਆਰ ਤੇ ਉਸਦੇ ਪਿਤਾ ਵੱਲੋਂ ਸੁਖਬੀਰ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਸਦਕਾ ਹੀ ਉਹ ਮਜ਼ਬੂਰੀ ਵੱਸ ਪਰਵਾਸ ਧਾਰਨ ਕਰਦਾ ਹੈ। ਉਹ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਹ ਪਰਵਾਸ ਤਾਂ ਧਾਰਨ ਕਰ ਲੈਂਦਾ ਹੈ ਪਰ ਬਹੁਤ ਮੁਸ਼ਿਕਲਾਂ ਨਾਲ। ਨਾਵਲਕਾਰ ਨੇ ਨਾਵਲ ਵਿਚ ਪ੍ਰੇਮ ਪ੍ਰਸੰਗਾਂ ਨੂੰ ਪ੍ਰਮੁੱਖ ਰੂਪ ਵਿਚ ਪੇਸ਼ ਕੀਤਾ ਹੈ। ਨਾਵਲਕਾਰ ਨੇ ਜੋ ਸੁਖਬੀਰ ਤੇ ਸੁਰੇਖਾ ਦੇ ਪਿਆਰ ਵਿਚ ਜ਼ਾਤ ਦੀ ਗੱਲ ਹੈ ਉਹ ਪੰਜਾਬ ਦਾ ਮਸਲਾ ਆਮ ਹੈ। ਪਰ ਸੁਰੇਖਾ ਤੇ ਸੁਖਬੀਰ ਦੋਵੇਂ ਇੱਕਠੇ ਜੀਵਨ ਬਤੀਤ ਕਰਨ ਦਾ ਫੈਸਲਾ ਕਰਦੇ ਹਨ। ਪਰ ਉਸਦੇ ਪਿਓ ਦਾ ਰੁਤਬਾ ਅੱਗੇ ਆ ਜਾਂਦਾ ਹੈ। ਪੰਜਾਬ ਵਿਚ ਜਾਤ-ਜਮਾਤ ਦਾ ਮਸਲਾ ਬਹੁਤ ਭਾਰੂ ਹੈ।

> "ਨੀ ਕੁੜੀਏ! ਹੋਸ਼ ਤੋਂ ਕੰਮ ਲੈ, ਉਹ ਜੱਟਾਂ ਦਾ ਮੁੰਡਾ ਐ। ਇਹ ਤੂੰ ਕਿਵੇਂ ਸੋਚ ਲਿਆ ਕਿ ਤੇਰੇ ਡੈਡੀ ਇਕ ਜੱਟ ਸਿੱਖ ਮੁੰਡੇ ਨਾਲ ਤੇਰਾ ਵਿਆਹ ਕਰਨ ਲਈ ਮੰਨ ਜਾਵੇਗਾ? ਨੀਂ ਇਹ ਸਿੱਖ ਤਾਂ ਦਰਿੰਦੇ। ਤੈਨੂੰ ਪਤਾ, ਕਿਵੇਂ ਇਨ੍ਹਾਂ ਨੇ ਹਿੰਦੂਆਂ ਨੂੰ ਬੱਸਾਂ, ਰੇਲਾਂ 'ਚੋਂ ਕੱਢ ਕੇ ਮਾਰਿਆ ਏ।"[15]

ਸੁਖਬੀਰ ਸੁਰੇਖਾ ਦੇ ਪਿਆਰ ਕਰਕੇ ਉਹ ਪਰਵਾਸ ਧਾਰਨ ਕਰਦਾ ਹੈ ਤੇ ਉੱਥੋਂ ਜਾ ਕੇ ਜਦੋਂ ਉਹ ਜਰਮਨ ਵਿਚ ਡਰੈਸਲਰ ਨਾਂ ਦੀ ਕੁੜੀ ਨਾਲ ਉਸਦੀ ਮੁਲਾਕਾਤ ਹੁੰਦੀ ਹੈ। ਸੁਖਬੀਰ ਡਰੈਸਲਰ ਦੇ ਹੋਟਲ ਵਿਚ ਕੰਮ ਕਰਦਾ ਹੈ ਤੇ ਹੌਲੀ-ਹੌਲੀ ਉਹਨਾਂ ਦੀ ਜਾਨ-ਪਹਿਚਾਣ ਵੱਧ ਜਾਂਦੀ ਹੈ ਪਰ ਉਸਦੇ ਪਿਤਾ ਨੂੰ ਇਹ ਨਹੀਂ ਮਨਜ਼ੂਰ ਸੀ ਤੇ ਉਹ ਸੁਖਬੀਰ ਨਾਲ ਨਸਲੀ ਵਿਤਕਰਾ ਕਰਦਾ ਹੈ। ਇਸ ਵਿਚ ਨਾਵਲਕਾਰ ਨੇ ਪਰਵਾਸ ਵਿਚ ਨਸਲੀ ਵਿਤਕਰੇ ਨੂੰ ਵੀ ਪੇਸ਼ ਕੀਤਾ ਹੈ।

ਇਸ ਵਿਚ ਘਟਨਾਵਾਂ ਦੇ ਰਾਹੀਂ ਗੁਰਦੁਆਰਿਆਂ ਵਿਚ ਹੋ ਰਹੀਂ ਰਾਜਨੀਤੀ ਦਾ ਵੀ ਬਿਆਨ ਕੀਤਾ ਹੈ। ਪਰਵਾਸ ਵਿਚ ਨਵੇਂ ਗਏ ਬੰਦਿਆਂ ਵੱਲੋਂ ਆਪਣੇ ਹੀ ਬੰਦਿਆਂ ਦਾ ਸ਼ੋਸ਼ਣ ਕੀਤਾ ਜਾਦਾ ਹੈ।

> "ਠੀਕ ਏ। ਜੇ ਤੈਨੂੰ ਪੇ ਰੋਲ 'ਤੇ ਪਾ ਦਿੱਤਾ ਜਾਵੇ ਤਾਂ ਤੇਰੀ ਗਰੌਸ ਇੰਕਮ ਬਣੂ ਕੋਈ ਹਜ਼ਾਰ ਕੁ ਡਾਲਰ ਮਹੀਨਾ। ਵਿਚੋਂ ਢਾਈ ਕੁ ਸੌ ਕੱਟਿਆ ਜਾਊ ਟੈਕਸਾਂ ਦਾ ਮਿਲਣੈ ਤੈਨੂੰ ਫੇਰ ਵੀ ਵੈਲ ਫੇਅਰ ਜਿੰਨੇ ਹੀ ਨੇ। ਪੇ ਰੋਲ 'ਤੇ ਪਾਉਣ ਨਾਲ ਵੈਲ ਫੇਅਰ ਤੇਰੀ ਬੰਦ ਹੋ ਜਾਣੀ ਏ। ਸੋਚ ਲੈ।"[16]

ਪਰਵਾਸ ਵਿਚ ਰਹਿੰਦੇ ਮਨੁੱਖ ਦੋਹਰਾ ਕਿਰਦਾਰ ਨਿਭਾਉਂਦੇ ਹਨ ਤੇ ਇਕ ਦੂਜੇ ਨਾਲ ਵਿਤਕਰਾ ਕਰਦੇ ਹਨ। ਪਰ ਨਾਵਲ ਵਿਚ ਮੁੱਖ ਪਾਤਰ ਵੀ ਸੁਰੇਖਾ ਤੇ ਡਰੈਸਲਰ ਨਾਲ ਧੋਖਾ ਕਰਦਾ ਹੈ ਉਹ ਦੋਵਾਂ ਨਾਲ ਹੀ ਪਿਆਰ ਦਾ ਦਿਖਾਵਾਂ ਕਰਦਾ ਹੈ। ਉਹ ਆਪਣੀ ਲੋੜ ਲਈ ਡਰੈਸਲਰ ਨਾਲ ਜੁੜਿਆਂ ਰਹਿੰਦਾ ਹੈ ਤੇ ਇਕ ਪਾਸੇ ਡਰੈਸਲਰ ਨਾਲ ਧੋਖਾ ਕਰਦਾ ਹੈ ਤੇ ਦੂਜੇ ਪਾਸੇ ਸੁਰੇਖਾ ਨਾਲ। ਨਾਵਲ ਡਰੈਸਲਰ ਆਪਣੇ ਕੰਮ ਦੀ ਪ੍ਰਵਾਹ ਵੀ ਨਹੀਂ ਕਰਦੀ ਤੇ ਆਪਣੇ ਪਿਤਾ ਦੇ ਕਹਿਣ ਤੇ ਵੀ ਉਹ ਸੁਖਬੀਰ ਨੂੰ ਨਹੀਂ ਛੱਡਦੀ। ਉਹ ਹਰ ਸਮੇਂ ਉਸਦੀ ਸਹਾਇਤਾ ਕਰਦੀ ਹੈ ਤੇ ਸੁਖਬੀਰ ਉਸਤੇ ਭਰੋਸਾਂ ਨਹੀਂ ਕਰਦਾ। ਡਰੈਸਲਰ ਸੁਖਬੀਰ ਲਈ ਪੰਜਾਬੀ ਵੀ ਸਿੱਖ ਲੈਂਦੀ ਹੈ ਤੇ ਉਸ ਲਈ ਪੰਜਾਬੀ ਪਹਿਰਾਵਾਂ ਵੀ ਪਾਉਂਦੀ ਹੈ। ਨਾਵਲਕਾਰ ਨੇ ਇਸ ਵਿਚ ਵਿਦੇਸ਼ਾ ਵਿਚ ਪੰਜਾਬੀ ਕੌਮ ਨਾਲ ਪਿਆਰ ਦਾ ਵਰਣਨ ਕੀਤਾ ਹੈ ਜੋ ਨਾਵਲ ਵਿਚ ਨਾਵਲਕਾਰ ਨੇ ਚੰਗੇ ਭਾਤ ਦਾ ਬਿਰਤਾਂਤ ਸਿਰਜਿਆਂ ਹੈ। ਨਾਵਲਕਾਰ ਨੇ ਨਾਵਲ ਵਿਚ ਸਮੇਂ ਤੇ ਉਸ ਸਮੇਂ ਦੀ ਹਾਲਤ ਦੇ ਅਨੁਸਾਰ ਪਾਤਰਾਂ ਦਾ ਵਰਤਾਅ ਬਿਲਕੁਲ ਸਧਾਰਨ ਲੱਗਦਾ ਹੈ। ਨਾਵਲ ਦੀ ਇਹੀ ਵਿਧੀ ਨਾਵਲਕਾਰ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਅਜਿਹੇ ਪੰਜਾਬੀ ਪਾਤਰਾਂ ਦੀ ਸਿਰਜਣਾ ਕੀਤੀ ਹੈ ਜੋ ਅਜਿਹਾ ਕਿਰਦਾਰ ਹੈ ਜੋ ਆਪਣੇ ਮਾਨਵੀ ਮੁੱਲਾਂ ਤੋਂ ਭੱਜਿਆਂ ਅਤੇ ਡਿੱਗਿਅ ਹੋਇਆ ਹੈ। ਇਸ ਵਿਚ ਜਦੋਂ ਡਰੈਸਲਰ ਨੂੰ ਸੁਰੇਖਾ ਤੇ ਸੁਖਬੀਰ ਦੇ ਪਿਆਰ ਬਾਰੇ ਪਤਾ ਲੱਗਦਾ ਹੈ ਤਾਂ ਉਹ ਸੁਖਬੀਰ ਨੂੰ ਛੱਡ ਕੇ ਚਲੀ ਜਾਂਦੀ ਹੈ। ਉੱਧਰ ਪੰਜਾਬ ਵਿਚ ਸੁਰੇਖਾ ਤੇ ਮੈਡਮ ਪਾਲ ਵੀ ਸੁਖਬੀਰ ਨਾਲ ਰਿਸ਼ਤਾ ਖਤਮ ਕਰ ਲੈਂਦੇ ਹਨ। ਨਾਵਲ ਦੇ ਅੰਤ ਵਿਚ ਸੁਖਬੀਰ ਚੌਰਾਹੇ ਤੇ ਕਾਰ ਲੈ ਕੇ ਖੜਾ ਹੈ ਇਹ ਇਕ ਸੰਕੇਤਕ ਹੈ ਕਿਉਂਕਿ ਕੋਈ ਵੀ ਵਿਅਕਤੀ ਚੌਰਾਹੇ ਤੇ ਬਹਤਾ ਦੇਰ ਖੜਾ ਨਹੀਂ ਰਹਿ ਸਕਦਾ ਉਸ ਨੂੰ ਇਕ ਰਾਹ ਚੁਣਨਾ ਹੀ ਪੈਂਦਾ ਹੈ।

ਇਸ ਪ੍ਰਕਾਰ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਰਾਹੀਂ ਪਰਵਾਸ ਦੀਆਂ ਮੁਸ਼ਿਕਲਾ ਨੂੰ ਬਿਆਨ ਕੀਤਾ ਹੈ ਉਹਨਾਂ ਨੇ ਪਰਵਾਸੀ ਸਮਾਜ ਵਿਚੋਂ ਮਸਲਿਆਂ ਨੂੰ ਆਪਣੇ ਨਾਵਲਾਂ ਰਾਹੀਂ ਪੇਸ਼ ਕੀਤੇ ਹਨ। ਜਰਨੈਲ ਸਿੰਘ ਸੇਖਾ ਨੇ ਪਰਵਾਸ ਵਿਚ ਰਹਿ ਰਹੇ ਲੋਕਾਂ ਦੇ ਮਨਾਂ ਦੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਹੈ। ਪਰਵਾਸ ਵਿਚ ਜੋ ਪਰਵਾਸੀ ਪੰਜਾਬੀ ਲੋਕਾਂ ਨਾਲ ਦੁਸ਼ਵਾਰੀਆਂ ਹੁੰਦੀਆਂ ਹਨ। ਉਹਨਾਂ ਦੀ ਦੁੱਖ ਤਕਲੀਫ ਨੂੰ ਜਰਨੈਲ ਸਿੰਘ ਸੇਖਾ ਨੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ ਇਕ ਅਜਿਹਾ ਜਗਤ ਜੋ ਇਕ ਸੁਪਨ ਸੰਸਰ ਵਾਂਗ ਪ੍ਰਤੀਤ ਹੁੰਦਾ ਹੈ ਉਸ ਤੋਂ ਮਨੁੱਖ ਨੂੰ ਰੂ-ਬਰੂ ਕਰਵਾਇਆ ਹੈ। ਜਰਨੈਲ ਸਿੰਘ ਸੇਖਾ ਨੇ ਆਪਣੇ ਚਾਰਾਂ ਨਾਵਲਾਂ ਵਿਚ ਪਰਵਾਸ ਦੇ ਸਰੋਕਾਰਾਂ ਦੀ ਪੇਸ਼ਕਾਰੀ ਕਰਕੇ ਸਾਹਿਤ ਵਿਚ ਇਕ ਨਿਵੇਕਲਾ ਵਾਧਾ ਕੀਤਾ ਹੈ।

## ਹਵਾਲੇ ਤੇ ਟਿੱਪਣੀਆਂ:

[1] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 11

[2] ਉਹੀ, ਪੰਨਾ 11

[3] ਜਰਨੈਲ ਸਿੰਘ ਸੇਖਾ, ਪੰਨਾ 158

[4] ਜਰਨੈਲ ਸਿੰਘ ਸੇਖਾ, ਵਿਗੋਚਾ, ਪੰਨਾ 273

[5] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 42

[6] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 43

[7] ਉਹੀ, ਪੰਨਾ 100-101

[8] ਉਹੀ, ਪੰਨਾ 103

[9] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 115

[10] ਜਰਨੈਲ ਸਿੰਘ ਸੇਖਾ, ਦੁਨੀਆ ਕੈਸੀ ਹੋਈ, ਪੰਨਾ 160

[11] ਜਰਨੈਲ ਸਿੰਘ ਸੇਖਾ, ਬੇਗਾਨੇ, ਪੰਨਾ 31

[12] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 66

[13] ਜਰਨੈਲ ਸਿੰਘ ਸੇਖਾ, ਬੇਗਾਨੇ, ਪੰਨਾ 175

[14] ਜਰਨੈਲ ਸਿੰਘ ਸੇਖਾ, ਭਗੌੜਾ, ਪੰਨਾ 22–23

[15] ਜਰਨੈਲ ਸਿੰਘ ਸੇਖਾ, ਭਗੋੜਾ, ਪੰਨਾ 19

[16] ਉਹੀ, ਪੰਨਾ – 98

# ਸਥਾਪਨਾਵਾਂ ਤੇ ਸਿੱਟੇ

ਨਾਵਲ ਸਾਹਿਤ ਦੀ ਇਕ ਵਿਧਾ ਹੈ ਜਿਸ ਵਿਚ ਸਾਰੀ ਕਹਾਣੀ ਨੂੰ ਇਕ ਲੰਮੇ ਬਿਰਤਾਂਤ ਵਿਚ ਪੇਸ਼ ਕੀਤਾ ਜਾਂਦਾ ਹੈ। ਨਾਵਲ ਜੀਵਨ ਦੀ ਪੇਸ਼ਕਾਰੀ ਹੈ ਅਤੇ ਘਟਨਾਵਾਂ ਦਾ ਇੱਕ ਲੰਮਾ ਕਾਲ ਵਿਚ ਪੇਸ਼ ਕੀਤਾ ਜਾਂਦਾ ਹੈ। ਸਾਰੀਆਂ ਘਟਨਾਵਾਂ ਸਮੇਂ ਤੇ ਸਥਾਨ 'ਤੇ ਆਧਰਿਤ ਹੋ ਕੇ ਚੱਲਦੀਆਂ ਹਨ। ਜੀਵਨ ਦਾ ਇਕ ਸਜੀਵ ਚਿੱਤਰ ਪੇਸ਼ ਕਰਨ ਲਈ ਨਾਵਲਕਾਰ ਪਲਾਟ, ਪਾਤਰ-ਉਸਾਰੀ, ਵਾਰਤਾਲਾਪ, ਉਦੇਸ਼ ਜਾਂ ਮੰਤਵ, ਸ਼ੈਲੀ ਆਦਿ ਦਾ ਸਹਾਰਾ ਲੈਂਦਾ ਹੈ। ਹਰ ਨਾਵਲਕਾਰ ਦੀ ਆਪਣੀ ਸ਼ੈਲੀ ਹੁੰਦੀ ਹੈ ਜਿਸ ਰਾਹੀਂ ਉਹ ਆਪਣੀ ਰਚਨਾ ਨੂੰ ਵਧੀਆ ਬਣਾਉਣ ਦਾ ਯਤਨ ਕਰਦਾ ਹੈ। ਸਰਲ ਪਰ ਅਸਰਦਾਰ ਭਾਸ਼ਾ, ਸੁਚੱਜੀ ਪਾਤਰ-ਚੋਣ ਅਤੇ ਚਿਤਰਨ, ਗੁੰਦਵਾਂ ਬਿਰਤਾਂਤ ਅਤੇ ਢੁਕਵੀਂ ਭਾਸ਼ਾ ਸ਼ੈਲੀ ਇੱਕ ਚੰਗੇ ਨਾਵਲ ਨੂੰ ਜਨਮ ਦਿੰਦੀ ਹੈ। ਪੰਜਾਬੀ ਦਾ ਪਹਿਲਾ ਨਾਵਲਕਾਰ ਭਾਈ ਵੀਰ ਸਿੰਘ ਨੂੰ ਮੰਨਿਆ ਜਾਂਦਾ ਹੈ ਭਾਵੇਂ ਕਿ ਪੰਜਾਬੀ ਨਾਵਲ ਦਾ ਮੁੱਢ ਅਨੁਵਾਦਤ ਨਾਵਲਾਂ ਨਾਲ ਹੀ ਬੱਝਿਆ ਹੈ। ਉਪਰੰਤ ਪੰਜਾਬੀ ਵਿਚ ਨਾਵਲ ਵਿਚ ਨਾਨਕ ਸਿੰਘ, ਭਾਈ ਮੋਹਨ ਸਿੰਘ ਵੈਦ, ਮਾਸਟਰ ਤਾਰਾ ਸਿੰਘ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਸੰਤ ਸਿੰਘ ਸੇਖੋਂ, ਮੋਹਨ ਕਾਹਲੋਂ, ਈਸ਼ਰ ਸਿੰਘ ਈਸ਼ਰ ਆਦਿ ਅਨੇਕਾਂ ਨਾਵਲਕਾਰਾਂ ਨੇ ਨਾਵਲ ਵਿਚ ਯੋਗਦਾਨ ਦਿੱਤਾ। ਪੰਜਾਬੀ ਨਾਵਲ ਵਿਚ ਸਮੇਂ ਸਮੇਂ ਤੇ ਜਿਵੇਂ-ਜਿਵੇਂ ਬਦਲਾਵ ਆਉਂਦਾ ਗਿਆ ਉਵੇਂ-ਉਵੇਂ ਹੀ ਨਾਵਲ ਵਿਚ ਵੱਖ-ਵੱਖ ਪ੍ਰਵਿਰਤੀਆਂ ਪੈਦਾ ਹੋਈਆਂ ਜਿਵੇਂ-ਧਾਰਮਕ ਸੁਧਾਰਵਾਦੀ ਪ੍ਰਵਿਰਤੀ, ਪ੍ਰਗਤੀਵਾਦੀ ਪ੍ਰਵਿਰਤੀ, ਵਿਅਕਤੀਵਾਦੀ ਆਦਰਸ਼ਵਾਦੀ ਪ੍ਰਵਿਰਤੀ ਆਦਿ। ਇਸੇ ਅਧੀਨ ਪੰਜਾਬੀ ਨਾਵਲ ਵਿਚ ਪਰਵਾਸੀ ਨਾਵਲ ਦੀ ਪ੍ਰਵਿਰਤੀ ਹੋਂਦ ਵਿਚ ਆਈ ਜਿਸ ਵਿਚ ਪਰਦੇਸੀਂ ਵਸੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਸਮਝਣ ਤੇ ਉਹਨਾਂ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਨ ਦਾ ਯਤਨ ਕੀਤਾ ਗਿਆ। ਬਹੁਤਾ ਪਰਵਾਸੀ ਪੰਜਾਬੀ ਨਾਵਲ ਯਥਾਰਥਵਾਦੀ ਦ੍ਰਿਸ਼ਟੀ ਤੋਂ ਹੀ ਲਿਖਿਆ ਗਿਆ ਹੈ। ਇਹਨਾਂ ਨਾਵਲਾਂ ਵਿਚ ਆਪਣੀ ਜਨਮ ਭੂਮੀ ਪ੍ਰਤੀ ਉਦਰੇਵਾਂ, ਆਪਣੇ ਸੱਭਿਆਚਾਰ ਪ੍ਰਤੀ ਮੋਹ ਵੀ ਹੈ ਨਾਲ ਹੀ ਪੱਛਮੀ ਜੀਵਨ ਵਿਚ ਭੋਗੇ ਕਸ਼ਟਾਂ ਤੇ ਨਸਲਵਾਦ ਦੀਆਂ ਸਮੱਸਿਆਂ ਦਾ ਵੀ ਜ਼ਿਕਰ ਹੈ। ਪਰਵਾਸੀ ਨਾਵਲਕਾਰਾਂ ਵਿਚ ਪ੍ਰੱਮੁਖ ਨਾਵਲਕਾਰ ਸਵਰਨ ਚੰਦਨ, ਦਰਸ਼ਨ ਧੀਰ, ਰਘੁਬੀਰ ਢੰਡ, ਹਰਜੀਤ ਅਟਵਾਲ, ਸਾਧੂ ਬਿਨਿੰਗ, ਨਕਸ਼ਦੀਪ ਪੰਜਕੋਹਾ, ਜਰਨੈਲ ਸਿੰਘ, ਸਵਰਨ ਚੰਦਨ, ਦਰਸ਼ਨ ਧੀਰ ਤੇ ਜਰਨੈਲ ਸਿੰਘ ਸੇਖਾ ਆਦਿ ਹਨ। ਇਹਨਾਂ ਨਾਵਲਕਾਰਾਂ ਨੇ ਪਰਵਾਸ ਵਿਚ ਬੈਠੇ ਮਨੁੱਖ ਦੀ ਬਾਤ ਪਾਈ ਹੈ ਤੇ ਉਹ ਅਨੁਭਵ ਬਿਆਨ ਕੀਤਾ ਹੈ ਜੋ ਉਨ੍ਹਾਂ ਨੇ ਨਵੇਂ-ਨਵੇਂ ਖਿੱਤਿਆਂ, ਦੇਸ਼ਾਂ, ਖਾੜੀਆਂ ਅਤੇ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚੋਂ ਪ੍ਰਾਪਤ ਕੀਤਾ। ਪੰਜਾਬੀਆਂ ਵਿਚ ਨਵੀਆਂ ਧਰਤੀ ਨੂੰ ਦੇਖਣ ਦੀ ਖਿੱਚ ਹੋਰਨਾਂ ਦੇ ਮੁਕਾਬਲੇ ਕੁਝ ਜ਼ਿਆਦਾ ਹੀ ਹੈ ਜਿਸ ਕਾਰਨ ਉਹ ਹਰ ਹਾਲਤ ਵਿਚ ਪਰਵਾਸ ਧਾਰਨ ਲਈ ਤਿਆਰ ਹੋ ਜਾਂਦੇ ਹਨ, ਉਹ ਹਰ ਜਾਇਜ਼ ਜਾਂ ਨਜਾਇਜ਼ ਢੰਗ ਰਾਹੀਂ ਆਪਣੇ ਪਰਵਾਸੀ ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਸਦਾ ਕਾਰਨ ਪੱਛਮ ਦੀ ਚਕਾ-ਚੌਂਧ ਹੈ। ਪੰਜਾਬੀਆਂ ਦੇ ਮੁਢਲੇ ਪਰਵਾਸ ਦਾ ਕਾਰਨ ਭਾਵੇਂ ਆਰਥਕਤਾ ਹੀ ਸੀ ਪਰ ਅਜੋਕਾ ਪਰਵਾਸ ਬਹੁਕੋਣੀ ਹੈ। ਆਪਣੇ ਸੁਪਨ ਸੰਸਾਰ ਦੀ ਪ੍ਰਾਪਤੀ ਹਿੱਤ ਧਾਰਿਆ ਪਰਵਾਸ ਜਦੋਂ ਯਥਾਰਥ ਨਾਲ ਟਕਰਾ ਕੇ ਮੁਸ਼ਕਿਲਾਂ ਭਰੇ ਜੀਵਨ ਦੇ

ਰੂਪ ਵਿਚ ਸਾਹਮਣੇ ਆਉਂਦਾ ਹੈ ਤਾਂ ਪਰਵਾਸੀ ਮਨੁੱਖ ਪੀੜਗ੍ਰਸਥ ਹੋ ਜਾਂਦਾ ਹੈ ਜਿਸਦੀ ਪੇਸ਼ਕਾਰੀ ਪਰਵਾਸੀ ਸਾਹਿਤ ਦਾ ਮੂਲ ਧੁਰਾ ਹੈ।

ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਰਾਹੀਂ ਪਰਵਾਸੀ ਜੀਵਨ ਦੀ ਪੇਸ਼ਕਾਰੀ ਬੜੀ ਯਥਾਰਥਕਤਾ ਨਾਲ ਕੀਤੀ ਹੈ ਜਿਸਦਾ ਕਾਰਨ ਸ਼ਾਇਦ ਉਹਨਾਂ ਦਾ ਪਰਵਾਸ ਵਿਚ ਰਹਿੰਦੇ ਹੋਣ ਕਰਕੇ ਉੱਥੋਂ ਦੇ ਜੀਵਨ ਨੂੰ ਆਪਣੇ ਪਿੰਡੇ ਦੇ ਹੰਢਾਇਆ ਹੋਣਾ ਹੈ। ਉਹਨਾਂ ਨੇ ਆਪਣੇ ਨਾਵਲਾਂ ਰਾਹੀਂ ਇਹ ਦਰਸਾਇਆ ਹੈ ਕਿ ਕਿਵੇਂ ਪਰਵਾਸੀ ਆਪਣੀ ਧਰਤੀ ਪੰਜਾਬ ਵਾਪਿਸ ਨੂੰ ਆਉਣ ਲਈ ਤਰਸਦੇ ਹਨ ਪਰ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਉਹ ਆਪਣਾ ਇਹ ਸੁਪਨਾ ਵੀ ਕਈ ਕਈ ਸਾਲ ਪੂਰਾ ਨਹੀਂ ਕਰ ਪਾਉਂਦੇ। ਜਰਨੈਲ ਸਿੰਘ ਦਾ ਸਬੰਧ ਮਾਲਵੇ ਖੇਤਰ ਨਾਲ ਹੈ ਉਹ ਇਕ ਛੋਟੀ ਕਿਰਸਾਨੀ ਨਾਲ ਸਬੰਧਤ ਹੈ ਤੇ ਉਹਨਾਂ ਨੇ ਆਪਣੇ ਜੀਵਨ ਵਿਚ ਬਹੁਤ ਸੰਘਰਸ਼ ਕੀਤਾ ਤੇ ਆਪਣੀ ਪੜ੍ਹਾਈ ਨੂੰ ਪੂਰਾ ਕਰਨ ਲਈ ਵੀ ਅਨੇਕਾਂ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪਿਆ ਤੇ ਉਹਨਾਂ ਦੇ ਘਰਦਿਆਂ ਦੀ ਹਾਲਤ ਚੰਗੀ ਨਾ ਹੋਣ ਕਾਰਨ ਉਹਨਾਂ ਨੇ ਬਚਪਨ ਵਿਚ ਵੀ ਤੰਗੀਆਂ ਤੇ ਤੁਰਸ਼ੀਆਂ ਦਾ ਸਾਹਮਣਾ ਕਰਨਾ ਪਿਆ ਪਰ ਫਿਰ ਵੀ ਉਹਨਾਂ ਨੇ ਆਪਣੀ ਪੜ੍ਹਾਈ ਨਾ ਛੱਡੀ ਤੇ ਹਾਈ ਸਕੂਲ ਦੀ ਪੜ੍ਹਾਈ ਨੂੰ ਪੂਰਾ ਕੀਤਾ। ਫਿਰ ਉਹਨਾਂ ਗਿਆਨੀ ਦੀ ਪੜ੍ਹਾਈ ਪੂਰੀ ਕਰਕੇ ਇਕ ਅਧਿਆਪਕ ਵੱਜੋਂ ਨੌਕਰੀ ਕੀਤੀ। ਉਹਨਾਂ ਨੇ ਸਾਹਿਤ ਪੜ੍ਹਣ ਦੀ ਰੁਚੀ ਸਕੂਲ ਸਮੇਂ ਤੋਂ ਹੀ ਪੈਦਾ ਹੋ ਗਈ ਤੇ ਇਸ ਰੁਚੀ ਨੇ ਹੀ ਉਹਨਾਂ ਨੂੰ ਇਕ ਚੰਗਾ ਨਾਵਲਕਾਰ ਵੱਜੋਂ ਸਥਾਪਿਤ ਹੋਣ ਵਿਚ ਆਪਣਾ ਯੋਗਦਾਨ ਦਿੱਤਾ। ਰਚਨਾਵਾਂ ਛਪਵਾਉਣ ਦੀ ਸਮਰੱਥਾ ਨਾ ਹੋਣ ਕਾਰਨ ਉਹਨਾਂ ਰਚਨਾਵਾਂ ਨੂੰ ਰਸਾਲਿਆਂ ਵਿਚ ਛਪਵਾ ਲੈਂਦੇ ਸਨ। ਇਸ ਤੋਂ ਬਾਅਦ ਉਹਨਾਂ ਨੇ ਪਹਿਲਾਂ ਕਹਾਣੀਆਂ ਦੀ ਰਚਨਾ ਕੀਤੀ 'ਉਦਾਸੇ ਬੋਲ' ਛਪੀ ਇਸ ਤੋਂ ਪਿੱਛੋਂ ਉਹ ਕੈਨੇਡਾ ਪਰਵਾਸ ਧਾਰਨ ਕਰ ਗਏ ਉਹਨਾਂ ਨੂੰ ਉੱਥੇ ਜਾ ਕੇ ਖੇਤ ਵਿਚ ਕੰਮ ਕਰਨਾ ਪਿਆ ਕੰਮ ਕਰਦੇ ਹੋਏ ਉਹਨਾਂ ਨੇ ਪਰਵਾਸ ਦੇ ਜੀਵਨ ਨੂੰ ਹੰਢਾਇਆ ਅਤੇ ਪਰਵਾਸ ਦੀਆਂ ਮੁਸ਼ਿਕਲਾ ਨੂੰ ਵੀ ਬਤੀਤ ਕੀਤਾ ਤੇ ਪਰਵਾਸ ਵਿਚ ਖੇਤ ਮਜ਼ਦੂਰਾਂ ਨਾਲ ਹੋ ਰਹੇ ਸ਼ੋਸ਼ਣ ਤੇ ਨਿੱਜੀ ਅਨੁਭਵ ਨਾਲ ਦੁਨੀਆ ਕੈਸੀ ਹੋਈ, ਭਗੌੜਾ, ਵਿਗੋਚਾ ਤੇ ਬੇਗਾਨੇ ਨਾਵਲ ਵਿਚ ਪਰਵਾਸ ਦੀ ਪੇਸ਼ਕਾਰੀ ਕੀਤੀ ਹੈ।

ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਸਰੋਕਾਰ-ਭੂ-ਹੇਰਵਾ, ਪੀੜ੍ਹੀ-ਪਾੜਾ, ਨਸਲੀ ਵਿਤਕਰਾ, ਰਿਸ਼ਤਿਆਂ ਵਿਚ ਤਣਾਓ, ਸੱਭਿਆਚਾਰਕ ਤਣਾਅ, ਮਾਨਸਿਕ ਤਣਾਅ, ਮਨੁੱਖ ਦਾ ਅਮਾਨਵੀਕਰਨ, ਜਿਨਸੀ ਸਬੰਧਾਂ ਦੀ ਪੇਸ਼ਕਾਰੀ, ਬਦਲਦੇ ਰਿਸ਼ਤੇ, ਬਜ਼ੁਰਗਾਂ ਦੀ ਹਲਾਤ, ਇਤਿਹਾਸ ਦੀ ਪੇਸ਼ਕਾਰੀ, ਮਜ਼ਬੂਰੀ ਵੱਸ ਪਰਵਾਸ ਧਾਰਨ ਕਰਨਾ, ਆਰਥਕ ਮਜ਼ਬੂਰੀ ਕਾਰਨ ਟੁੱਟਦੇ ਰਿਸ਼ਤੇ, ਪੈਸੇ ਦੀ ਪ੍ਰਧਾਨਤਾ, ਆਰਥਕ ਲੁੱਟ-ਖਸੁੱਟ, ਪੁਲਿਸ 'ਤੇ ਰਾਜਨੀਤਕ ਪ੍ਰਭਾਵ, ਪੁਲਿਸ ਦੀਆਂ ਵਧੀਕੀਆਂ, ਪੁਲੀਸ ਵੱਲੋਂ ਸਤਾਏ ਮੁੰਡਿਆਂ ਦੇ ਜੀਵਨ ਦੀ ਪੇਸ਼ਕਾਰੀ, ਮਨੁੱਖੀ ਸਮਗਲਿੰਗ, ਪਰਵਾਸ ਦੇ ਨਰਮ ਕਾਨੂੰਨ, ਗੁਰਦਆਰਿਆਂ ਵਿਚ ਰਾਜਨੀਤੀ ਆਦਿ ਵਿਸ਼ਿਆਂ ਰਾਹੀ ਪਰਵਾਸੀ ਸਮਾਜ ਵਿਚਲੇ ਜੀਵਨ ਦੀ ਪੇਸ਼ਕਾਰੀ ਕੀਤੀ ਹੈ। ਸਮੇਂ ਅਤੇ ਸਥਿਤੀ ਦੀ ਤਬਦੀਲੀ ਨਾਲ ਮਾਨਸਿਕਤਾ ਵਿਚ ਤਬਦੀਲੀ ਆਉਂਦੀ ਹੈ ਤੇ ਰਿਸ਼ਤਿਆਂ ਵਿਚ ਵੀ ਬਦਲਾਅ ਆਉਂਦਾ ਹੈ। ਇਹ ਤਬਦੀਲੀ ਪੀੜ੍ਹੀ ਦੀ ਤਬਦੀਲੀ ਨਾਲ ਵੀ ਆਉਂਦੀ ਹੈ ਜਦੋਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦੀ ਸੋਚ ਵਿਚ ਬਦਲਾਅ ਹੈ। ਜਦੋਂ ਮਨੁੱਖ ਪਰਵਾਸ ਵਿਚ ਜਾਂਦਾ ਹੈ ਤੇ ਉੱਥੇ ਉਸ ਨੂੰ ਆਪਣੇ ਦੇਸ਼ ਦੀ ਯਾਦ ਸਤਾਉਂਦੀ ਹੈ ਤੇ

ਇਸ ਉਦਰੇਵੇਂ ਕਾਰਨ ਉਹ ਆਪਣੀ ਧਰਤੀ ਪ੍ਰਤੀ ਹੇਰਵੇ ਦੇ ਭਾਵ ਪੈਂਦਾ ਹੁੰਦੇ ਹਨ ਇਸ ਵਿਚੋਂ ਹੀ ਭੂ-ਹੇਰਵਾ ਪੈਦਾ ਹੁੰਦਾ ਹੈ। ਪਰਵਾਸੀਆਂ ਦੇ ਬੱਚੇ ਉੱਥੋਂ ਦੇ ਜੰਮ-ਪਲ ਹੋਣ ਕਾਰਨ ਪੱਛਮੀ ਸੱਭਿਆਚਾਰ ਨਾਲ ਜਾਂਦੇ ਹਨ ਅਤੇ ਉਹ ਪੰਜਾਬੀ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਤੋਂ ਨਾ ਹੀ ਵਾਕਿਫ਼ ਹੁੰਦੇ ਹਨ ਅਤੇ ਨਾ ਹੀ ਉਨ੍ਹਾਂ ਪ੍ਰਤੀ ਕੋਈ ਬਹੁਤਾ ਲਗਾਉ ਰੱਖਦੇ ਹਨ। ਉੱਥੇ ਰਹਿੰਦੇ ਬਜ਼ੁਰਗ ਇਸ ਬਦਲਾਅ ਨੂੰ ਸਹਿਣ ਨਹੀਂ ਕਰ ਪਾਉਂਦੇ ਜਿਸ ਨਾਲ ਰਿਸ਼ਤਿਆਂ ਵਿਚ ਤਣਾਅ ਪੈਦਾ ਹੋ ਜਾਂਦਾ ਹੈ। ਕਈ ਵਾਰ ਬੱਚੇ ਘਰ ਦੇ ਇਸ ਮਾਹੌਲ ਤੋਂ ਦੁਖੀ ਹੋ ਕੇ  ਗਲਤ ਰਾਹ ਅਪਣਾ ਲੈਂਦੇ ਹਨ। ਪਰਵਾਸੀ ਜੀਵਨ ਵਿਚ ਬਜ਼ੁਰਗਾਂ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ ਅਤੇ ਉਨ੍ਹਾਂ ਨੂੰ ਘਰ ਵਿਚ ਵੀ ਯੋਗ ਆਦਰ ਨਹੀਂ ਮਿਲਦਾ। ਜਰਨੈਲ ਸਿੰਘ ਨੇ ਇਨ੍ਹਾਂ ਸਾਰੇ ਸਮਾਜਕ ਸਰੋਕਾਰਾਂ ਨੂੰ ਆਪਣੇ ਨਾਵਲਾਂ ਦਾ ਵਸਤੂ ਬਣਾਇਆ ਹੈ।

ਬਹੁਤਾ ਪਰਵਾਸ ਆਰਥਕਤਾ ਨੂੰ ਪੱਕੇ ਪੈਰੀਂ ਕਰਨ ਲਈ ਹੀ ਧਾਰਿਆ ਜਾਂਦਾ ਹੈ ਤੇ ਜਿਸ ਕਾਰਨ ਪਰਵਾਸੀ ਜ਼ਿਆਦਾ ਤੋਂ ਜ਼ਿਆਦਾ ਪੈਸਾ ਕਮਾਉਣ ਦੇ ਲਾਲਚ ਵਿਚ ਆਪਣੀ ਜ਼ਿੰਦਗੀ ਅਤੇ ਅਪਣੇ ਰਿਸ਼ਤਿਆਂ ਨੂੰ ਵੀ ਚੰਗੀ ਤਰ੍ਹਾਂ ਨਹੀਂ ਹੰਢਾਉਂਦਾ। ਹਰ ਥਾਂ ਪੈਸੇ ਦੀ ਪ੍ਰਧਾਨਤਾ ਰਿਸ਼ਤਿਆਂ ਵਿਚ ਤਣਾਅ ਪੈਦਾ ਹੋ ਜਾਂਦਾ ਹੈ। ਪਰਵਾਸੀਆਂ ਨਾਲ ਕੰਮ ਅਤੇ ਤਨਖਾਹਾਂ ਦੇਣ ਸਮੇਂ ਵੀ ਵਿਤਕਰਾ ਕੀਤਾ ਜਾਂਦਾ ਹੈ ਜਿਸ ਨੂੰ ਉਹ ਆਪਣੀਆਂ ਆਰਥਕ ਮਜ਼ਬੂਰੀਆਂ ਕਾਰਨ ਸਹਿਣ ਕਰਦਾ ਹੈ। ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਝੁਲੀ ਅੱਤਵਾਦ ਦੀ ਹਨੇਰੀ ਦੌਰਾਨ ਮੁੰਡਿਆਂ ਨਾਲ ਹੋਏ ਗੈਰਮਨੁੱਖੀ ਵਰਤਾਰੇ ਕਾਰਨ ਵੀ ਬਹੁਤ ਸਾਰਾ ਕਾਨੂੰਨੀ ਅਤੇ ਗ਼ੈਰਕਾਨੂੰਨੀ ਪਰਵਾਸ ਹੋਇਆ ਜਿਸਨੇ ਪੰਜਾਬੀਆਂ ਦੇ ਪਰਵਾਸ ਵਿਚ ਕੁਝ ਨਵੇਂ ਪਹਿਲੂ ਜੋੜੇ ਹਨ ਅਤੇ ਨਵੀਆਂ ਕਿਸਮ ਦੀਆਂ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ ਹੈ। ਪੰਜਾਬ ਤੋਂ ਮਜ਼ਬੂਰੀ ਵੱਸ ਜਾਂ ਪੁਲੀਸ ਦੇ ਸਤਾਏ ਹੋਣ ਕਾਰਨ ਕੀਤੇ ਜਾਣ ਵਾਲੇ ਪਰਵਾਸ ਦਾ ਫਾਇਦਾ ਏਜੰਟਾਂ ਨੇ ਵੀ ਰੱਜ ਕੇ ਚੁੱਕਿਆ। ਕੁਝ ਤਾਂ ਉਹਨਾਂ ਨੂੰ ਮਜ਼ਿੰਲ ਤੱਕ ਪਹੁੰਚਾ ਦਿੱਤਾ ਅਤੇ ਕਈਆਂ ਨੇ ਤਾਂ ਰਾਹ ਵਿਚ ਹੀ ਰੋੜ੍ਹ ਦਿੱਤਾ। ਮਨੁੱਖੀ ਸਮਗਲਿੰਗ ਇੱਕ ਹੋਰ ਮਹੱਤਵਪੂਰਨ ਅਤੇ ਗੰਭੀਰ ਵਿਸ਼ਾ ਹੈ ਜਿਸਨੂੰ ਜਰਨੈਲ ਸਿੰਘ ਨੇ ਆਪਣੇ ਨਾਵਲਾਂ ਵਿਚ ਥਾ ਦਿੱਤੀ ਹੈ।

ਇਸ ਖੋਜ ਕਾਰਜ ਵਿਚ ਜਰਨੈਲ ਸਿੰਘ ਸੇਖਾ ਦੀ ਨਾਵਲ ਕਲਾ ਦੀ ਪਰਖ ਕਰਦਿਆਂ ਨਾਵਲਾਂ ਦੇ ਕਥਾ-ਵਸਤੂ ਤੋਂ ਲੈ ਕੇ ਉਨ੍ਹਾਂ ਦੇ ਰੂਪਕ ਪੱਖ ਤੱਕ ਸਾਰੇ ਪਹਿਲੂਆਂ ਨੂੰ ਧਿਆਨ ਪੂਰਵਕ ਪਰਖਿਆ ਗਿਆ ਹੈ ਅਤੇ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਨਾਵਲ ਦੇ ਸਿਧਾਂਤਕ ਚੌਖਠੇ ਦੇ ਅਨੁਸਾਰ ਨਾਵਲਕਾਰ ਆਪਣੇ ਨਾਵਲਾਂ ਨੂੰ ਪੂਰਾ ਕਰ ਸਕਿਆ ਹੈ ਕਿ ਨਹੀਂ। ਨਾਵਲਕਾਰ ਨੇ ਸਾਰੀਆਂ ਘਟਨਾਵਾਂ ਅਤੇ ਉਨ੍ਹਾਂ ਦੀ ਪੇਸ਼ਕਾਰੀ ਬੜੇ ਹੀ ਕਲਾਮਈ ਢੰਗ ਨਾਲ ਕੀਤੀ ਹੈ ਕਿਤੇ ਵੀ ਕੋਈ ਘਟਨਾ ਜਾਂ ਸ਼ਬਦ ਫਾਲਤੂ ਮਹਿਸੂਸ ਨਹੀਂ ਹੁੰਦਾ। ਨਾਵਲਕਾਰ ਨੇ ਨਾਵਲ ਵਿਚ ਸਰਲ ਤੇ ਸਪੱਸ਼ਟ ਭਾਸ਼ਾ ਦੀ ਵਰਤੋਂ ਕੀਤੀ ਹੈ। ਹਰ ਪਾਤਰ ਦੇ ਮੂੰਹੋਂ ਉਨ੍ਹਾਂ ’ਤੇ ਢੁਕਵੀਂ ਭਾਸ਼ਾ ਬੁਲਵਾਈ ਹੈ। ਬਿਰਤਾਂਤ ਦੀ ਗੋਂਦ ਨੂੰ ਪੀਡਾ ਰੱਖਣ ਲਈ ਨਾਵਲਕਾਰ ਨੇ ਆਪਣੇ ਨਾਵਲਾਂ ਵਿਚ ਪਿਛਲਝਾਤ ਵਿਧੀ ਦੀ ਵਰਤੋਂ ਵੀ ਕੀਤੀ ਹੈ। ਨਾਵਲਕਾਰ ਨੇ ਨਾਵਲਾਂ ਵਿਚ ਪਾਤਰ-ਚਿਤਰਨ ਬਹੁਤ ਵਧੀਆ ਢੰਗ ਨਾਲ ਕੀਤਾ ਹੈ। ਨਾਵਲ ਵਿਚ ਕੋਈ ਵੀ ਪਾਤਰ ਅਜਿਹਾ ਨਹੀਂ ਜੋ ਨਾਵਲ ਦੇ ਵਿਸ਼ੇ ਦੇ ਅਨੁਕੂਲ ਨਾ ਹੋਵੇ, ਸਾਰੇ ਪਾਤਰ ਲੋੜ ਤੇ ਸਥਿਤੀ ਦੇ ਮੁਤਾਬਕ ਢੁਕਵੇਂ ਹਨ। ਜਰਨੈਲ ਸਿੰਘ ਸੇਖਾ ਨੇ ਆਪਣੇ ਨਾਵਲਾਂ ਵਿਚ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ। ਬਹੁਤ ਸਰਲ ਤਰੀਕੇ ਨਾਲ ਤੇ ਜੋ ਸ਼ਬਦ ਰੋਜ਼ਮਰਾ

ਦੀ ਜ਼ਿੰਦਗੀ ਵਿਚ ਵਰਤੇ ਜਾਂਦੇ ਅਤੇ ਓਪਰੇ ਨਹੀਂ ਜਾਪਦੇ ਉਨ੍ਹਾਂ ਨੂੰ ਹੀ ਵਰਤਿਆ ਹੈ। ਨਾਵਲ ਵਿਚ ਵਰਤੀ ਗਈ ਭਾਸ਼ਾ ਨਾਵਲ ਦੇ ਵਿਸ਼ੇ ਅਤੇ ਪਾਤਰਾਂ ਦੇ ਅਨੁਸਾਰ ਹੈ। ਨਾਵਲ ਨੂੰ ਰੌਚਿਕ ਬਣਾਈ ਰੱਖਣ ਲਈ ਚਿੱਠੀ-ਪੱਤਰ ਵਿਧੀ ਦੀ ਵੀ ਵਰਤੋਂ ਕੀਤੀ ਹੈ।

ਬਿਰਤਾਂਤ ਘਟਨਾਵਾਂ ਨੂੰ ਇੱਕ ਲੜੀ ਵਿਚ ਪਰੋਣ ਦੀ ਕਲਾ ਹੈ। ਜਰਨੈਲ ਸਿੰਘ ਦੇ ਨਾਵਲਾਂ ਵਿੱਚ ਪ੍ਰਸਤੁਤ ਪਰਵਾਸੀ ਜੀਵਨ ਬਿਰਤਾਂਤ ਦਾ ਅਧਿਐਨ ਕਰਦਿਆਂ ਇਹ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਨਾਵਲਕਾਰ ਨੇ ਸਾਰੀਆਂ ਘਟਨਾਵਾਂ ਨੂੰ ਬੜੀ ਹੀ ਸੂਝ ਨਾਲ ਤਰਤੀਬ ਦਿੱਤੀ ਹੈ ਅਤੇ ਕੋਈ ਵੀ ਘਟਨਾ ਵਾਧੂ ਨਹੀਂ ਲੱਗਦੀ। ਜਰਨੈਲ ਸਿੰਘ ਦੀ ਤੀਖਣ ਸੋਚ ਤੇ ਉਸਦੀ ਪ੍ਰਗਟਾ ਸ਼ੈਲੀ ਹੀ ਉਸ ਦੇ ਨਾਵਲਾਂ ਵਿਚ ਸੁਚੱਜੇ ਭਾਂਤ ਦਾ ਬਿਰਤਾਂਤ ਸਿਰਜਣ ਵਿਚ ਸਫਲ ਹੁੰਦੀ ਹੈ ਤੇ ਇਸ ਕਰਕੇ ਹੀ ਉਹ ਆਪਣੀ ਰਚਨਾ ਨੂੰ ਵਧੀਆ ਤੇ ਉੱਤਮ ਬਣਾਉਂਦਾ ਹੈ ਤੇ ਇਸ ਕਰਕੇ ਹੀ ਉਹ ਨਾਵਲ ਜਗਤ ਵਿਚ ਇਕ ਨਾਵਲਕਾਰ ਵੱਜੋਂ ਸਥਾਪਿਤ ਹੋ ਸਕਿਆ ਹੈ।

## ਸਿੱਟੇ:

- ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੀ ਭਾਸ਼ਾ ਸਰਲ ਤੇ ਸਪੱਸ਼ਟ ਹੈ ਅਤੇ ਉਸ ਵਿਚ ਮਲਵਈ ਭਾਸ਼ਾ ਦੀ ਵਰਤੋਂ ਬੜੀ ਹੀ ਸਚਿਆਰਤਾ ਨਾਲ ਕੀਤੀ ਗਈ ਹੈ। ਹਰ ਪਾਤਰ ਲਈ ਢੁਕਵੀਂ ਅਤੇ ਲੋੜੀਂਦੀ ਸ਼ਬਦ ਰਚਨਾ ਜਰਨੈਲ ਸਿੰਘ ਦੀ ਖਾਸੀਅਤ ਹੈ ਜਿਹੜੀ ਉਨ੍ਹਾਂ ਦੇ ਨਾਵਲਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਬਣਾਉਂਦੀ ਹੈ।
- ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਸਿਰਲੇਖ ਢੁੱਕਵੇ ਤੇ ਫੱਬਵੇ ਹਨ ਜੋ ਨਾਵਲਕਾਰ ਦੀ ਤੀਖਣ ਬੁੱਧੀ ਦੀ ਪ੍ਰੋੜਤਾ ਕਰਦੇ ਹਨ।
- ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਵਿਸ਼ੇ ਵੀ ਹਨ ਜਿਨ੍ਹਾਂ ਰਾਹੀਂ ਪਰਵਾਸੀਆਂ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਜਿਵੇਂ-ਸੱਭਿਆਚਾਰ ਤਣਾਓ, ਪੀੜ੍ਹੀ-ਪਾੜ੍ਹਾ, ਨਸਲੀ ਵਿਤਕਰਾ, ਰਿਸ਼ਤਿਆਂ ਵਿਚ ਤਣਾਓ ਆਦਿ ਦੀ ਪੇਸ਼ਕਾਰੀ ਬੜੀ ਸਹਿਜਤਾ ਨਾਲ ਹੋਈ ਹੈ ਅਤੇ ਪਰਵਾਸੀ ਜੀਵਨ ਦੀ ਯਥਾਰਥਕ ਅਤੇ ਖਾਲਸ ਤਸਵੀਰ ਪੇਸ਼ ਹੋਈ ਹੈ।
- ਜਰਨੈਲ ਸਿੰਘ ਸੇਖਾ ਦੀ ਵਾਤਾਵਰਣ ਸਿਰਜਣਾ ਅਤੇ ਸ਼ੈਲੀ ਬਹੁਤ ਦੀ ਸਲਾਹੁਣਯੋਗ ਹੈ ਕਿਉਂਕਿ ਨਾਵਲ ਪੜਦਿਆਂ ਤੁਸੀਂ ਇੰਝ ਮਹਿਸੂਸ ਕਰਦੇ ਹੋ ਜਿਵੇਂ ਕੈਨੇਡਾ ਦੀ ਧਰਤੀ ਦੀ ਸੈਰ ਕਰਦੇ ਹੋਏ ਉਥੋਂ ਦੇ ਲੋਕਾਂ ਨਾਲ ਗੱਲਾਬਾਤਾਂ ਕਰ ਰਹੇ ਹੋਵੋ।

# ਨਿੱਜੀ ਮੁਲਾਕਾਤ

ਜਰਨੈਲ ਸਿੰਘ ਸੇਖਾ ਇੱਕ ਬਹੁਵਿਧੀ ਲੇਖਕ ਹੈ ਅਤੇ ਦੇਸ਼ ਵਿਦੇਸ਼ ਵਿੱਚ ਜਾਣਿਆ ਪਛਾਣਿਆ ਨਾਂ ਹੈ। ਆਪ ਨੇ ਸਾਹਿਤਕ ਸਿਰਜਨਾ ਦਾ ਸਫ਼ਰ ਛੋਟੀ ਉਮਰ 'ਚ ਹੀ ਸ਼ੁਰੂ ਕਰ ਲਿਆ ਸੀ ਆਪ ਨੇ ਪਹਿਲਾਂ ਕਵਿਤਾ, ਕਹਾਣੀ ਫੇਰ ਨਾਵਲ ਲਿਖੇ। ਇਸ ਦੇ ਕਈ ਕਾਰਨ ਹੋ ਸਕਦੇ ਹਨ ਪਰ ਜਦੋਂ ਤੋਂ ਜਰਨੈਲ ਸਿੰਘ ਨੇ ਕੈਨੇਡਾ ਪਰਵਾਸ ਕੀਤਾ ਉਸ ਸਮੇਂ ਤੋਂ ਉਹਨੇ ਪਰਵਾਸੀਆਂ ਦੀ ਜਿੰਦਗੀ ਨੂੰ ਬਹੁਤ ਨੇੜਿਓਂ ਹੋ ਕੇ ਦੇਖਿਆ ਤੇ ਹੰਡਾਇਆ ਵੀ ਹੈ। ਇੱਥੇ ਆ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਜਿਨ੍ਹਾਂ ਸਮੱਸਿਆਵਾਂ ਨਾਲ ਦੋ ਚਾਰ ਬਹੁਤੇ ਪਰਵਾਸੀਆਂ ਨੂੰ ਹੋਣਾ ਪੈਂਦਾ ਹੈ, ਜਰਨੈਲ ਸਿੰਘ ਨੂੰ ਵੀ ਹੋਣਾ ਪਿਆ। ਜਰਨੈਲ ਸਿੰਘ ਨੇ ਪਰਵਾਸੀ ਜੀਵਨ ਨੂੰ ਜਿਉਂਦਿਆਂ ਆਪਣੇ ਅਨੁਭਵਾਂ ਨੂੰ ਚਾਰ ਨਾਵਲਾਂ ਰਾਹੀਂ ਬਿਆਨ ਕੀਤਾ ਹੈ। ਇਸ ਨਾਲ ਜਰਨੈਲ ਸਿੰਘ ਸੇਖਾ ਪਰਵਾਸੀ ਨਾਵਲ ਵਿੱਚ ਆਪਣਾ ਨਾਂ ਸਥਪਤ ਕਰ ਗਿਆ ਹੈ। ਜਰਨੈਲ ਸਿੰਘ ਸੇਖਾ ਦੀ ਪਰਪੱਕ ਸ਼ੈਲੀ ਅਤੇ ਬਿਰਤਾਂਤਕ ਅੰਦਾਜ਼ ਪਾਠਕ ਨੂੰ ਖਿੱਚ ਪਾਉਂਦਾ ਹੈ। ਦੂਜੀ ਗੱਲ ਉਹਨੇ ਪਰਵਾਸੀ ਜਿੰਦਗੀ ਦਾ ਯਥਾਰਥਕ ਬਿਆਨ ਕਰਦਿਆਂ ਪਰਵਾਸੀਆਂ ਦੇ ਪਦਾਰਥਕ ਪ੍ਰਾਪਤੀ ਲਈ ਟੁੱਟਦੇ ਜੁੜਦੇ ਪਰਿਵਾਰ, ਔਰਤਾਂ ਦੀਆਂ ਸਮੱਸਿਆਵਾਂ ਤੇ ਤੀਜੀ ਪੀੜ੍ਹੀ ਦੇ ਰਾਤੋ ਰਾਤ ਅਮੀਰ ਹੋਣ ਦੇ ਸੁਪਨਿਆਂ ਨੂੰ ਪੰਜਾਬੀ ਭਾਸ਼ਾ ਦੇ ਮੁਹਾਵਰੇ ਰਾਹੀ ਪ੍ਰਗਟਾ ਕੇ ਇੱਕ ਵਿਲੱਖਣ ਪਛਾਣ ਬਣਾਈ। ਉਹਨੇ ਬਹੁ-ਕੌਮੀ ਸਮਾਜ ਵਿੱਚ ਰਹਿੰਦੇ ਪੰਜਾਬੀਆਂ ਦੇ ਨਾਲ ਨਾਲ ਦੂਜੇ ਭਾਈਚਾਰਿਆਂ ਦੇ ਪਾਤਰਾਂ ਨੂੰ ਬਾਖ਼ੂਬੀ ਚਿੱਤਰਿਆ ਹੈ।

**?ਜਨਮ ਸਥਾਨ ਅਤੇ ਆਪਣੇ ਪਰਿਵਾਰਕ ਜੀਵਨ ਬਾਰੇ ਦੱਸੋ।**

**ਉੱਤਰ**-ਮੇਰਾ ਜਨਮ ਮੋਗਾ ਜ਼ਿਲ੍ਹਾ ਦੇ ਇਕ ਪਿੰਡ ਸੇਖਾ ਕਲਾਂ ਵਿਖੇ ਇਕ ਗ਼ਰੀਬ ਕਿਸਾਨ ਪਰਿਵਾਰ ਵਿਚ ਸਰਦਾਰ ਮਹਿੰਦਰ ਸਿੰਘ ਸਰਾ ਤੇ ਮਾਤਾ ਪ੍ਰਤਾਪ ਕੌਰ ਦੇ ਘਰ 6 ਜਨਵਰੀ 1936 ਨੂੰ ਹੋਇਆ ਪਰ ਸਰਟੀਫਿਕੇਟ ਉਪਰ 01 ਅਗਸਤ 1934 ਲਿਖਿਆ ਹੋਇਆ ਹੈ। ਮੇਰਾ ਪਰਿਵਾਰ ਇਕ ਗਰੀਬ ਕਿਰਤੀ ਪਰਿਵਾਰ ਸੀ, ਚੌਥੀ ਜਮਾਤ ਤੱਕ ਦੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਅਗਾਂਹ ਪੜ੍ਹਨਾ ਸਾਇਦ ਸੰਭਵ ਨਾ ਹੁੰਦਾ ਜੇ ਬਚਪਨ ਵਿਚ ਹੀ ਪੜ੍ਹਨ ਦੀ ਭਰਪੂਰ ਰੀਝ ਨਾ ਹੁੰਦੀ। ਮੇਰਾ ਵਿਆਹ ਸੰਨ 1957 ਵਿਚ ਹੋਇਆ ਸੀ। ਮੇਰੀ ਪਤਨੀ ਦਾ ਨਾਮ ਕੁਲਦੀਪ ਕੌਰ ਹੈ। ਭਾਵੇਂ ਉਹ ਅਨਪੜ੍ਹ ਹੈ ਪਰ ਉਸ ਨੇ ਸਦਾ ਹੀ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਮੇਰਾ ਸਾਥ ਦਿੱਤਾ ਹੈ। ਸਾਡੇ ਤਿੰਨ ਬੱਚੇ ਹਨ। ਵੱਡੀ ਲੜਕੀ ਨਵਜੋਤ ਕੌਰ ਇੰਗਲੈਂਡ ਦੇ ਸ਼ਹਿਰ ਲੈਸਟਰ ਵਿਚ ਵਿਆਹੀ ਹੋਈ ਹੈ। ਉਹਨਾਂ ਦਾ ਆਪਣਾ ਗਾਰਮਿੰਟ ਦਾ ਚੰਗਾ ਕਾਰੋਬਾਰ ਹੈ। ਉਸ ਦੀ ਲੜਕੀ ਦੇ ਵੀ ਅਗਾਂਹ ਦੋ ਬੱਚੇ ਹਨ। ਉਸ ਤੋਂ ਛੋਟਾ ਨਵਨੀਤ ਸਿੰਘ ਪੰਜਾਬ ਸਿਹਤ ਵਿਭਾਗ ਵਿਚ ਸੀਨੀਅਰ ਆਰਟਿਸਟ ਹੈ ਅਤੇ ਉਸ ਦੀ ਪਤਨੀ ਹਰਦੀਪ ਕੌਰ ਮੋਗਾ ਜ਼ਿਲੇ ਦੇ ਪਿੰਡ ਮਹਿਰੋਂ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਲੈਕਚਰਾਰ ਹੈ। ਉਹਨਾਂ ਦੇ ਵੀ ਦੋ ਬੱਚੇ ਹਨ। ਮੁੰਡਾ ਨਵਦੀਪ ਸਿੰਘ ਸਰਾ ਵੈਟਰਨਰੀ ਡਾਕਟਰ ਹੈ ਅਤੇ ਕੁੜੀ ਸਮੀਤਪਾਲ ਕੌਰ ਚੰਡੀਗੜ੍ਹ ਫਾਈਨ ਆਰਟ ਦੀ ਡਿਗਰੀ ਕਰ ਰਹੀ ਹੈ। ਛੋਟਾ ਨਵਰੀਤ ਸਿੰਘ ਕੈਨੇਡਾ ਵਿਚ ਹੈ ਜਿਸ ਕੋਲ ਅਸੀਂ ਰਹਿ ਰਹੇ ਹਾਂ। ਉਸ ਦੇ ਵੀ ਦੋ ਬੱਚੇ ਹਨ। ਕੁੜੀ ਪ੍ਰਭਜੋਤ ਕੌਰ ਯੂਨੀਵਰਸਿਟੀ ਵਿਚ ਪੜ੍ਹਦੀ ਹੈ ਅਤੇ ਮੁੰਡਾ ਉਪਿੰਦਰ ਸਿੰਘ ਗਿਆਰਵੇਂ ਗ੍ਰੇਡ ਵਿਚ ਹੋਇਆ ਹੈ।

**?ਆਪਣੀ ਮੁੱਢਲੀ ਵਿੱਦਿਆ ਤੇ ਉੱਚ ਵਿੱਦਿਆ ਤੇ ਉਸ ਤੋਂ ਬਾਅਦ ਦੇ ਕੰਮਾਂ ਕਾਰਾਂ ਬਾਰੇ ?**

**ਉੱਤਰ**-ਗੁਰਦਵਾਰੇ ਵਿੱਚੋਂ ਧਰਤੀ ਉੱਪਰ ੳ, ਅ ਲਿਖਦਿਆਂ ਪੰਜਾਬੀ ਸਿੱਖੀ। ਪੰਜ ਜਮਾਤਾਂ ਪਿੰਡ ਦੇ ਸਕੂਲ ਵਿੱਚੋਂ ਪਾਸ ਕਰਕੇ ਰੋਡਿਆਂ ਵਾਲੇ ਸਕੂਲ (ਜੀ.ਐਨ.ਡੀ. ਮਾਲਵਾ ਖਾਲਸਾ ਹਾਈ ਸਕੂਲ ਗੁਰੂ ਤੇਗ ਬਹਾਦਰ ਗੜ੍ਹ, ਰੋਡੇ, ਤਹਿਸੀਲ ਮੋਗਾ) ਵਿਚ ਮੁੜ ਪੰਜਵੀਂ ਵਿੱਚ ਹੀ ਦਾਖਲ ਹੋਣਾ ਪਿਆ ਕਿਉਂਕਿ ਮੈਂ ਪੰਜਵੀਂ ਅੰਗ੍ਰੇਜ਼ੀ ਵਿਸ਼ੇ ਨਾਲ ਪਾਸ ਨਹੀਂ ਸੀ ਕੀਤੀ। ਇਸ ਸਕੂਲ ਵਿੱਚੋਂ ਦਸਵੀਂ ਪਾਸ ਕਰਨ ਮਗਰੋਂ ਮਿਸ਼ਨ ਸਕੂਲ ਮੋਗਾ ਵਿੱਚੋਂ ਜੇ.ਬੀ.ਟੀ. ਕਰਕੇ ਜੂਨ 1955 ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਅਬੋਹਰ ਦੀ ਇੱਕ ਬਸਤੀ 'ਅਜ਼ੀਮ ਗੜ੍ਹ' ਪੜ੍ਹਾਉਣ ਜਾ ਲੱਗਾ। ਸੰਨ 56 ਵਿਚ 'ਗਿਆਨੀ' ਪਾਸ ਕਰ ਲਈ ਤੇ ਸੰਨ 57 ਵਿੱਚ ਇਕੱਲੀ ਅੰਗ੍ਰੇਜ਼ੀ ਦਾ ਇਮਤਿਹਾਨ ਦਿੱਤਾ ਪਰ ਫੇਲ੍ਹ ਹੋ ਗਿਆ ਤੇ ਕਈ ਕਾਰਨਾਂ ਕਰਕੇ ਪੜ੍ਹਾਈ ਵਿੱਚੇ ਛੱਡਣੀ ਪਈ। ਦਸ ਸਾਲ ਮਗਰੋਂ ਫਿਰ ਕਿਤਾਬਾਂ ਚੁੱਕ ਲਈਆਂ ਤੇ ਸੰਨ 74 ਵਿੱਚ ਐਮ.ਏ. (ਪੰਜਾਬੀ) ਕਰਨ ਮਗਰੋਂ ਸਲੇਬਸ ਦੀਆਂ ਕਿਤਾਬਾਂ ਨੂੰ ਅਲਵਿਦਾ ਕਹਿ ਦਿੱਤੀ। ਦਸਵੀਂ ਤੋਂ ਬਾਅਦ ਸਾਰੀ ਪੜ੍ਹਾਈ ਪ੍ਰਾਈਵੇਟ ਕੀਤੀ। ਪ੍ਰਾਇਮਰੀ ਸਕੂਲ ਤੋਂ ਸ਼ੁਰੂ ਕਰਕੇ ਮਿਡਲ, ਹਾਈ, ਹਾਇਰ ਸੈਕੰਡਰੀ ਤੇ ਸੀਨੀਅਰ ਸੈਕੰਡਰੀ ਸਕੂਲ ਤੱਕ ਪੜ੍ਹਾਇਆ ਅਤੇ 31 ਜੁਲਾਈ 1992 ਨੂੰ ਭਾਸ਼ਾ ਅਧਿਆਪਕ ਦੇ ਤੌਰ 'ਤੇ ਸੇਵਾ ਮੁਕਤ ਹੋਇਆ। ਪੜ੍ਹਾਉਂਦੇ ਸਮੇਂ ਟੀਚਰਜ਼ ਯੂਨੀਅਨ ਵਿਚ ਵੀ ਸਰਗਰਮ ਹਿੱਸਾ ਲੈਂਦਾ ਰਿਹਾ ਹਾਂ ਅਤੇ ਸਕੂਲ ਭਲਾਈ ਦੇ ਕੰਮਾਂ ਵਿੱਚ ਵੀ ਯਥਾਯੋਗ ਹਿੱਸਾ ਪਾਉਂਦਾ ਰਿਹਾ। ਜਿਸ ਸਕੂਲ ਵਿੱਚ ਵੀ ਪੜ੍ਹਾਇਆ, ਉੱਥੇ ਦੀਆਂ ਇਮਾਰਤਾਂ ਬਣਵਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ।

**?ਤੁਸੀਂ ਨਾਵਲ ਲਿਖਣ ਤੋਂ ਪਹਿਲਾਂ ਜਾਂ ਹੁਣ ਤਾਈਂ ਕਿਹੜੇ ਕਿਹੜੇ ਲੇਖਕਾਂ ਨੂੰ ਪੜ੍ਹਿਆ ਹੈ ਜਾਂ ਕਿਹੜੇ ਕਿਹੜੇ ਲੇਖਕਾਂ ਦਾ ਪ੍ਰਭਾਵ ਕਬੂਲ ਕੀਤਾ?**

**ਉੱਤਰ**-ਪੜ੍ਹਨਾ ਮੇਰਾ ਸ਼ੋਕ ਤੇ ਲੋੜ ਹੈ। ਸਾਧਾਰਨ ਜਿਹੇ ਪਿੰਡ ਦਾ ਵਸਨੀਕ ਹਾਂ। ਜਸਵੰਤ ਸਿੰਘ ਕੰਵਲ ਤੇ ਨਾਨਕ ਸਿੰਘ ਤੋਂ ਸ਼ੁਰੂ ਕਰਕੇ ਪੰਜਾਬੀ ਦਾ ਤਾਂ ਸ਼ਾਇਦ ਹੀ ਕੋਈ ਲੇਖਕ ਹੋਏ ਜਿਸ ਨੂੰ ਨਾ ਪੜ੍ਹਿਆ ਹੋਵੇ। ਉਰਦੂ ਤੇ ਹਿੰਦੀ ਦਾ ਸਾਹਿਤ ਵੀ ਬਹੁਤ ਪੜ੍ਹਿਆ ਹੈ। ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਮੰਟੋ ਤੇ ਇਸਮਤ ਚੁਗਤਾਈ ਮੇਰੇ ਚਹੇਤੇ ਸਾਹਿਤਕਾਰ ਸਨ। ਅਨੁਵਾਦ ਹੋਇਆ ਬਹੁਤ ਸਾਰਾ ਰਸ਼ੀਅਨ ਸਾਹਿਤ ਪੜ੍ਹਿਆ। ਅੰਗ੍ਰੇਜ਼ੀ ਦੇ ਅਨੁਵਾਦ ਹੋਏ ਬਹੁਤ ਸਾਰੇ ਨਾਵਲ ਪਹਿਲੀਆਂ ਵਿੱਚ ਪੜ੍ਹੇ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਮੈਂ ਆਪਣੀ ਸਾਰੀ ਪੜ੍ਹਾਈ ਪ੍ਰਾਈਵੇਟਲੀ ਕੀਤੀ ਹੈ। ਸੰਨ 72 ਵਿੱਚ ਬੀ.ਏ. ਦੀ ਪ੍ਰੀਖਿਆ ਪਾਸ ਕੀਤੀ ਸੀ। ਸਲੇਬਸ ਵਿਚ ਲੱਗੇ ਹੋਏ ਮੂਲ ਅੰਗ੍ਰੇਜ਼ੀ ਵਿੱਚ ਲਿਖੇ ਨਾਵਲ ਪੜ੍ਹਨ ਕਾਰਨ ਅੰਗ੍ਰੇਜ਼ੀ ਨਾਵਲ ਪੜ੍ਹਨ ਦਾ ਭੁਸ ਪੈ ਗਿਆ। ਚੰਗੇ ਮਾੜੇ ਬਹੁਤ ਸਾਰੇ ਅੰਗ੍ਰੇਜ਼ੀ ਦੇ ਨਾਵਲ ਪੜ੍ਹੇ। ਕੈਨੇਡਾ ਆ ਕੇ ਸਮਕਾਲੀ ਲੇਖਕਾਂ ਦੇ ਅੰਗ੍ਰੇਜ਼ੀ ਨਾਵਲ ਪੜ੍ਹਨ ਦਾ ਮੌਕਾ ਮਿਲਦਾ ਰਿਹਾ ਹੈ ਤੇ ਮੈਂ ਪੜ੍ਹ ਰਿਹਾ ਹਾਂ। ਜੋ ਕੁਝ ਤੁਸੀਂ ਪੜ੍ਹਦੇ ਹੋ ਉਸ ਦਾ ਪ੍ਰਭਾਵ ਤਾਂ ਪੈਂਦਾ ਹੀ ਹੈ। ਜਸਵੰਤ ਸਿੰਘ ਕੰਵਲ ਤੋਂ ਲਿਖਣ ਦੀ ਪ੍ਰੇਰਨਾ ਮਿਲੀ ਹੈ, ਪ੍ਰਭਾਵ ਵੀ ਕਬੂਲਿਆ ਹੈ ਪਰ ਜਦੋਂ ਮੈਂ ਲਿਖਦਾ ਹਾਂ ਤਾਂ ਪ੍ਰਭਾਵ ਰਹਿਤ ਹੁੰਦਾ ਹਾਂ ਅਤੇ ਨਿਰੋਲ ਮੇਰੀ ਆਪਣੀ ਸ਼ੈਲੀ ਤੇ ਸੋਚ ਹੁੰਦੀ ਹੈ।

**? ਆਪਣੇ ਕਿਸੇ ਨਾਵਲ ਬਾਰੇ ਟਿੱਪਣੀ, ਜਿਹੜਾ ਤੁਹਾਨੂੰ ਹੋਰ ਨਾਵਲਾਂ ਤੋ ਵਧੀਆਂ ਲੱਗਦਾ ਹੋਵੇ।**

**ਉੱਤਰ-**ਜਿਵੇਂ ਬੱਚਿਆਂ ਵਿਚ ਸਾਰੇ ਬੱਚੇ ਹੀ ਚੰਗੇ ਲੱਗਦੇ ਹਨ। ਇਸ ਲਈ ਮੈਨੂੰ ਆਪਣੇ ਸਾਰੇ ਹੀ ਨਾਵਲ ਇਕੋ ਜਿਹੇ ਹੀ ਲੱਗਦੇ ਹਨ। ਕੋਈ ਵੀ ਨਾਵਲ ਇਸ ਤਰ੍ਹਾਂ ਨਹੀਂ ਜੋ ਦਿਲ ਦੇ ਨੇੜੇ ਨਾ ਹੋਵੇ।

**? ਤੁਸੀਂ ਆਪਣੇ ਨਾਵਲਾਂ ਵਿਚ ਮਾਲਵੇ ਖੇਤਰ ਦੀ ਪੇਸ਼ਕਾਰੀ ਕੀਤੀ ਹੈ ਕਿਉਂ?**

**ਉੱਤਰ-**ਆਪਣੇ ਨਾਵਲਾਂ ਵਿਚ ਕੋਸ਼ਿਸ਼ ਕੀਤੀ ਹੈ ਕਿ ਕੇਂਦਰੀ ਭਾਸ਼ਾ ਵਰਤੀ ਜਾਵੇ, ਪਰ ਇਲਾਕੇ ਦਾ ਪ੍ਰਭਾਵ ਲੇਖਕ ਤੇ ਦਿਖਾਈ ਦਿੰਦਾ ਹੀ ਹੈ। ਇਸੇ ਤਰ੍ਹਾਂ ਮੇਰੇ ਤੇ ਵੀ ਮਲਵਈ ਸ਼ਬਦ ਭਾਰੂ ਹਨ। ਤੁਸੀਂ ਗੁਰਦਿਆਲ ਸਿੰਘ ਤੇ ਦੇਖ ਲਵੋ ਮਲਵਈ ਸ਼ਬਦ ਬਹੁਤ ਭਾਰੂ ਹਨ , ਜਸਵੰਤ ਕੰਵਲ ਤੇ ਉਸ ਤੋਂ ਘੱਟ ਤੇ ਅਣਖੀ ਤੇ ਵੀ ਮਲਵਈ ਭਾਸ਼ਾ ਦਾ ਪ੍ਰਭਾਵ ਹੈ।

**? ਅਰਥਕਤਾ ਮਨੁੱਖੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲਾ ਮੁੱਖ ਮਸਲਾ ਹੈ। ਇਸ ਬਾਰੇ ਤੁਹਾਡਾ ਕੀ ਖਿਆਲ ਹੈ ?**

**ਉੱਤਰ-**ਆਰਥਕਤਾ ਦੇ ਕਰਕੇ ਹੀ ਮਨੁੱਖ ਪਰਵਾਸ ਧਾਰਨ ਕਰਨ ਲਈ ਮਜ਼ਬੂਰ ਹੁੰਦਾ ਹੈ ਉਹ ਆਪਣੇ ਭਵਿੱਖ ਨੂੰ ਵਧੀਆ ਬਣਾਉਣ ਲਈ ਚੰਗੇ ਕੰਮ ਦੀ ਭਾਲ ਕਰਦਾ ਹੈ। ਇਹ ਕੁਦਰਤੀ ਵਰਤਾਰਾ ਹੈ ਮਨੁੱਖ ਨੂੰ ਰੋਟੀ-ਰੋਜ਼ੀ ਦੀ ਤਾਲਾਸ਼ ਵਿਚ ਇਕ ਥਾਂ ਤੋਂ ਦੂਜੀ ਥਾਂ ਤੇ ਭਟਕਣਾ ਪੈਂਦਾ ਹੈ। ਦੁਨੀਆ ਕੈਸੀ ਹੋਈ ਵਿਚ ਜੋ ਖੇਤ ਮਜ਼ਦੂਰਾਂ ਦਾ ਵਰਣਨ ਹੈ ਉਹ ਇੱਥੇ ਚੰਗਾ ਖਾਦੇ ਪੀਂਦੇ ਹਨ ਪਰ ਉਨ੍ਹਾਂ ਨੇ ਵੀ ਪਰਵਾਸ ਆਪਣੀ ਆਰਥਕਤਾ ਨੂੰ ਸੁਧਾਰਨ ਲਈ ਹੀ ਕੀਤਾ ਹੈ ਇਸੇ ਤਰ੍ਹਾਂ ਭਗੌੜਾ ਵਿਚ ਵੀ ਦੇਖਿਆ ਜਾ ਸਕਦਾ ਹੈ।

**? ਤੁਸੀਂ ਸਾਹਿਤ ਨਾਲ ਤਾਂ ਸਕੂਲ ਸਮੇਂ ਤੋਂ ਹੀ ਜੁੜੇ ਰਹੇ ਹੋ ਪਰ ਹੁਣ ਤੱਕ ਕਿਹੜੀਆਂ ਕਿਹੜੀਆਂ ਸੰਸਥਾਵਾਂ ਨਾਲ ਜੁੜੇ ਰਹੇ ਹੋ?**

**ਉੱਤਰ-**ਸ. ਜਸਵੰਤ ਸਿੰਘ ਕੰਵਲ ਨਾਲ ਮੇਲ ਹੋਣ ਤੋਂ ਪਹਿਲਾਂ ਮੇਰੀ ਚੰਦਰ ਕਾਂਤਾ ਜਿਹੇ ਰੁਮਾਨੀ ਤੇ ਜਾਸੂਸੀ ਨਾਵਲ ਪੜ੍ਹਨ ਵੱਲ ਹੀ ਰੁਚੀ ਰਹੀ ਸੀ। ਉਹਨਾਂ ਦੀ ਸੰਗਤ ਵਿੱਚ ਰਹਿ ਕੇ ਹੀ ਮੈਂ ਜਾਣਿਆ ਕਿ ਸਹੀ ਸਾਹਿਤ ਕੀ ਹੁੰਦਾ ਹੈ। ਸੰਨ 54 ਵਿੱਚ ਅਸੀਂ ਪੰਜ ਜਾਣਿਆਂ ਮਿਲ ਕੇ ਲਿਖਾਰੀ ਸਭਾ ਮੋਗਾ ਬਣਾਈ। ਜਿਸ ਦੇ ਪ੍ਰਧਾਨ ਕੰਵਲ ਸਾਹਿਬ ਅਤੇ ਮੈਨੂੰ ਖਜ਼ਾਨਚੀ ਦੀ ਡਿਉਟੀ ਸੰਭਾਲੀ ਗਈ। ਦੂਸਰੇ ਤਿੰਨ ਸਨ, ਪ੍ਰੀਤਮ ਬਰਾੜ ਪੱਤੋ, ਆਤਮਾ ਸਿੰਘ ਵਹਿਮੀ ਅਤੇ ਫੂਲਾ ਸਿੰਘ ਦੀਵਾਨਾ। ਪੰਜਾਂ ਕੋਲ ਹੀ ਵੱਖ ਵੱਖ ਅਹੁਦੇ ਸਨ। ਲਿਖਾਰੀ ਸਭਾ ਵਿਚ ਰਹਿ ਕੇ ਮੈਂ ਬੜਾ ਕੁਝ ਸਿਖਿਆ ਅਤੇ ਬੜਾ ਕੁਝ ਪੜ੍ਹਿਆ। ਮੋਗਾ ਤੋਂ ਦੂਰ ਅਬੋਹਰ ਵੱਲ ਜਾ ਕੇ ਸਾਹਿਤ ਸਭਾ ਮਲੋਟ, ਸਾਹਿਤ ਸਭਾ ਮੁਕਤਸਰ, ਸਾਹਿਤ ਸਭਾ ਕੋਟ ਕਪੂਰਾ, ਲਿਖਾਰੀ ਸਭਾ ਬਰਨਾਲਾ, ਸਾਹਿਤ ਸਭਾ ਜਗਰਾਉਂ ਅਤੇ ਸਾਹਿਤ ਸਭਾ ਬਾਘਾ ਪੁਰਾਣਾ ਨਾਲ ਜੁੜ ਗਿਆ। ਕੇਂਦਰੀ ਲੇਖਕ ਸਭਾ (ਰਜਿ.) ਦੇ ਮੁੱਢਲੇ ਦਸ ਜੀਵਨ ਮੈਂਬਰਾਂ ਵਿਚੋਂ ਹਾਂ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦਾ ਜੀਵਨ ਮੈਂਬਰ ਹਾਂ। ਕੈਨੇਡਾ ਆ ਕੇ ਪੰਜਾਬੀ ਲੇਖਕ ਮੰਚ ਵੈਨਕੂਵਰ ਦਾ ਸਰਗਰਮ ਮੈਂਬਰ ਬਣ ਗਿਆ ਸੀ ਅਤੇ ਤਿੰਨ ਵਾਰ ਇਸ ਮੰਚ ਦਾ ਕੁਆਰਡੀਨੇਟਰ ਵੀ ਰਿਹਾ ਹਾਂ। ਬੀ.ਸੀ. ਕਲਚਰਲ ਫਾਉਂਡੇਸ਼ਨ ਵੈਨਕੂਵਰ ਦੀ ਅਗਜ਼ੈਕਟਿਵ ਕਮੇਟੀ ਦਾ ਮੈਂਬਰ ਹਾਂ।

**? 'ਭਗੌੜਾ' ਦਾ ਮੁੱਖ ਪਾਤਰ, ਸੁਖਬੀਰ ਉਧਰਲੇ ਪੰਜਾਬ ਵਿਚ ਵਸਦੀ ਪ੍ਰੇਮਿਕਾ, ਸੁਰੇਖਾ ਕੋਲੋਂ ਤਾਂ ਭੱਜ ਕੇ ਆਉਂਦਾ ਹੈ, ਡਰੈਸਲਰ ਤੋਂ ਵੀ ਭਗੌੜਾ ਹੋ ਜਾਂਦਾ ਹੈ। ਕੀ ਤੁਹਾਡਾ ਇਹ ਸੁਝਾਅ ਨਕਾਰਾਤਮਿਕ ਤਾਂ ਨਹੀਂ?**

**ਉੱਤਰ**-ਸੁਝਾਅ ਨਕਾਰਾਤਮਿਕ ਨਹੀਂ ਹੈ। ਇਸ ਨਕਾਰਾਤਮਿਕਤਾ 'ਚੋਂ ਸਕਾਰਾਤਮਿਕਤਾ ਦੀ ਝਲਕ ਦੇਖੀ ਜਾ ਸਕਦੀ ਹੈ। ਸੁਖਬੀਰ ਦਾ ਸੁਰੇਖਾ ਨਾਲ ਪਿਆਰ ਹੈ ਅਤੇ ਉਸ ਦੀ ਜਾਨ ਨੂੰ ਖਤਰਾ ਹੋਣ ਕਾਰਨ ਸੁਰੇਖਾ ਉਸ ਨੂੰ ਸਾਵਧਾਨ ਕਰਦੀ ਹੋਈ ਅਸਿੱਧੇ ਰੂਪ ਵਿਚ ਬਾਹਰ ਭੇਜਣ ਲਈ ਉਸ ਦੀ ਸਹਾਇਤਾ ਕਰਦੀ ਹੈ। ਸੁਖਬੀਰ ਬਦੇਸ਼ ਵਿਚ ਸਥਾਪਤ ਹੋਣ ਲਈ ਡਰੈਸਲਰ ਨੂੰ ਪੌੜੀ ਬਣਾਉਂਦਾ ਹੈ, ਜਿਹੜੀ ਕਿ ਉਸ ਨੂੰ ਬਹੁਤ ਪਿਆਰ ਕਰਦੀ ਹੈ। ਪੂੰਜੀਵਾਦ ਦੇ ਪਸਾਰੇ ਤੇ ਮੰਡੀ ਮਾਨਸਿਕਤਾ ਨੇ ਮਨੁੱਖ ਨੂੰ ਵਿਅਕਤੀਵਾਦੀ ਬਣਾ ਦਿੱਤਾ ਹੈ। ਉਹ ਆਰਥਕ ਤੌਰ 'ਤੇ ਸਥਾਪਤ ਹੋਣ ਲਈ ਹੱਥ ਪੈਰ ਮਾਰਦਾ ਹੋਇਆ ਹਰ ਜਾਇਜ਼ ਨਜਾਇਜ਼ ਢੰਗ ਤਰੀਕਾ ਵਰਤਦਾ ਹੈ। ਉਸ ਲਈ ਰਿਸ਼ਤੇ ਨਾਤੇ ਦੁਜੈਲੇ ਹੋ ਜਾਂਦੇ ਹਨ। ਪੂੰਜੀਵਾਦੀ ਸਮਾਜ ਵਿਚ ਮਨੁੱਖ ਸਿਰਫ ਤੇ ਸਿਰਫ ਆਪਣੇ ਬਾਰੇ ਹੀ ਸੋਚਦਾ ਹੈ। ਇਹੋ ਸੁਖਬੀਰ ਦਾ ਵਰਤਾਰਾ ਹੈ। ਉਹ ਵੀ ਮੰਡੀ ਮਾਨਸਿਕਤਾ ਦਾ ਮੁਹਰਾ ਹੈ। ਉਹ ਜਾਣਦਾ ਹੈ ਕਿ ਡਰੈਸਲਰ ਹਰ ਔਕੜ ਵਿਚ ਉਹਦੀ ਮਦਦਗਾਰ ਬਣਦੀ ਰਹੀ ਹੈ ਇਸ ਲਈ ਉਹ ਉਸ ਨੂੰ ਵੀ ਨਹੀਂ ਛੱਡਣਾ ਚਾਹੁੰਦਾ ਤੇ ਸੁਰੇਖਾ ਨਾਲ ਵੀ ਸੰਪਰਕ ਬਣਾਈ ਰੱਖਣਾ ਚਾਹੁੰਦਾ ਹੈ। ਅਜੇਹੀ ਮੰਡੀ ਮਾਨਸਿਕਤਾ ਮਨੱਖ ਨੂੰ ਕਿਸੇ ਪਾਸੇ ਜੋਗਾ ਵੀ ਨਹੀਂ ਛਡਦੀ। ਇਸੇ ਕਰਕੇ ਸੁਖਬੀਰ ਸੁਰੇਖਾ ਨੂੰ ਪ੍ਰਾਪਤ ਨਹੀਂ ਕਰ ਸਕਦਾ ਤੇ ਡਰੈਸਲਰ ਵੀ ਉਸ ਨੂੰ ਛੱਡ ਕੇ ਤੁਰ ਜਾਂਦੀ ਹੈ। ਉਹ ਪਿਆਰ ਅਤੇ ਸਮਾਜ ਦਾ ਭਗੌੜਾ ਬਣ ਕੇ ਅਖੀਰ ਚੌਰਾਹੇ ਵਿਚ ਖੜ੍ਹਾ ਰਹਿ ਜਾਂਦਾ ਹੈ। ਉਸ ਨੂੰ ਇਕ ਰਾਹ ਚੁਣਨਾ ਹੀ ਪੈਣਾ ਹੈ। ਇਹ ਇੱਕ ਸੰਕੇਤ ਹੈ ਕਿ ਸੁਖਬੀਰ ਕਿਹੜਾ ਪਾਸਾ ਚੁਣਦਾ ਹੈ? ਕਿਉਂਕਿ ਕੋਈ ਵੀ ਵਿਅਕਤੀ ਚੌਰਾਹੇ ਵਿਚ ਖੜ੍ਹਾ ਨਹੀਂ ਰਹਿ ਸਕਦਾ ਉਸ ਨੂੰ ਇਕ ਰਾਹ ਚੁਣਨਾ ਹੀ ਪੈਣਾ ਹੈ ਚੰਗਾ ਜਾਂ ਬੁਰਾ।

**? ਜਦੋਂ ਨਾਵਲਕਾਰ ਆਪਣੇ ਜਨਮ ਤੋਂ ਪਹਿਲਾਂ ਦਾ ਜੀਵਨ ਚਿਤਰਦਾ ਹੈ ਤਾਂ ਉਸ ਨੂੰ ਕੁਝ ਮਨੁੱਖੀ ਸ੍ਰੋਤਾਂ, ਪੁਸਤਕਾਂ ਜਾਂ ਕਈ ਹੋਰ ਸਾਧਨਾ ਦੀ ਲੋੜ ਪੈਂਦੀ ਹੈ। ਵਿਗੋਚਾ ਵਿਚ ਤੁਸੀਂ ਅਜਿਹਾ ਕਰਨ ਸਮੇਂ ਕਿਹੜੇ ਸਾਧਨਾਂ ਦੀ ਵਰਤੋਂ ਕੀਤੀ?**

**ਉੱਤਰ**-ਵਿਗੋਚਾ ਨਾਵਲ ਮੈਂ ਸੱਤਾਂ ਸਾਲਾਂ ਵਿਚ ਪੂਰਾ ਕੀਤਾ ਹੈ। ਬਹੁਤਾ ਸਮਾਂ ਨਾਵਲ ਦੀ ਸਮੱਗਰੀ ਦੀ ਖੋਜ ਵਿਚ ਹੀ ਬਤੀਤ ਹੋਇਆ। ਮੇਰਾ ਬਹੁਤਾ ਸਮਾਂ ਲਾਇਬ੍ਰੇਰੀ ਵਿਚ ਹੀ ਬੀਤਦਾ ਸੀ। ਗ੍ਰੇਟਰ ਵੈਨਕੂਵਰ ਦੇ ਇਤਿਹਾਸ ਬਾਰੇ ਪੁਸਤਕਾਂ ਪੜ੍ਹੀਆਂ। ਪੁਰਾਣੇ ਅਖਬਾਰ ਵਿਚੋਂ ਲੋੜੀਂਦੀ ਸਮਗਰੀ ਨੂੰ ਲੱਭਿਆ। ਭਾਰਤੀਆਂ ਦੇ ਇਥੇ ਆਉਣ ਨਾਲ ਸਬੰਧਤ ਪੁਸਤਕਾਂ, ਕਾਮਾ ਗਾਟਾ ਮਾਰੂ ਬਾਰੇ ਪੁਸਤਕਾਂ, ਸਿੱਖਾਂ ਦਾ ਸੌ ਸਾਲਾ ਇਤਿਹਾਸ, ਪੰਜਾਬੀਆਂ ਦੇ ਸੰਘਰਸ਼ ਦੇ ਸੌ ਵਰ੍ਹੇ ਅਤੇ ਸਬੰਧਤ ਹੋਰ ਪੁਸਤਕਾਂ, ਜਿੱਥੋਂ ਵੀ ਮਿਲੀਆਂ, ਭਾਲ਼ ਕੇ ਪੜ੍ਹੀਆਂ। ਪੁਰਾਣੇ ਪੰਜਾਬੀ ਅਖਬਾਰਾਂ ਦੇ ਬੰਡਲਾਂ ਦੇ ਬੰਡਲ ਘੋਖੇ ਪੜਤਾਲੇ। ਸੰਨ ਸੰਤਾਲੀ ਤੋਂ ਪਹਿਲਾਂ ਆਏ ਕਈ ਪੰਜਾਬੀਆਂ ਨਾਲ ਇੰਟਰਵਿਊਆਂ ਕੀਤੀਆਂ। ਇਸ ਕੰਮ ਵਿਚ ਮੈਨੂੰ ਬਹੁਤੀ ਔਕੜ ਨਹੀਂ ਆਈ ਸਵਾਇ ਕੁਝ ਇਕ ਪੁਰਾਣੇ ਬਜ਼ੁਰਗਾਂ ਦੇ ਇੰਟਰਵਿਊ ਦੇਣੋਂ ਇਨਕਾਰ ਕਰਨ ਦੇ। ਪਰ ਡਰੱਗਜ਼ ਜਾਂ ਗੈਂਗ ਵਾਰ ਨਾਲ ਸਬੰਧਤ ਕੁਝ ਸ਼ਖਸੀਅਤਾਂ ਨਾਲ ਇੰਟਰਵਿਊਆਂ ਕਰਨ ਵਿਚ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ। ਬਹੁਤਿਆਂ ਨੇ ਤਾਂ ਸਾਡੇ ਨਾਲ ਗੱਲ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਕਈਆਂ ਨੇ ਮੈਨੂੰ ਸਰਕਾਰੀ ਸੂਹੀਆ ਸਮਝ, ਮਾਰਨ ਦੀਆਂ ਧਮਕੀਆਂ ਦਿੱਤੀਆਂ। ਉਂਜ ਮੈਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਬਾਰੇ ਕਈ ਪੁਸਤਕਾਂ

ਪੜ੍ਹ ਲਈਆਂ ਸਨ। ਇਸ ਵਿਸ਼ੇ ਨਾਲ ਸਬੰਧਤ ਕੁਝ ਨਾਵਲ ਵੀ ਪੜ੍ਹੇ ਅਤੇ ਮੂਵੀਆਂ ਵੀ ਦੇਖੀਆਂ। ਕਈਆਂ ਦੋਸਤਾਂ ਦੇ ਸਹਿਯੋਗ ਨਾਲ ਮੈਂ ਆਪਣਾ ਪ੍ਰਜੈਕਟ ਨੇਪਰੇ ਚਾੜ੍ਹ ਹੀ ਲਿਆ ਸੀ।

**?ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਜੋ ਕੁਝ ਤੁਸੀਂ ਅੱਜ ਤੱਕ ਲਿਖਿਆ ਹੈ, ਉਸ ਦਾ ਮੁੱਲ ਪੈ ਗਿਆ ਹੈ?**

**ਉੱਤਰ**–ਲੇਖਕ ਦਾ ਮੁੱਲ ਪਾਠਕ ਪਾਉਂਦੇ ਹਨ। ਪਾਠਕਾਂ ਵਲੋਂ ਮੇਰੀਆਂ ਲਿਖਤਾਂ ਨੂੰ ਬਹੁਤ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ। ਆਲੋਚਕਾਂ ਵਲੋਂ ਵੀ ਮੇਰੀਆਂ ਲਿਖਤਾਂ ਦਾ ਸਮੇਂ ਸਮੇਂ 'ਤੇ ਨੋਟਿਸ ਲਿਆ ਜਾਂਦਾ ਰਿਹਾ ਹੈ। ਮੇਰੇ ਨਾਵਲ 'ਦੁਨੀਆ ਕੈਸੀ ਹੋਈ' ਦੇ ਛਪਣ ਦੇ ਸਾਲ ਵਿਚ ਹੀ ਪੰਜਾਬ ਯੂਨੀਵਰਸਿਟੀ ਵਿਚ ਐਮ.ਫਿਲ. ਲਈ ਮਨਜ਼ੂਰ ਹੋ ਗਿਆ ਅਤੇ ਡਾ: ਰਘਬੀਰ ਸਿੰਘ ਦੀ ਗਾਈਡੈਂਸ ਵਿਚ ਇਕ ਕੁੜੀ ਨੇ ਇਸ ਉਪਰ ਐਮ. ਫਿਲ. ਕੀਤੀ। ਉਸ ਨਾਵਲ ਉਪਰ ਨਾਮਵਰ ਕਹਾਣੀਕਾਰ ਸ: ਵਰਿਆਮ ਸਿੰਘ ਸੰਧੂ ਨੇ ਜਲੰਧਰ ਆਪਣੇ ਕਾਲਜ ਵਿਚ ਇਕ ਗੋਸ਼ਟੀ ਕਰਵਾਈ ਜਿੱਥੇ ਚਾਰ ਪੇਪਰ ਪੜ੍ਹੇ ਗਏ ਤੇ ਭਖਵੀਂ ਬਹਿਸ ਹੋਈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਉਸ ਨਾਵਲ ਨੂੰ ਆਪਣੇ ਸਲੇਬਸ ਦਾ ਹਿੱਸਾ ਬਣ ਲਿਆ। ਕਈ ਅਲੋਚਕਾਂ ਵਲੋਂ ਇਹਨਾਂ ਉਪਰ ਪੇਪਰ ਵੀ ਲਿਖੇ ਗਏ ਹਨ ਤੇ ਬਹੁਤ ਸਾਰੇ ਅਲੋਚਕਾਂ ਨੇ ਆਪਣੇ ਖੋਜ ਪੱਤਰਾਂ ਵਿਚ ਮੇਰੇ ਨਾਵਲਾਂ ਦਾ ਜ਼ਿਕਰ ਕੀਤਾ ਹੈ। ਰਹੀ ਗੱਲ ਮਾਨ ਸਨਮਾਨ ਦੀ ਪਾਠਕਾਂ ਦੇ ਪਾਤਰ ਤੇ ਹੁੰਗਾਰੇ ਹੀ ਲੇਖਕ ਦਾ ਵੱਡਾ ਸਨਮਾਨ ਹੁੰਦੇ ਹਨ ਉਹ ਮੈਨੂੰ ਮਿਲਦੇ ਰਹਿੰਦੇ ਹਨ।

ਉਂਝ ਜੀ.ਐਨ.ਡੀ. ਯੂਨੀਵਰਸਿਟੀ ਵਲੋਂ ਵੀ ਮੈਨੂੰ 2003 ਵਿਚ ਸਨਮਾਨ ਮਿਲਿਆ ਹੈ। ਇਸ ਤੋਂ ਬਿਨਾ ਨਾਵਲ ਅਕੈਡਮੀ ਲੁਧਿਆਣਾ, ਸਿਰਜਨਧਾਰਾ ਲੁਧਿਆਣਾ, ਲਿਖਾਰੀ ਸਭਾ ਮੋਗਾ ਤੇ ਸਾਹਿਤ ਸਭਾ ਬਾਘਾ ਪੁਰਾਣਾ ਆਦਿ ਵਲੋਂ ਵੀ ਸਨਮਾਨਿਤ ਕੀਤਾ ਗਿਆ ਹੈ। 2010 ਵਿਚ ਪੰਜਾਬੀ ਲਿਖਾਰੀ ਸਭਾ ਕੈਲਗਰੀ ਵਾਲੋਂ ਵੀ 'ਇਕਬਾਲ ਅਰਪਨ' ਐਵਾਰਡ ਮਿਲ ਚੁਕਿਆ ਹੈ।

**? ਨਾਵਲਕਾਰ ਵੱਜੋ ਤੁਸੀਂ ਆਪਣੇ ਆਪ ਨੂੰ ਕਿੱਥੇ ਖੜ੍ਹਾ ਮਹਿਸੂਸ ਕਰਦੇ ਹੋ?**

**ਉੱਤਰ**–ਮੈਂ ਆਪਣੇ ਆਪ ਬਾਰੇ ਕਿਵੇਂ ਕਹਿ ਸਕਦਾ ਹਾਂ ਕਿ ਮੈਂ ਕਿਥੇ ਖੜਾ ਹਾਂ ਪਰ ਜਿਹੜੇ ਆਲੋਚਕ ਹਨ ਉਹ ਮੈਨੂੰ ਮੋਹਰਲੀ ਕਤਾਰ ਵਿਚ ਗਿਣਦੇ ਹਨ। ਮੈਂ ਜੋ ਲਿਖਦਾ ਹਾਂ ਬਹੁਤ ਜ਼ਿਆਦਾ ਰਿਸਚਰ ਕਰਕੇ ਲਿਖਦਾ ਹਾਂ।

**? ਤੁਹਾਨੂੰ ਕਿਹੜੀਆਂ-ਕਿਹੜੀਆਂ ਰਚਨਾਵਾਂ ਲਈ ਸਨਮਾਨਿਤ ਕੀਤਾ ਗਿਆ ਹੈ।**

**ਉੱਤਰ**–ਜਰਨੈਲ ਸਿੰਘ ਸੇਖਾ ਨੂੰ ਹੁਣ ਤੱਕ ਅਨੇਕਾਂ ਸਨਾਮਾਨ ਮਿਲ ਚੁੱਕੇ ਹਨ ਜਿਹਨਾਂ ਦੀ ਗਿਣਤੀ ਨਹੀਂ ਹੈ ਪਰ ਫਿਰ ਵੀ ਜਿਹਨਾਂ ਸਨਮਾਨਾਂ ਦੀ ਗਿਣਤੀ ਹੈ ਉਹ 60-70 ਦੇ ਕਰੀਬ ਹੋਵੇਗੀ ਜਿਹਨਾਂ ਵਿਚੋਂ ਕੁਝ ਕੁ ਹੇਠ ਲਿਖੇ ਹਨ-

1. 2010 ਵਿਚ ਕਿਰਪਾਲ ਅਰਪਨ ਲਿਖਾਰੀ ਸਭਾ ਵੱਲੋਂ ਐਵਾਰਡ ਦਿੱਤਾ ਗਿਆ। ਇਸ ਵਿਚ ਇਕ ਪਲੇਟ, ਇੱਕ ਹਜ਼ਾਰ ਡਾਲਰ ਤੇ ਕਿਤਾਬਾਂ ਦਾ ਸੈਟ, ਇਕ ਪੇਟਿੰਗ ਜੋ ਹਰਪ੍ਰਕਾਸ਼ ਸਿੰਘ ਚਨਾਗਲ ਵੱਲੋਂ ਬਣਾਈ ਗਈ।
2. ਜਸਟਿਸ ਬਲਵੰਤ ਰਾਏ ਮੈਮੋਰੀਅਲ ਐਵਾਰਡ (ਬਾਘਾ ਪੁਰਾਣਾ) ਜਿਸ ਵਿਚ ਕੁਝ ਪੈਸੇ, ਲੋਈ ਐਵਾਰਡ ਮਿਲਿਆ।
3. ਮੈਂ ਇਸ ਨੂੰ ਸਭ ਤੋਂ ਵੱਡਾ ਐਵਾਰਡ ਸਮਝਦਾ ਹਾਂ, Writer International Work 2014, ਇਸ ਵਿਚ ਬਾਰਾਂ ਭਾਸ਼ਾਵਾਂ ਦੇ ਲੇਖਕ ਸਨ ਤੇ ਇਹ ਐਵਾਰਡ ਵੈਨਕੂਵਰ ਵਿਚ ਦਿੱਤਾ ਗਿਆ।

4. ਅਕਾਲੀ ਨਰਾਇਣ ਸਿੰਘ ਯਾਦਗਾਰੀ ਐਵਾਰਡ, ਧਰਮਕੋਟ ਸਾਹਿਤ ਸਭਾ ਵੱਲੋ। ਇਸ ਸਾਲ ਫਰਵਰੀ 2015 ਵਿਚ ਦਿੱਤਾ ਗਿਆ, ਜਿਸ ਵਿਚ ਕੁਝ ਰਾਸ਼ੀ, ਕਿਤਾਬਾਂ, 31 ਸੌ ਤੇ ਸ਼ਾਲ , ਸਰਟੀਫਿਕੇਟ, ਇਕ ਪਲੇਟ ਮਿਲੀ।
5. ਬਲਰਾਜ ਸਾਹਨੀ ਐਵਾਰਡ 2015, ਸਾਹਿਤ ਟਰੱਸਟ ਢੁੱਢੀਕੇ ਵੱਲੋ ਦਿੱਤਾ ਗਿਆ ਜਿਸ 15 ਹਜ਼ਾਰ ਰਾਸ਼ੀ ਤੇ ਲੋਈ ਮਿਲੀ।

**? ਆਪਣੇ ਪਾਠਕਾਂ ਨੂੰ ਸਾਹਿਤਕ ਲੀਹਾਂ 'ਤੇ ਅੱਗੇ ਤੋਰਨ ਲਈ ਤੁਸੀਂ ਕੀ ਸੰਦੇਸ਼ ਦੇਣਾ ਚਾਹੋਗੇ।**

**ਉੱਤਰ-**ਪਾਠਕ ਹਮੇਸ਼ਾਂ ਚੰਗਾ ਸੰਦੇਸ਼ ਹੀ ਗ੍ਰਹਿਣ ਕਰਦੇ ਹਨ ਪਰ ਜਿਹਨਾਂ ਨੇ ਪੜ੍ਹਨਾ ਨਹੀਂ ਉਨ੍ਹਾਂ ਨੂੰ ਕੀ ਸੰਦੇਸ਼ ਦੇ ਸਕਦੇ ਹਾਂ। ਪਰ ਹੁਣ ਪਾਠਕ ਵਰਗ ਸਾਹਿਤ ਵਿਚ ਬਹਤ ਰੁਚੀ ਦਿਖਾ ਰਿਹਾ ਹੈ ਖਾਸਕਰ ਲੜਕੀਆਂ ਇਸ ਵਿਚ ਕਾਫੀ ਰੁਚੀ ਦਿਖਾ ਰਹੀਆਂ ਹਨ। ਮੇਰੀਆਂ ਰਚਨਾਵਾਂ ਉੱਪਰ ਖੋਜ ਦਾ ਕੰਮ ਕਰਨ ਵਾਲਿਆਂ ਵਿਚ ਜਿਆਦਾ ਕੁੜੀਆਂ ਹੀ ਹਨ, ਸਾਹਿਤ ਵੱਲ ਜਿਆਦਾ ਉਤਸ਼ਾਹ ਹੈ ਉਹਨਾਂ ਦੀ ਰੁਚੀ ਸਾਹਿਤ ਵੱਲ ਜਿਆਦਾ ਹੈ। ਇਹ ਬਹੁਤ ਹੌਸਲੇ ਵਾਲੀ ਗੱਲ ਹੈ।

**? ਕੁਝ ਹੋਰ ਪੰਜਾਬੀ ਨਾਵਲ ਦੇ ਭਵਿੱਖ ਬਾਰੇ। ਮੇਰਾ ਮਤਲਬ ਕੋਈ ਯੋਜਨਾ, ਕੋਈ ਸੁਪਨਾ।**

**ਉੱਤਰ-**ਹੁਣ ਤਾਂ ਉਮਰ ਵੀ 80 ਦੇ ਉੱਪਰ ਹੋ ਚੁੱਕੀ ਹੈ। ਪਰ ਸੁਪਨੇ ਕਦੇ ਵੀ ਨਹੀਂ ਮਰਦੇ, ਬੇਗਾਨੇ ਅਧੂਰਾਜਿਹਾ ਹੈ ਅੱਗੇ ਹੋਰ ਹੋਣਾ ਚਾਹੀਦਾ ਹੈ, ਉਸਨੂੰ ਪੂਰਾ ਕਰਨ ਦੀ ਕਸ਼ਿਸ਼ ਕਰਾਂਗਾ। ਮੈਂ ਆਪਣੀ ਜੀਵਨੀ ਦੇ ਦੂਸਰੇ ਭਾਗ ਦੇ 7-8 ਕਾਂਡ ਲਿਖ ਲਏ ਹਨ। ਇਹਨਾਂ ਵਿਚੋ ਇਕ ਦੋ ਛਪ ਵੀ ਗਏ। ਅੱਗੇ ਹੋਰ ਲਿਖਣਾ ਹੈ, ਬਾਕੀ ਪ੍ਰਮਾਤਮਾ ਦੀ ਮਰਜ਼ੀ।

**? ਜਰਨੈਲ ਸਿੰਘ ਦੇ ਪਿੱਛੇ ਸੇਖਾ ਕਿਵੇਂ ਪਿਆ?**

**ਉੱਤਰ-**ਇਹ 56-57 ਦੀ ਗੱਲ ਹੈ। ਇਕ ਪੰਜਾਬੀ ਕਵਿਤਾ ਮੈਗਜ਼ੀਨ ਵਿਚ 'ਗੀਤ' ਕਵਿਤਾ ਛਪਦੀ ਸੀ। ਉੱਥੇ ਜਸਵੰਤ ਸਿੰਘ ਕੰਵਲ ਨਾਲ ਮੇਲ ਹੋਇਆ। ਮੈ ਆਪਣਾ ਨਾਂ 'ਜੇ.ਐਸ. ਕੰਵਲ' ਲਿਖਦਾ ਸੀ ਤੇ ਉਹਨਾਂ ਨੇ ਕਿਹਾ ਕਿ ਇਹ 'ਜਸਵੰਤ ਸਿੰਘ ਕੰਵਲ' ਵੀ ਹੋ ਸਕਦਾ ਹੈ। ਉਸ ਸਮੇਂ ਰਾਜਨੀਤਕ ਪਾਰਟੀਆਂ ਦੇ ਲੋਕ ਆਪਣੇ ਨਾਂ ਦੇ ਪਿੱਛੇ ਪਿੰਡ ਦਾ ਨਾਂ ਲਗਾਉਂਦੇ ਸਨ ਜਿਵੇਂ ਪ੍ਰਤਾਪ ਸਿੰਘ "ਕੈਰੋਂ", ਸਾਡੇ ਪਿੰਡ ਦਾ ਨਾਂ ਸੇਖਾ ਹੈ ਸੋ ਮੈਂ ਵੀ ਆਪਣੇ ਨਾਂ ਦੇ ਪਿਛੇ "ਸੇਖਾ" ਲਗਾ ਲਿਆ ਅਤੇ ਜਰਨੈਲ ਸਿੰਘ ਸੇਖਾ ਬਣ ਗਿਆ।

**? ਕੋਈ ਹੋਰ ਘਟਨਾ ਜੋ ਤੁਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦੇ ਹੋ?**

**ਉੱਤਰ-**ਜਿਵੇਂ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਮੈਂ ਆਪਣੀ ਦਸਵੀਂ ਤੋਂ ਬਾਅਦ ਦੀ ਪੜ੍ਹਾਈ ਪਰਾਈਵੇਟ ਕੀਤੀ ਹੈ। ਇਸ ਲਈ ਮੈਂ ਕੋਈ ਵੀ ਕਾਲਜ ਜਾਂ ਯੂਨੀਵਰਸਿਟੀ ਵਿਚ ਨਹੀਂ ਗਿਆ। ਇੱਕ ਵਾਰ ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਨਮਾਨ ਸਮਾਰੋਹ ਵਿਚ ਬੋਲਣ ਦਾ ਮੌਕਾ ਮਿਲਿਆ, ਇਹ 2003 ਦੀ ਗੱਲ ਹੈ, ਮੈਂ ਸਟੇਜ ਤੇ ਚੜ੍ਹ ਕੇ ਕੇਵਕ ਇੰਨਾ ਹੀ ਕਹਿ ਸਕਿਆ-"ਮੈਂ ਨਾ ਕਾਲਜ, ਨਾ ਯੂਨੀਵਰਸਿਟੀ ਗਿਆ ਪਰ ਮੈਂ ਅੱਜ ਯੂਨੀਵਰਸਿਟੀ ਦੀ ਸਟੇਜ ਤੇ ਬੋਲ ਰਿਹਾ ਹਾਂ।"

# ਪੁਸਤਕ ਸੂਚੀ


1. ਅਕਾਲ, ਅਮ੍ਰਿਤ, ਪਰਵਾਸੀ ਪੰਜਾਬੀ ਗਪਲ ਨਵੇਂ ਪਸਰ, ਅੰਮ੍ਰਿਤਸਰ: ਨਾਨਕ ਸਿੰਘ ਪੁਸਤਕਾਲਾ, 2003
2. ਸੇਖਾ, ਜਰਨੈਲ ਸਿੰਘ, ਦੁਨੀਆ ਕੈਸੀ ਹੋਈ, ਲੁਧਿਆਣਾ: ਪੰਜਾਬੀ ਭਵਨ, ਚੇਤਨਾ ਪ੍ਰਕਾਸ਼ਨ, 2008
3. ਸੇਖਾ, ਜਰਨੈਲ ਸਿੰਘ, ਬੇਗਾਨੇ, ਲੁਧਿਆਣਾ: ਪੰਜਾਬੀ ਭਵਨ, ਚੇਤਨਾ ਪ੍ਰਕਾਸ਼ਨ, 2014
4. ਸੇਖਾ, ਜਰਨੈਲ ਸਿੰਘ, ਵਿਗੋਚਾ, ਲੁਧਿਆਣਾ: ਪੰਜਾਬੀ ਭਵਨ, ਚੇਤਨਾ ਪ੍ਰਕਾਸ਼ਨ, 2009
5. ਸੇਖਾ, ਜਰਨੈਲ ਸਿੰਘ, ਭਗੌੜਾ, ਲੁਧਿਆਣਾ: ਪੰਜਾਬੀ ਭਵਨ, ਚੇਤਨਾ ਪ੍ਰਕਾਸ਼ਨ, 2008
6. ਸੇਖਾ, ਜਰਨੈਲ ਸਿੰਘ, ਚੇਤਿਆਂ ਦੀ ਚਿਲਮਨ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2013
7. ਸੰਧੂ, ਗੁਰਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਨਾਵਲ ਦਾ ਇਤਿਹਾਸ, ਦਿੱਲੀ: ਪੰਜਾਬੀ ਅਕਾਦਮੀ, 2005
8. ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਚੰਡੀਗੜ੍ਹ:ਲੋਕ ਗੀਤ ਪ੍ਰਕਾਸ਼ਨ, 2006
9. ਸੰਧੂ, ਸਤਿਨਾਮ ਸਿੰਘ, ਪੰਜਾਬੀ ਗਲਪ ਸਿਰਜਣਾ ਅਤੇ ਸਮੀਖਿਆ, ਪਟਿਆਲਾ: ਮਦਾਨ ਪਬਲਿਸ਼ਰਜ਼, ਪੰਜਾਬੀ ਯੂਨੀਵਰਸਿਟੀ, 1998
10. ਹਰਸਿਮਰਨ ਸਿੰਘ, ਬਿਰਤਾਂਤਕ ਗਲਪ-ਪ੍ਰਬੰਧ, ਅੰਮ੍ਰਿਤਸਰ: ਨਾਨਕ ਸਿੰਘ ਪੁਸਤਕਾਲਾ, 1993
11. ਕਾਂਗ, ਕੁਲਬੀਰ ਸਿੰਘ, ਪੰਜਾਬੀ ਨਾਵਲ ਤੇ ਨਾਵਲਕਾਰ, ਅੰਮ੍ਰਿਤਸਰ:ਰਵੀ ਸਾਹਿਤ ਪ੍ਰਕਾਸ਼ਨ, 2002
12. ਕੇਸਰ, ਕੇਸਰ ਸਿੰਘ (ਡਾ.), ਖੋਜ ਚਿੰਤਨ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2013
13. ਗਾਸੋ, ਓਮ ਪ੍ਰਕਾਸ਼, ਪੰਜਾਬੀ ਸੱਭਿਆਚਾਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2000
14. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਦੂਜੀ ਐਡੀਸ਼ਨ, ਪਟਿਆਲਾ: ਗਰੇਸ਼ੀਅਸ਼ ਬੁੱਕਸ ਪ੍ਰਕਾਸ਼ਨ, 2012
15. ਜਸਵਿੰਦਰ ਸਿੰਘ (ਡਾ.), ਢੀਡਸਾ, ਮਾਨ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2012
16. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, (ਪੰਜਾਬੀ ਸਾਹਿਤ ਦਾ ਇਤਿਹਾਸ), ਦਿੱਲੀ: ਪੰਜਾਬੀ ਅਕਾਦਮੀ, 2004
17. ਧਨਵੰਤ ਕੌਰ (ਡਾ.), ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ-ਸ਼ਾਸਤਰੀ ਅਧਿਐਨ, ਦਿੱਲੀ: ਆਰਸੀ ਪਬਲਿਸ਼ਰਜ਼, 1994
18. ਧਨਵੰਤ ਕੌਰ (ਡਾ.), ਗਲਪਕਾਰ ਡਾ. ਦਲੀਪ ਕੌਰ ਟਿਵਾਣਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1996
19. ਨਾਭਾ, ਭਾਈ ਕਾਨ ਸਿੰਘ, ਗੁਰੁਸ਼ਬਦ ਰਤਨਾਕਰ: ਮਹਾਨ ਕੋਸ਼, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011 ਜਿਲਦ ਤੀਜੀ

20. ਨੂਰ, ਸਤਿੰਦਰ ਸਿੰਘ, ਵਿਚਾਰਧਾਰਾ ਸਾਹਿਤ ਤੇ ਸੱਭਿਆਚਾਰ, ਲੁਧਿਆਣਾ: ਚੇਤਨਾ ਪ੍ਰਕਾਸ਼ਨ, 2001
21. ਪਿਆਰਾ ਸਿੰਘ (ਪ੍ਰੋ.), ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਜਲੰਧਰ: ਨਿਊ ਬੁੱਕ ਕੰਪਨੀ ਮਾਈ ਹੀਰਾਂ ਗੇਟ, 2013
22. ਪਿਆਰ ਸਿੰਘ (ਡਾ.), ਖੋਜ ਸਿਧਾਂਤ ਤੇ ਵਿਹਾਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011
23. ਪ੍ਰਮਿੰਦਰ ਸਿੰਘ (ਡਾ.), ਕਸੇਲ, ਕਿਰਪਾਲ ਸਿੰਘ, ਲਾਂਬਾ, ਗੋਬਿੰਦ ਸਿੰਘ (ਡਾ.), ਚੌਧਵੀ ਆਡੀਸ਼ਨ, ਪੰਜਾਬੀ ਸਾਹਿਤ ਦੀ ਉੱਤਪਤੀ ਤੇ ਵਿਕਾਸ, ਲੁਧਿਆਣਾ: ਲਾਹੌਰ ਬੁੱਕ ਸ਼ਾਪ, 2011
24. ਪੂਨੀ, ਬਲਬੀਰ ਸਿੰਘ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 2013
25. ਫੁੱਲ, ਗੁਰਦਿਆਲ ਸਿੰਘ, ਗੁਰਦਿਆਲ ਸਿੰਘ ਖੋਸਲਾ ਦੀ ਨਾਟਕ ਕਲਾ, ਲੁਧਿਆਣਾ: ਲਾਹੌਰ ਬੁੱਕ ਸ਼ਾਪ, 1998
26. ਫਰੈਂਕ, ਗੁਰਬਖਸ਼ ਸਿੰਘ, ਸਭਿਆਚਾਰ ਤੇ ਪੰਜਾਬੀ ਸੱਭਿਆਚਾਰ, ਦੂਜੀ ਆਡੀਸ਼ਨ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਊਂਡੇਸ਼ਨ, 1992
27. ਬ੍ਰਹਮਜਗਦੀਸ਼ ਸਿੰਘ (ਪ੍ਰੋ.) ਪੰਜਾਬੀ ਨਾਵਲ ਸਿਧਾਂਤ, ਇਤਿਹਾਸ ਤੇ ਪ੍ਰਵ੍ਰਿਤੀਆਂ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 2012
28. ਰੰਧਾਵਾ, ਹਰਸਿਮਰਨ ਸਿੰਘ (ਡਾ.), ਜਰਨੈਲ ਸਿੰਘ ਸੇਖਾ-ਨਾਵਲ ਸਰੋਕਾਰ ਅਤੇ ਵਿਧੀ ਵਿਧਾਨ, ਲੁਧਿਆਣਾ: ਪੰਜਾਬੀ ਭਵਨ, ਚੇਤਨਾ ਪ੍ਰਕਾਸ਼ਨ, 2013
29. ਰਾਹੀ, ਜੋਗਿੰਦਰ ਸਿੰਘ, ਮਸਲੇ ਗਲਪ ਦੇ, ਅੰਮ੍ਰਿਤਸਰ: ਨਾਨਕ ਸਿੰਘ ਪੁਸਤਕਮਾਲਾ, 2004